Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ
ਯੂ. ਐੱਸ. ਏ.

Chief Editor: **Gurjatinder Singh Randhawa**


Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।


Gurjatinder S. Randhawa
REALTOR CA DRE licence # 01490567
916-320-9444

Vol. 19, Issue- 889, 15 to 21 Jan., 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਨੇ 1 ਲੱਖ ਤੋਂ ਵੱਧ ਵੀਜ਼ੇ ਕੀਤੇ ਰੱਦ




■ 8,000 ਵਿਦਿਆਰਥੀ ਵੀ ਰੱਦ ਕੀਤੇ ਵੀਜ਼ਿਆਂ 'ਚ ਸ਼ਾਮਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ 1 ਲੱਖ ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਗਏ ਹਨ, ਜਿਸ ਨਾਲ ਇਹ ਇੱਕ ਨਵਾਂ ਰਿਕਾਰਡ ਬਣਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਆਪਣੀ ਸਖ਼ਤ ਇਮੀਗ੍ਰੇਸ਼ਨ ਨੀਤੀ ਦੀ ਪਾਲਣਾ ਕਰ ਰਿਹਾ ਹੈ। ਅਸੀਂ ਅਮਰੀਕਾ ਨੂੰ ਸੁਰੱਖਿਅਤ ਰੱਖਣ ਲਈ ਜਰਾਇਮ ਪੇਸ਼ਾ ਲੋਕਾਂ ਨੂੰ ਦੇਸ਼ ਨਿਕਾਲਾ ਦੇਣਾ ਜਾਰੀ ਰੱਖਾਂਗੇ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਰਹਿ ਕੇ ਦੂਜੇ ਦੇਸ਼ਾਂ ਦੀ ਹਮਾਇਤ ਕਰਨਾ ਵੱਡਾ ਅਪਰਾਧ ਗਿਣਿਆ ਜਾਵੇਗਾ।

ਵਿਦੇਸ਼ ਵਿਭਾਗ ਦੇ ਪ੍ਰਿੰਸੀਪਲ ਡਿਪਟੀ ਬੁਲਾਰੇ ਟੌਮੀ ਪਿਗੌਟ ਨੇ ਕਿਹਾ ਕਿ ਵਿਦੇਸ਼ ਵਿਭਾਗ ਨੇ 1,00,000 ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਹਨ, ਜਿਨ੍ਹਾਂ ਵਿਚ ਲਗਭਗ 8,000 ਵਿਦਿਆਰਥੀ ਵੀਜ਼ੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 2,500 ਵਿਸ਼ੇਸ਼ ਵੀਜ਼ੇ ਉਨ੍ਹਾਂ ਵਿਅਕਤੀਆਂ ਦੇ ਰੱਦ ਕੀਤੇ ਗਏ ਹਨ, ਜਿਨ੍ਹਾਂ ਦਾ ਅਪਰਾਧਿਕ ਕਿਰਦਾਰ ਸਾਹਮਣੇ ਆਇਆ ਹੈ।

ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਇਸ ਵਿਚ ਹਜ਼ਾਰਾਂ ਵਿਦੇਸ਼ੀ ਨਾਗਰਿਕਾਂ ਦੇ ਰੱਦ ਕੀਤੇ ਗਏ ਵੀਜ਼ੇ ਸ਼ਾਮਲ ਹਨ, ਜਿਨ੍ਹਾਂ 'ਤੇ ਲੜਾਈ-ਝਗੜਾ, ਚੋਰੀ ਅਤੇ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਣ ਵਰਗੇ ਦੋਸ਼ ਲੱਗੇ ਹਨ।

ਇੱਕ ਰਿਪੋਰਟ ਅਨੁਸਾਰ 2025 ਵਿਚ ਰੱਦ ਕੀਤੇ ਗਏ ਵੀਜ਼ਾ ਦੀ ਗਿਣਤੀ 2024 ਵਿਚ ਰੱਦ ਕੀਤੇ ਗਏ 40,000 ਵੀਜ਼ਾ ਨਾਲੋਂ ਦੁੱਗਣੀ ਤੋਂ ਵੀ ਵੱਧ ਹੈ, ਜੋ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਵੱਲੋਂ ਆਖਰੀ ਸਾਲ ਵਿਚ ਰੱਦ ਕੀਤੇ ਗਏ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 2025 ਵਿਚ ਰੱਦ ਕੀਤੇ ਗਏ ਵੀਜ਼ੇ ਜ਼ਿਆਦਾਤਰ ਕਾਰੋਬਾਰੀਆਂ ਅਤੇ ਸੈਲਾਨੀ ਯਾਤਰੀਆਂ ਦੇ ਸਨ, ਜੋ ਆਪਣੇ ਵੀਜ਼ਾ ਦੀ ਮਿਆਦ ਤੋਂ ਵੱਧ ਸਮੇਂ ਲਈ ਰਹੇ ਸਨ।

## ਅਮਰੀਕੀ ਸਿਟੀਜ਼ਨਸ਼ਿਪ ਪ੍ਰਕਿਰਿਆ ਵਿਚ ਨਵੀਆਂ ਤਬਦੀਲੀਆਂ ਕਾਰਨ ਪ੍ਰਵਾਸੀ ਹੋਏ ਪ੍ਰੇਸ਼ਾਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੇ ਪਿਛਲੇ ਦਿਨੀਂ ਅਮਰੀਕੀ ਨਾਗਰਿਕਤਾ ਦੀ ਮੰਗ ਕਰਨ ਵਾਲੇ ਨੈਚੁਰਲਾਈਜ਼ੇਸ਼ਨ ਟੈਸਟ ਨੂੰ ਸੋਧਿਆ ਸੀ। ਏਜੰਸੀ ਨੇ ਕਿਹਾ ਕਿ ਅਪਡੇਟ ਕੀਤੀ ਗਈ ਪ੍ਰੀਖਿਆ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕਾ ਵਿਚ ਭਵਿੱਖ ਦੇ ਨਾਗਰਿਕ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਨਾਲ ਹੀ ਉਨ੍ਹਾਂ ਨੂੰ ਪਤਾ ਲੱਗੇ ਕਿ ਅਮਰੀਕਾ ਦਾ ਮਤਲਬ ਕੀ ਹੈ।




ਜ਼ਿਕਰਯੋਗ ਹੈ ਕਿ ਕੁੱਝ ਸਮਾਂ ਪਹਿਲਾਂ ਪੁੱਛੇ ਜਾਣ ਵਾਲੇ ਸਵਾਲਾਂ ਦੀ ਗਿਣਤੀ ਵਧਾ ਦਿੱਤੀ ਗਈ ਸੀ। ਯਾਨੀ ਕਿ ਪਹਿਲਾਂ ਕੁੱਲ 100 ਸਵਾਲ ਹੁੰਦੇ ਸਨ ਅਤੇ ਹੁਣ 128 ਸਵਾਲ ਸਿਲੇਬਸ ਵਿਚ ਰੱਖੇ ਗਏ ਹਨ। ਅਧਿਕਾਰੀਆਂ ਵੱਲੋਂ ਬਿਨੈਕਾਰਾਂ ਨੂੰ 20 ਸਵਾਲ ਪੁੱਛੇ ਜਾਂਦੇ ਹਨ, ਜਿਸ ਵਿਚੋਂ 12 ਠੀਕ ਹੋਣੇਂ ਲਾਜ਼ਮੀ ਹਨ। ਜਦਕਿ ਪਹਿਲਾਂ 10 ਸਵਾਲ ਪੁੱਛੇ ਜਾਂਦੇ ਸਨ ਅਤੇ ਉਸ ਵਿਚੋਂ 6 ਸਵਾਲਾਂ ਦਾ ਜਵਾਬ ਦੇਣ ਵਾਲੇ ਨੂੰ ਪਾਸ ਕਰ ਦਿੱਤਾ ਜਾਂਦਾ ਸੀ। ਇਸ ਦੇ ਨਾਲ ਹੀ ਬਿਨੈਕਾਰਾਂ ਦੀ ਅੰਗਰੇਜ਼ੀ ਭਾਸ਼ਾ 'ਚ ਮੁਹਾਰਤ, ਅਮਰੀਕੀ ਇਤਿਹਾਸ ਦੇ ਗਿਆਨ, ਅਮਰੀਕਾ ਦੀ ਭੂਗੋਲਿਕ ਅਤੇ ਰਾਜਨੀਤੀ ਸਥਿਤੀ ਦਾ ਗਿਆਨ ਹੋਣਾ ਵੀ ਜ਼ਰੂਰੀ ਹੁੰਦਾ ਹੈ।

ਭਾਵੇਂ ਕਿ ਇਸ ਟੈਸਟ 'ਚ ਬਦਲਾਅ ਕੁੱਝ ਸਮਾਂ ਪਹਿਲਾਂ ਹੋਇਆ ਸੀ, ਪਰ ਇਸ ਦਾ ਅਸਰ ਹੁਣ ਦੇਖਣ ਨੂੰ ਮਿਲ ਰਿਹਾ ਹੈ। ਬਹੁਤ ਸਾਰੇ ਲੋਕ ਇਸ ਟੈਸਟ ਦੀ ਤਿਆਰੀ ਨਹੀਂ ਕਰਦੇ, ਜਿਸ ਕਰਕੇ ਉਹ ਇਸ ਨੂੰ ਪਾਸ ਕਰਨ ਵਿਚ ਅਸਮਰੱਥ ਹੋ ਜਾਂਦੇ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜਦੋਂ ਤੋਂ ਇਹ ਬਦਲਾਅ ਹੋਇਆ ਹੈ, ਅਰਜ਼ੀਕਾਰਾਂ ਦੇ ਪਿਛੋਕੜ ਬਾਰੇ ਵੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਡਾਕਟਰੀ ਛੋਟਾਂ ਲਈ ਯੋਗਤਾ ਨੂੰ ਹੋਰ ਸੀਮਤ ਕਰ ਦਿੱਤਾ ਗਿਆ ਹੈ ਅਤੇ ਨਾਲ ਦੀ ਨਾਲ ਬਿਨੈਕਾਰਾਂ ਦੇ ਨੈਤਿਕ ਚਰਿੱਤਰ ਦੀ ਵੀ ਘੋਖ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਉਨ੍ਹਾਂ ਦੇ ਆਂਢ-ਗੁਆਂਢ ਤੋਂ ਵੀ ਪੁੱਛਗਿਛ ਹੋ ਰਹੀ ਹੈ। ਇਸ ਨਵੇਂ ਬਦਲਾਅ ਕਾਰਨ ਬਹੁਤ ਸਾਰੇ ਲੋਕ ਸਿਟੀਜ਼ਨਸ਼ਿਪ ਲੈਣ ਤੋਂ ਅਸਮਰੱਥ ਹੋ ਰਹੇ ਹਨ।

## ਵਿਦੇਸ਼ ਮੰਤਰਾਲੇ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਬ੍ਰਿਟੇਨ ਤੇ ਇਜ਼ਰਾਈਲ ਜਾਣ ਦੀ ਮਨਜ਼ੂਰੀ ਦੇਣ ਤੋਂ ਇਨਕਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦੇ ਵਿਦੇਸ਼ ਮੰਤਰਾਲੇ (ਐੱਮ.ਈ.ਏ.) ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜ ਦੇ ਉਦਯੋਗ ਮੰਤਰੀ ਸੰਜੀਵ ਅਰੋੜਾ ਨੂੰ ਫਰਵਰੀ ਦੇ ਮਹੀਨੇ ਬ੍ਰਿਟੇਨ ਅਤੇ ਇਜ਼ਰਾਈਲ ਦੌਰੇ 'ਤੇ ਜਾਣ ਲਈ ਰਾਜਨੀਤਿਕ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਮੁੱਖ ਮੰਤਰੀ ਮਾਨ, ਜਿਨ੍ਹਾਂ ਕੋਲ ਡਿਪਲੋਮੈਟਿਕ ਪਾਸਪੋਰਟ ਹੈ, ਇੱਕ ਵਫ਼ਦ ਦੀ ਅਗਵਾਈ ਕਰਦੇ ਹੋਏ ਇਨ੍ਹਾਂ ਦੇਸ਼ਾਂ ਵਿਚ ਨਿਵੇਸ਼ਕਾਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਲਈ ਸੱਦਾ ਦੇਣ ਜਾਣ ਵਾਲੇ ਸਨ।




ਸੂਤਰਾਂ ਅਨੁਸਾਰ ਇਹ ਦੌਰਾ 7 ਤੋਂ 10 ਦਿਨਾਂ ਦਾ ਹੋਣਾ ਸੀ, ਜਿਸਦਾ ਉਦੇਸ਼ ਮਾਰਚ ਵਿਚ ਪੰਜਾਬ ਵਿਚ ਹੋਣ ਵਾਲੇ ਨਿਵੇਸ਼ਕ ਸੰਮੇਲਨ ਲਈ ਵਿਦੇਸ਼ੀ ਨਿਵੇਸ਼ਕਾਂ ਨੂੰ ਉਤਸ਼ਾਹਿਤ ਕਰਨਾ ਸੀ। ਇਸ 25 ਮੈਂਬਰੀ ਵਫ਼ਦ ਵਿਚ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਰਵੀ ਭਗਤ ਅਤੇ ਉਦਯੋਗ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹੋਣੇ ਸਨ। ਦੱਸ ਦੇਈਏ ਕਿ ਵਿਦੇਸ਼ ਮੰਤਰਾਲੇ ਨੇ ਇਸ ਮਨਜ਼ੂਰੀ ਨੂੰ ਰੱਦ ਕਰਨ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ। ਮੰਤਰਾਲੇ ਦੇ ਬੁਲਾਰੇ ਨੇ ਇਸ ਮੁੱਦੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਸਿਰਫ ਇੰਨਾ ਕਿਹਾ ਕਿ ਕਿਸੇ ਨੂੰ ਵਿਦੇਸ਼ ਜਾਣ ਦੀ ਇਜਾਜ਼ਤ ਦੇਣ ਜਾਂ ਨਾ ਦੇਣ ਪਿੱਛੇ ਬਹੁਤ ਸਾਰੀਆਂ ਗਣਨਾਵਾਂ ਹੁੰਦੀਆਂ ਹਨ। ਪ੍ਰੋਟੋਕੋਲ ਅਨੁਸਾਰ, ਮੰਤਰਾਲਾ ਸਬੰਧਤ ਦੇਸ਼ ਦੇ ਦੂਤਾਵਾਸ ਤੋਂ ਜਵਾਬ ਮਿਲਣ ਤੋਂ ਬਾਅਦ ਹੀ ਮਨਜ਼ੂਰੀ ਬਾਰੇ ਫੈਸਲਾ ਲੈਂਦਾ ਹੈ। ਸੂਤਰਾਂ ਨੇ ਦੱਸਿਆ ਕਿ ਅਜਿਹੇ ਦੌਰਿਆਂ ਦੀ ਰੂਪਰੇਖਾ, ਹੋਟਲ ਬੁਕਿੰਗ ਅਤੇ ਹੋਰ ਪ੍ਰਬੰਧ ਰਾਜਨੀਤਿਕ ਮਨਜ਼ੂਰੀ ਮਿਲਣ ਤੋਂ ਬਾਅਦ ਹੀ ਕੀਤੇ ਜਾਂਦੇ ਹਨ। ਕਿਉਂਕਿ ਹੁਣ ਮਨਜ਼ੂਰੀ ਨਹੀਂ ਮਿਲੀ ਹੈ, ਇਸ ਲਈ ਮੁੱਖ ਮੰਤਰੀ ਕੋਲ ਇਸ ਦੌਰੇ ਨੂੰ ਰੱਦ ਕਰਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਬਚਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਗਸਤ 2024 ਵਿਚ ਵੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੈਰਿਸ ਓਲੰਪਿਕ ਵਿਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਇਸ ਤੋਂ ਇਲਾਵਾ ਅਗਸਤ 2025 ਵਿਚ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੂੰ ਵੀ ਅਮਰੀਕਾ ਜਾਣ ਦੀ ਮਨਜ਼ੂਰੀ ਨਹੀਂ ਮਿਲੀ ਸੀ।

## ਅਮਰੀਕਾ 1 ਮਾਰਚ ਤੋਂ ਪ੍ਰੀਮੀਅਮ ਵੀਜ਼ਾ ਪ੍ਰੋਸੈਸਿੰਗ ਫੀਸ ਵਧਾਏਗਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਹੋਮਲੈਂਡ ਸਕਿਓਰਿਟੀ ਵਿਭਾਗ ਨੇ ਕਿਹਾ ਹੈ ਕਿ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ 1 ਮਾਰਚ 2026 ਤੋਂ ਪ੍ਰੀਮੀਅਮ ਵੀਜ਼ਾ ਪ੍ਰੋਸੈਸਿੰਗ ਅਰਜ਼ੀਆਂ ਲਈ ਫੀਸ ਵਧਾਉਣ ਜਾ ਰਿਹਾ ਹੈ। ਨਵੀਂ ਨੀਤੀ ਦੇ ਤਹਿਤ H-2B ਜਾਂ R-1 ਗੈਰ ਪ੍ਰਵਾਸੀ ਸਥਿਤੀ ਲਈ ਫਾਰਮ I-129 ਪਟੀਸ਼ਨਾਂ ਲਈ ਪ੍ਰੀਮੀਅਮ ਪ੍ਰੋਸੈਸਿੰਗ ਫੀਸ 1685 ਡਾਲਰ ਤੋਂ ਵੱਧ ਕੇ 1780 ਡਾਲਰ ਹੋ ਜਾਵੇਗੀ। H-1B, L-1, O, P, Q, ਅਤੇ TN ਸ਼੍ਰੇਣੀਆਂ ਸਮੇਤ ਯੋਗ ਫਾਰਮ 1-129 ਵਰਗੀਕਰਨ ਲਈ ਫੀਸ 2805 ਡਾਲਰ ਤੋਂ ਵੱਧ ਕੇ 2965 ਡਾਲਰ ਹੋ ਜਾਵੇਗੀ।




ਇਹੀ ਰੋਜ਼ਗਾਰ ਆਧਾਰਿਤ ਸ਼੍ਰੇਣੀਆਂ ਵਿਚ ਫਾਰਮ I-140 ਪ੍ਰਵਾਸੀ ਪਟੀਸ਼ਨਾਂ 'ਤੇ ਲਾਗੂ ਹੋਵੇਗਾ। ਪ੍ਰੀਮੀਅਮ ਪ੍ਰੋਸੈਸਿੰਗ ਫੀਸ ਵੀ 2805 ਡਾਲਰ ਤੋਂ ਵੱਧ ਕੇ 2965 ਡਾਲਰ ਹੋ ਜਾਵੇਗੀ। F, J ਅਤੇ M ਸ਼੍ਰੇਣੀਆਂ ਵਿਚ ਗੈਰ ਪ੍ਰਵਾਸੀ ਸਥਿਤੀ ਨੂੰ ਵਧਾਉਣ ਜਾਂ ਬਦਲਣ ਲਈ ਫਾਰਮ I-539 ਅਰਜ਼ੀਆਂ ਲਈ ਫੀਸ 1965 ਡਾਲਰ ਤੋਂ ਵੱਧ ਕੇ 2075 ਹੋ ਜਾਵੇਗੀ।

ਵਿਭਾਗ ਨੇ ਕਿਹਾ ਹੈ ਕਿ ਉੱਚ ਫੀਸਾਂ ਤੋਂ ਪੈਦਾ ਹੋਣ ਵਾਲੇ ਮਾਲੀਏ ਦੀ ਵਰਤੋਂ ਪ੍ਰੀਮੀਅਮ ਪ੍ਰੋਸੈਸਿੰਗ ਸੇਵਾਵਾਂ ਦਾ ਸਮਰਥਨ ਕਰਨ, ਨਿਰਣਾ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ, ਕੇਸ ਬੈਕਲਾਗ ਦਾ ਜਵਾਬ ਦੇਣ ਅਤੇ ਯੂ.ਐੱਸ.ਸੀ.ਆਈ.ਐੱਸ. ਫੈਸਲਾ ਅਤੇ ਨੈਚੁਰਲਾਈਜ਼ੇਸ਼ਨ ਕਾਰਜਾਂ ਨੂੰ ਫੰਡ ਦੇਣ ਲਈ ਕੀਤੀ ਜਾਵੇਗੀ।

## 328 ਲਾਪਤਾ ਸਰੂਪ ਮਾਮਲਾ: ਸ਼੍ਰੋਮਣੀ ਕਮੇਟੀ ਦੇ ਅੰਮ੍ਰਿਤਸਰ ਤੇ ਚੰਡੀਗੜ੍ਹ ਦਫਤਰ ਪੁੱਜੀ ਸਿੱਟ ਦੀ ਟੀਮ

**ਅੰਮ੍ਰਿਤਸਰ/ਚੰਡੀਗੜ੍ਹ, (ਪੰਜਾਬ ਮੇਲ)**- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਅੰਮ੍ਰਿਤਸਰ ਵਿਖੇ ਪਹੁੰਚ ਕਰਕੇ ਲੋੜੀਂਦੇ ਰਿਕਾਰਡ ਦੀ ਮੰਗ ਕੀਤੀ ਹੈ। ਵਿਸ਼ੇਸ਼ ਜਾਂਚ ਟੀਮ ਵੱਲੋਂ ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਦੇ ਸੈਕਟਰ-5 ਸਥਿਤ ਦਫਤਰ ਵਿਚ ਵੀ ਐੱਸ.ਪੀ. ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਦਸਤਕ ਦਿੱਤੀ ਗਈ ਹੈ। ਜਿੱਥੇ ਉਨ੍ਹਾਂ ਨੇ ਸਕੱਤਰ ਸੁਖਮਿੰਦਰ ਸਿੰਘ ਨਾਲ

■ ਲੋੜੀਂਦਾ ਰਿਕਾਰਡ ਮੰਗਿਆ



ਮੁਲਾਕਾਤ ਕੀਤੀ ਤੇ ਲੋੜੀਂਦਾ ਰਿਕਾਰਡ ਮੰਗਿਆ। ਇਨ੍ਹਾਂ ਨੇ ਅਰਜ਼ੀ ਦਿੱਤੀ ਕਿ ਵਿਸ਼ੇਸ਼ ਜਾਂਚ ਟੀਮ ਨੂੰ ਰਿਕਾਰਡ ਮੁਹੱਈਆ ਕਰਵਾਇਆ ਜਾਵੇ। ਸਕੱਤਰ ਨੇ ਪੁਲਿਸ ਟੀਮ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਸਬੰਧੀ ਉਚ ਅਧਿਕਾਰੀਆਂ ਨਾਲ ਰਾਬਤਾ ਬਣਾਉਣ ਤੋਂ ਬਾਅਦ ਹੀ ਦੱਸ ਸਕਦੇ ਹਨ। ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਏ.ਆਈ.ਜੀ. ਜਗਤਪ੍ਰੀਤ ਸਿੰਘ, ਮੈਂਬਰ ਹਰਪਾਲ ਸਿੰਘ ਤੇ ਹੋਰ ਅਧਿਕਾਰੀ ਸ਼੍ਰੋਮਣੀ ਕਮੇਟੀ ਦੇ ਦਫਤਰ ਪੁੱਜੇ, ਜਿੱਥੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸਮੇਤ ਹੋਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਜਾਂਚ ਅਧਿਕਾਰੀਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਰਿਕਾਰਡ ਚਾਹੀਦਾ ਹੈ, ਉਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਨੂੰ ਇੱਕ ਪੱਤਰ ਦੇ ਕੇ ਮੰਗ ਕੀਤੀ ਗਈ ਹੈ।

■ ਬਾਕੀ ਖਬਰ ਸਫਾ 15 'ਤੇ

## ਬੇਅੰਤ ਸਿੰਘ ਕਤਲ ਕਾਂਡ: ਭਾਈ ਹਵਾਰਾ ਦੀ ਜੇਲ੍ਹ ਬਦਲੀ ਸਬੰਧੀ ਸੁਣਵਾਈ ਦੋ ਹਫਤਿਆਂ ਲਈ ਟਲੀ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਦੇ ਦੋਸ਼ੀ ਭਾਈ ਜਗਤਾਰ ਸਿੰਘ ਹਵਾਰਾ ਦੀ ਉਸ ਪਟੀਸ਼ਨ 'ਤੇ ਸੁਣਵਾਈ ਦੋ ਹਫ਼ਤਿਆਂ ਲਈ ਟਾਲ ਦਿੱਤੀ ਹੈ, ਜਿਸ ਵਿਚ ਉਸ ਨੇ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਹੈ। ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਜਸਟਿਸ ਐੱਨ. ਕੋਟੀਸ਼ਵਰ ਸਿੰਘ ਦੇ ਬੈਂਚ ਨੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੀ ਗੈਰ-ਹਾਜ਼ਰੀ ਕਾਰਨ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ।


■ ਤਿਹਾੜ ਜੇਲ੍ਹ ਤੋਂ ਪੰਜਾਬ ਤਬਦੀਲ ਕਰਨ ਦੀ ਸੀ ਮੰਗ



ਪਟੀਸ਼ਨ ਵਿਚ ਦਲੀਲ ਦਿੱਤੀ ਗਈ ਹੈ ਕਿ ਭਾਈ ਹਵਾਰਾ ਦਾ ਜੇਲ੍ਹ ਵਿਚ ਆਚਰਣ ਸਾਫ਼-ਸੁਥਰਾ ਰਿਹਾ ਹੈ। ਸਿਰਫ਼ 22 ਜਨਵਰੀ 2004 ਨੂੰ ਬੁੜੈਲ ਜੇਲ੍ਹ ਤੋੜਨ ਦੇ ਮਾਮਲੇ ਨੂੰ ਛੱਡ ਕੇ ਉਸ 'ਤੇ ਕੋਈ ਹੋਰ ਦਾਗ ਨਹੀਂ ਹੈ। ਭਾਈ ਹਵਾਰਾ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦਾ ਜੰਮਪਲ ਹੈ ਅਤੇ ਦਿੱਲੀ ਵਿਚ ਉਸ ਖਿਲਾਫ਼ ਕੋਈ ਕੇਸ ਪੈਂਡਿੰਗ ਨਹੀਂ ਹੈ, ਇਸ ਲਈ ਉਸ ਨੂੰ ਪੰਜਾਬ ਭੇਜਿਆ ਜਾਵੇ। ਪਟੀਸ਼ਨਰ ਮੁਤਾਬਕ ਬੇਅੰਤ ਸਿੰਘ ਹੱਤਿਆ ਕਾਂਡ ਤੋਂ ਬਾਅਦ ਉਸ 'ਤੇ 36 ਝੂਠੇ ਕੇਸ ਪਾਏ ਗਏ ਸਨ, ਜਿਨ੍ਹਾਂ 'ਚੋਂ ਇੱਕ ਨੂੰ ਛੱਡ ਕੇ ਉਹ ਬਾਕੀ ਸਾਰਿਆਂ 'ਚੋਂ ਬਰੀ ਹੋ ਚੁੱਕਾ ਹੈ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸੇ ਕੇਸ ਦੇ ਇੱਕ ਹੋਰ ਦੋਸ਼ੀ ਨੂੰ ਤਿਹਾੜ ਤੋਂ ਚੰਡੀਗੜ੍ਹ ਦੀ ਜੇਲ੍ਹ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ।

■ ਬਾਕੀ ਖਬਰ ਸਫਾ 15 'ਤੇ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ



ਧੰਨ ਧੰਨ

# ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ

ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

6221 16th Street Rio Linda, CA 95673

ਗੁਰੂਘਰ ਦਾ ਫੋਨ : 916-992-1710

Designed by : Punjab Mail USA

# ਪਾਵਨ ਸਰੂਪ ਮਾਮਲਾ: ਅਕਾਲ ਤਖ਼ਤ ਵਲੋਂ ਸ਼੍ਰੋਮਣੀ ਕਮੇਟੀ ਨੂੰ ਜਾਂਚ 'ਚ ਸਰਕਾਰ ਨੂੰ ਸਹਿਯੋਗ ਕਰਨ ਦਾ ਹੁਕਮ

- ਪਹਿਲਾਂ ਸਹਿਯੋਗ ਨਾ ਕਰਨ ਦਾ ਕੀਤਾ ਜਾ ਰਿਹਾ ਸੀ ਪ੍ਰਚਾਰ;
- ਸ਼੍ਰੋਮਣੀ ਕਮੇਟੀ ਪ੍ਰਧਾਨ ਕੇਵਲ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਸਰਕਾਰ ਨੂੰ ਬਣਦਾ ਸਹਿਯੋਗ ਕਰਨ: ਜਥੇਦਾਰ ਗੜਗੱਜ



**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਸਰੂਪਾਂ' ਦੀ ਜਾਂਚ ਦੇ ਮਾਮਲੇ ਵਿਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਸਬੰਧ ਵਿਚ ਦਰਜ ਐੱਫ.ਆਈ.ਆਰ. ਤੋਂ ਬਾਅਦ ਸੂਬਾ ਸਰਕਾਰ ਦੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨਾਲ ਸਹਿਯੋਗ ਕਰਨ ਦੇ ਹੁਕਮ ਦਿੱਤੇ ਹਨ।

ਇਸ ਤੋਂ ਪਹਿਲਾਂ ਇਹ ਪ੍ਰਚਾਰਿਆ ਜਾ ਰਿਹਾ ਸੀ ਕਿ ਅਕਾਲ ਤਖ਼ਤ ਨੇ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਨਾਲ ਸਹਿਯੋਗ ਨਾ ਕਰਨ ਦੇ ਨਿਰਦੇਸ਼ ਦਿੱਤੇ ਹਨ।

ਜਥੇਦਾਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਵਿਚ ਸਰਕਾਰ ਦੀ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਫਿਰ ਵੀ ਵੱਡੇ ਪੰਥਕ ਹਿੱਤ ਅਤੇ ਰਾਜਨੀਤਕ ਹਿੱਤਾਂ ਕਾਰਨ ਪੈਦਾ ਕੀਤੇ ਜਾ ਰਹੇ ਭੰਬਲਭੂਸੇ ਨੂੰ ਧਿਆਨ ਵਿਚ ਰੱਖਦੇ ਹੋਏ ਸ਼੍ਰੋਮਣੀ ਕਮੇਟੀ ਨੂੰ ਸਿਰਫ਼ 'ਸਰੂਪਾਂ' ਦੀ ਦੁਰਵਰਤੋਂ ਨਾਲ ਸਬੰਧਤ ਮਾਮਲੇ ਵਿਚ ਹੀ ਐੱਸ.ਆਈ.ਟੀ. ਨਾਲ ਸਹਿਯੋਗ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੁਖੀ ਹਰਜਿੰਦਰ ਸਿੰਘ ਧਾਮੀ ਨੂੰ ਸਿਰਫ਼ 328 ਪਵਿੱਤਰ ਸਰੂਪਾਂ ਦੇ ਮੁੱਦੇ 'ਤੇ ਹੀ ਸਰਕਾਰ ਨੂੰ ਬਣਦਾ ਸਹਿਯੋਗ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪੁਲਿਸ ਨੂੰ ਸਹਿਯੋਗ ਨਾ ਦੇਣ ਦੇ ਫੈਸਲੇ ਖਿਲਾਫ ਕੁਝ ਦਿਨ ਪਹਿਲਾਂ ਮਾਨ ਦਲ ਵੱਲੋਂ ਇਥੇ ਸ਼੍ਰੋਮਣੀ ਕਮੇਟੀ ਦਫਤਰ ਦੇ ਨੇੜੇ ਰੋਸ ਵਿਖਾਵਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦਾ ਪਤਾ ਲਾਉਣ ਵਾਸਤੇ ਸ਼੍ਰੋਮਣੀ ਕਮੇਟੀ ਵਲੋਂ ਪੁਲਿਸ ਨੂੰ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਇਸ ਕਰਕੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਚੂੜੀਆਂ ਸੌਂਪਣ ਲਈ ਲਿਆਂਦੀਆਂ ਗਈਆਂ ਹਨ। ਇਸ ਦੌਰਾਨ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਦਫਤਰ ਜਾਣ ਤੋਂ ਰੋਕ ਦਿੱਤਾ ਸੀ।

ਜੇਕਰ ਸਰਕਾਰ ਨੂੰ ਜਾਂਚ ਦੇ ਮਕਸਦ ਲਈ ਸ਼੍ਰੋਮਣੀ ਕਮੇਟੀ ਤੋਂ ਕੋਈ ਜਾਣਕਾਰੀ ਦੀ ਲੋੜ ਹੈ, ਤਾਂ ਲੋੜੀਂਦੀ ਜਾਣਕਾਰੀ ਦੀ ਜਾਂਚ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਉਪ-ਦਫ਼ਤਰ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਮੌਜੂਦਗੀ ਵਿਚ ਕੀਤੀ ਜਾਵੇਗੀ।

ਜਥੇਦਾਰ ਨੇ ਕਿਹਾ ਕਿ ਰਿਕਾਰਡ ਵਿਚੋਂ ਗੁੰਮ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਅਕਾਲ ਤਖ਼ਤ ਵਲੋਂ ਤਿਲੰਗਾਨਾ ਦੇ ਵਕੀਲ ਈਸ਼ਰ ਸਿੰਘ ਦੀ ਅਗਵਾਈ ਵਿਚ ਇੱਕ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਕਿਹਾ, 'ਕਮਿਸ਼ਨ ਦੀ ਰਿਪੋਰਟ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਇਹ ਪਾਵਨ ਸਰੂਪ ਸਬੰਧਤ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸੰਗਤ ਨੂੰ ਦਿੱਤੇ ਗਏ ਸਨ ਅਤੇ ਨਿਰਧਾਰਤ ਭੇਟਾ ਨਾ ਤਾਂ ਟਰੱਸਟ ਫੰਡਾਂ ਵਿਚ ਜਮ੍ਹਾਂ ਕਰਵਾਈਆਂ ਗਈਆਂ ਸਨ ਅਤੇ ਨਾ ਹੀ ਬਿੱਲ ਜਾਰੀ ਕੀਤੇ ਗਏ ਸਨ। ਇਹ ਮਾਮਲਾ ਕੁਝ ਭ੍ਰਿਸ਼ਟ ਕਰਮਚਾਰੀਆਂ ਦੀ ਵਿੱਤੀ ਦੁਰਵਰਤੋਂ ਨਾਲ ਸਬੰਧਤ ਹੈ।'

ਈਸ਼ਰ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਨ ਕੀਤਾ ਗਿਆ ਹੈ, ਵਿਚ ਸਪੱਸ਼ਟ ਤੌਰ 'ਤੇ 16 ਜਣਿਆਂ ਦੇ ਨਾਮ ਹਨ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਵੀ ਦੋਸ਼ੀ ਠਹਿਰਾਇਆ ਗਿਆ ਹੈ। ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁਕਮਾਂ ਦੀ ਰੌਸ਼ਨੀ ਵਿਚ, ਸ਼੍ਰੋਮਣੀ ਕਮੇਟੀ ਪਹਿਲਾਂ ਹੀ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਕਰ ਚੁੱਕੀ ਹੈ।

# ਆਈ.ਪੀ.ਐੱਸ. ਹਰਚਰਨ ਸਿੰਘ ਭੁੱਲਰ ਨੇ ਹਾਈ ਕੋਰਟ 'ਚ ਦਾਇਰ ਪਟੀਸ਼ਨ ਲਈ ਵਾਪਸ



**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਵਿਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਅਧਿਕਾਰ ਖੇਤਰ ਨੂੰ ਲੈ ਕੇ ਪੰਜਾਬ ਕੈਡਰ ਦੇ ਸੀਨੀਅਰ ਆਈ.ਪੀ.ਐੱਸ. ਅਧਿਕਾਰੀ ਹਰਚਰਨ ਸਿੰਘ ਭੁੱਲਰ ਨੇ ਆਪਣੀ ਦਾਇਰ ਪਟੀਸ਼ਨ ਵਾਪਸ ਲੈ ਲਈ ਹੈ, ਜਿਸ ਨੂੰ ਸਵੀਕਾਰ ਕਰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਅਤੇ ਇਹ ਆਜ਼ਾਦੀ ਦਿੱਤੀ ਕਿ ਉਹ ਹੁਣ ਚਾਰਜਸ਼ੀਟ ਨੂੰ ਚੁਣੌਤੀ ਦਿੰਦੇ ਹੋਏ ਨਵੀਂ ਅਤੇ ਵਿਆਪਕ ਪਟੀਸ਼ਨਾਂ ਦਾਇਰ ਕਰ ਸਕਦੇ ਹਨ। ਮਾਮਲੇ ਦੀ ਸੁਣਵਾਈ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਨੀਰਜਾ ਕੁਲਵੰਤ ਕਲਸਨ ਦੀ ਬੈਂਚ ਸਾਹਮਣੇ ਹੋਈ। ਸੀ.ਬੀ.ਆਈ. ਵੱਲੋਂ ਪੇਸ਼ ਹੋਏ ਭਾਰਤ ਦੇ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਚੰਡੀਗੜ੍ਹ ਵਿਚ ਸੀ.ਬੀ.ਆਈ. ਦੇ ਅਧਿਕਾਰ ਖੇਤਰ ਨਾਲ ਜੁੜੇ ਮੁੱਦੇ ਦੀ ਡੂੰਘੀ ਜਾਂਚ ਕਰ ਲਈ ਗਈ ਹੈ ਅਤੇ ਇਸ ਸਬੰਧ ਵਿਚ ਏਜੰਸੀ ਨੇ ਆਪਣਾ ਜਵਾਬੀ ਹਲਫਨਾਮਾ ਵੀ ਤਿਆਰ ਕਰ ਲਿਆ ਹੈ, ਜਿਸ ਨੂੰ ਉਸੇ ਦਿਨ ਅਦਾਲਤ ਵਿਚ ਦਾਇਰ ਕੀਤਾ ਜਾ ਸਕਦਾ ਹੈ। ਤੁਸ਼ਾਰ ਮਹਿਤਾ ਨੇ ਸਪੱਸ਼ਟ ਕੀਤਾ ਕਿ ਅਦਾਲਤ ਦੇ ਸਾਹਮਣੇ ਮੂਲ ਪ੍ਰਸ਼ਨ ਇਹ ਹੈ ਕਿ ਕੀ ਦਿੱਲੀ ਵਿਸ਼ੇਸ਼ ਪੁਲਿਸ ਸਥਾਪਨਾ ਐਕਟ ਦੇ ਉਦੇਸ਼ ਲਈ ਚੰਡੀਗੜ੍ਹ ਨੂੰ ਪੂਰੀ ਤਰ੍ਹਾਂ ਇਕ ਕੇਂਦਰ ਸ਼ਾਸਤ ਪ੍ਰਦੇਸ਼ ਮੰਨਿਆ ਜਾਵੇਗਾ ਅਤੇ ਕੀ ਇਸੇ ਆਧਾਰ 'ਤੇ ਸੀ.ਬੀ.ਆਈ. ਨੂੰ ਵਿਆਪਕ ਅਧਿਕਾਰ ਪ੍ਰਾਪਤ ਹੁੰਦੇ ਹਨ।

ਸੁਣਵਾਈ ਦੌਰਾਨ ਭੁੱਲਰ ਵੱਲੋਂ ਪੇਸ਼ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪਿਛਲੀ ਤਾਰੀਖ਼ ਤੋਂ ਬਾਅਦ ਸਥਿਤੀਆਂ ਵਿਚ ਮਹੱਤਵਪੂਰਨ ਬਦਲਾਅ ਆਇਆ ਹੈ। ਹੁਣ ਸੀ.ਬੀ.ਆਈ. ਵੱਲੋਂ ਜਾਂਚ ਪੂਰੀ ਕਰ ਲਈ ਗਈ ਹੈ ਅਤੇ ਚਲਾਨ ਵੀ ਪੇਸ਼ ਕੀਤਾ ਜਾ ਚੁੱਕਾ ਹੈ, ਜਦਕਿ ਮੌਜੂਦਾ ਪਟੀਸ਼ਨਾਂ ਉਸ ਸਮੇਂ ਦਾਇਰ ਕੀਤੀਆਂ ਗਈਆਂ ਸਨ, ਜਦੋਂ ਜਾਂਚ ਅਜੇ ਲੰਬਿਤ ਸੀ। ਅਜਿਹੇ ਵਿਚ ਇਨ੍ਹਾਂ ਪਟੀਸ਼ਨਾਂ ਦਾ ਕੋਈ ਵਿਹਾਰਕ ਮਹੱਤਵ ਨਹੀਂ ਰਹਿ ਗਿਆ ਹੈ। ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਕਿ ਮੌਜੂਦਾ ਪਟੀਸ਼ਨਾਂ ਨੂੰ ਵਾਪਸ ਲੈਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਜੋ ਚਲਾਨ ਨੂੰ ਚੁਣੌਤੀ ਦਿੰਦੇ ਹੋਏ ਨਵੀਂਆਂ ਅਤੇ ਵਧੇਰੇ ਵਿਆਪਕ ਪਟੀਸ਼ਨਾਂ ਦਾਇਰ ਕੀਤੀਆਂ ਜਾ ਸਕਣ। ਅਦਾਲਤ ਵੱਲੋਂ ਇਹ ਪੁੱਛਣ 'ਤੇ ਕਿ ਨਵੀਂਆਂ ਪਟੀਸ਼ਨਾਂ ਇਕ ਤੋਂ ਵੱਧ ਕਿਉਂ ਹੋਣਗੀਆਂ, ਭੁੱਲਰ ਦੇ ਵਕੀਲ ਨੇ ਦੱਸਿਆ ਕਿ ਉਨ੍ਹਾਂ ਵਿਰੁੱਧ ਦੋ ਵੱਖ-ਵੱਖ ਐੱਫ.ਆਈ.ਆਰ. ਦਰਜ ਹਨ, ਜਿਨ੍ਹਾਂ ਵਿਚ ਇਕ ਮਾਮਲਾ ਆਮਦਨ ਤੋਂ ਵੱਧ ਜਾਇਦਾਦ ਨਾਲ ਜੁੜਿਆ ਹੈ, ਜਦਕਿ ਦੂਜਾ ਕਥਿਤ ਟਰੈਪ ਦਾ ਹੈ।

ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ 'ਚ ਭੁੱਲਰ ਨੇ ਜ਼ੋਰਦਾਰ ਤਰਕ ਦਿੰਦੇ ਹੋਏ ਕਿਹਾ ਸੀ ਕਿ ਦਿੱਲੀ ਵਿਸ਼ੇਸ਼ ਪੁਲਸ ਸਥਾਪਨਾ ਐਕਟ ਦੀ ਧਾਰਾ 5 ਦੇ ਤਹਿਤ ਸੀ.ਬੀ.ਆਈ. ਦਾ ਅਧਿਕਾਰ ਖੇਤਰ ਚੰਡੀਗੜ੍ਹ 'ਚ ਸਿਰਫ਼ ਕੇਂਦਰ ਸਰਕਾਰ ਦੇ ਕਰਮਚਾਰੀਆਂ ਤੱਕ ਸੀਮਤ ਹੈ।

# ਹਾਈਕੋਰਟ ਨੇ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਬਾਰੇ ਇਕ ਹਫ਼ਤੇ 'ਚ ਮੰਗਿਆ ਮੂਲ ਰਿਕਾਰਡ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਨਿਵਾਰਕ ਨਜ਼ਰਬੰਦੀ ਹੁਕਮ ਦਾ ਆਧਾਰ ਬਣਨ ਵਾਲੇ ਮੂਲ ਰਿਕਾਰਡ ਮੰਗਵਾਏ। ਇਹ ਨਿਰਦੇਸ਼ ਉਦੋਂ ਆਏ, ਜਦੋਂ ਬੈਂਚ ਨੇ ਪੰਜਾਬ ਨੂੰ ਕੌਮੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਤਹਿਤ ਲਗਾਤਾਰ ਤੀਜੀ ਵਾਰ ਨਜ਼ਰਬੰਦੀ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਉਨ੍ਹਾਂ ਦੀ ਪਟੀਸ਼ਨ 'ਤੇ ਪੈਰਾਗ੍ਰਾਫ-ਵਾਰ ਜਵਾਬ ਦਾਖ਼ਲ ਕਰਨ ਲਈ ਇਕ ਹਫ਼ਤੇ ਦਾ ਸਮਾਂ ਦਿੱਤਾ। ਚੀਫ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੀ ਬੈਂਚ ਨੇ ਸ਼ੁਰੂ 'ਚ ਹੀ ਕਿਹਾ ਕਿ ਸੁਪਰੀਮ ਕੋਰਟ ਨੇ 10 ਨਵੰਬਰ ਦੇ ਹੁਕਮ ਰਾਹੀਂ ਇਸ ਮਾਮਲੇ ਦੇ ਫ਼ੈਸਲੇ ਲਈ 6 ਹਫ਼ਤਿਆਂ ਦੀ ਵੱਧ ਤੋਂ ਵੱਧ ਮਿਆਦ ਤੈਅ ਕੀਤੀ ਸੀ ਪਰ 17 ਅਪ੍ਰੈਲ, 2025 ਦੇ ਨਿਵਾਰਕ ਨਜ਼ਰਬੰਦੀ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਸੰਬਰ ਦੇ ਪਹਿਲੇ ਹਫ਼ਤੇ ਦਾਖ਼ਲ ਕੀਤੀ ਗਈ ਸੀ। ਹਾਈਕੋਰਟ ਵਿਰੋਧ ਕਰਨ ਵਾਲੀਆਂ ਧਿਰਾਂ ਤੋਂ ਪੈਰਾਗ੍ਰਾਫ-ਵਾਰ ਜਵਾਬ ਪ੍ਰਾਪਤ ਹੋਣ ਤੱਕ ਅੱਗੇ ਦੀ ਕਾਰਵਾਈ ਨਹੀਂ ਕਰ ਸਕਦਾ। ਆਖ਼ਰ ਅਦਾਲਤ ਨੇ ਸੂਬੇ ਦੀ ਅਪੀਲ ਨੂੰ ਸਵੀਕਾਰ ਕਰਦਿਆਂ ਉਸ ਨੂੰ ਆਪਣਾ ਜਵਾਬ ਦਾਖ਼ਲ ਕਰਨ ਲਈ ਇਕ ਹਫ਼ਤੇ ਦਾ ਸਮਾਂ ਦਿੱਤਾ। ਬੈਂਚ ਨੇ ਅੱਗੇ ਨਿਰਦੇਸ਼ ਦਿੱਤਾ ਕਿ ਹਿਰਾਸਤ ਦੇ ਆਧਾਰਾਂ ਦਾ ਸਮਰਥਨ ਕਰਨ ਵਾਲੇ ਮੂਲ ਦਸਤਾਵੇਜ਼ ਵੀ ਅਗਲੀ ਸੁਣਵਾਈ ਦੀ ਤਾਰੀਖ਼ 'ਤੇ ਪੇਸ਼ ਕੀਤੇ ਜਾਣ, ਜਿਸ ਤੋਂ ਬਾਅਦ ਮਾਮਲੇ ਨੂੰ 20 ਜਨਵਰੀ ਲਈ ਸੂਚੀਬੱਧ ਕੀਤਾ ਗਿਆ।

# ਪਟਿਆਲਾ ਪੁਲਿਸ ਨੇ ਭਾਈ ਹਵਾਰਾ ਦੇ ਪਿਤਾ ਗੁਰਚਰਨ ਸਿੰਘ ਨੂੰ ਲਿਆ ਹਿਰਾਸਤ 'ਚ

**ਪਟਿਆਲਾ, (ਪੰਜਾਬ ਮੇਲ)-** ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲਾਂ 'ਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਤਿੰਨ ਸਾਲਾਂ ਤੋਂ ਮੋਹਾਲੀ ਅਤੇ ਚੰਡੀਗੜ੍ਹ ਦੀ ਹੱਦ 'ਤੇ ਜਾਰੀ ਕੌਮੀ ਇਨਸਾਫ ਮੋਰਚੇ ਦੀ ਅਗਵਾਈ ਕਰ ਰਹੇ ਭਾਈ ਜਗਤਾਰ ਸਿੰਘ ਹਵਾਰਾ ਦੇ ਧਰਮ ਦੇ ਪਿਤਾ ਗੁਰਚਰਨ ਸਿੰਘ ਜਰੀਕਪੁਰ ਨੂੰ ਪਟਿਆਲਾ ਪੁਲਿਸ ਨੇ ਹਿਰਾਸਤ ਵਿਚ ਲਿਆ ਹੈ। ਉਨ੍ਹਾਂ ਵੱਲੋਂ ਕਿਸਾਨਾਂ ਦੀ ਮਦਦ ਨਾਲ ਟੋਲ ਪਲਾਜ਼ਿਆਂ 'ਤੇ ਧਰਨੇ ਲਾ ਕੇ ਪਰਚੀ ਮੁਕਤ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਦੌਰਾਨ ਹੀ ਉਹ ਜਦੋਂ ਇੱਥੇ ਰਾਜਪੁਰਾ ਰੋਡ 'ਤੇ ਸਥਿਤ ਧਰੇੜੀ ਜੱਟਾਂ ਵਾਲੇ ਟੋਲ ਪਲਾਜੇ 'ਤੇ ਪਹੁੰਚੇ, ਤਾਂ ਕੁੱਝ ਹੀ ਸਮੇਂ ਬਾਅਦ ਥਾਣਾ ਸਦਰ ਪਟਿਆਲਾ ਦੀ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਥਾਣੇ ਬੰਦ ਕਰ ਦਿੱਤਾ। ਉਧਰ ਡਾਕਟਰ ਦਰਸ਼ਨ ਪਾਲ ਸਿੰਘ ਦੀ ਅਗਵਾਈ ਹੇਠ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਤੇ ਜੰਗ ਸਿੰਘ ਭਟੇੜੀ ਦੀ ਅਗਵਾਈ ਹੇਠ ਲਈ ਕਿਸਾਨ ਯੂਨੀਅਨ ਭਟੇੜੀ ਵੱਲੋਂ ਧਰੇੜੀ ਜੱਟਾਂ ਟੋਲ ਪਲਾਜੇ 'ਤੇ ਧਰਨਾ ਮਾਰ ਕੇ ਪਰਚੀ ਮੁਕਤ ਕੀਤਾ।

# ਰਾਣਾ ਬਲਾਚੌਰੀਆ ਕਤਲ ਮਾਮਲਾ : ਦੋ ਸ਼ੂਟਰ ਪੱਛਮੀ ਬੰਗਾਲ ਤੋਂ ਗ੍ਰਿਫ਼ਤਾਰ

**ਜਲੰਧਰ/ਰੋਪੜ, (ਪੰਜਾਬ ਮੇਲ)-** ਰਾਣਾ ਬਲਾਚੌਰੀਆ ਕਤਲ ਦੇ ਮਾਮਲੇ ਵਿਚ ਪੰਜਾਬ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਪੰਜਾਬ ਪੁਲਿਸ ਨੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਸ਼ੂਟਰਾਂ ਨੂੰ ਪੱਛਮੀ ਬੰਗਾਲ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਫੜੇ ਗਏ ਸ਼ੂਟਰਾਂ ਦੀ ਪਛਾਣ ਕਰਨ ਪਾਠਕ ਤੇ ਤਰਨਦੀਪ ਸਿੰਘ ਵਜੋਂ ਹੋਈ ਹੈ। ਇਹ ਕਾਰਵਾਈ ਪੱਛਮੀ ਬੰਗਾਲ ਐੱਸ.ਟੀ.ਐੱਫ਼, ਸੈਂਟਰਲ ਏਜੰਸੀਆਂ ਦੀ ਮਦਦ ਨਾਲ ਕੀਤੀ ਗਈ ਹੈ।

ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਪੰਜਾਬ, ਮਹਾਰਾਸ਼ਟਰ, ਕਰਨਾਟਕ, ਪੱਛਮੀ ਬੰਗਾਲ ਅਤੇ ਸਿੱਕਮ ਵਿਚ ਕਾਰਵਾਈਆਂ ਦੌਰਾਨ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਵਿਚ ਸਿੱਕਮ ਪੁਲਿਸ, ਮੁੰਬਈ ਪੁਲਿਸ, ਪੱਛਮੀ ਬੰਗਾਲ ਸਪੈਸ਼ਲ ਟਾਸਕ ਫੋਰਸ, ਕੇਂਦਰੀ ਏਜੰਸੀਆਂ ਅਤੇ ਹਾਵੜਾ ਵਿਚ ਸਥਾਨਕ ਪੁਲਿਸ ਦੀ ਮਦਦ ਲਈ ਸੀ। ਇਸ ਤੋਂ ਇਲਾਵਾ ਵਿਦੇਸ਼ੀ ਹੈਂਡਲਰ ਅਮਰ ਖਾਬੇ ਰਾਜਪੂਤਾ ਦੇ ਨਜ਼ਦੀਕੀ ਰਿਸ਼ਤੇਦਾਰ ਆਕਾਸ਼ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 15 ਦਸੰਬਰ 2025 ਦੀ ਸ਼ਾਮ ਨੂੰ ਮੋਹਾਲੀ ਦੇ ਸੋਹਾਣਾ ਵਿਚ ਟੂਰਨਾਮੈਂਟ ਦੌਰਾਨ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਹਮਲਾਵਰ ਮੋਟਰਸਾਈਕਲ ਉੱਤੇ ਆਏ ਸਨ ਅਤੇ ਉਨ੍ਹਾਂ ਨੇ ਰਾਣਾ ਨੂੰ ਸੈਲਫੀ ਲੈਣ ਲਈ ਰੋਕਿਆ ਸੀ, ਜਿਵੇਂ ਹੀ ਉਹ ਰੁਕਿਆ, ਤਾਂ ਉਸ ਉੱਤੇ ਨੇੜਿਓਂ ਫਾਇਰ ਕੀਤੇ ਗਏ ਅਤੇ ਹਮਲਾਵਰ ਮੋਟਰਸਾਈਕਲਾਂ 'ਤੇ ਫ਼ਰਾਰ ਹੋ ਗਏ। ਪੁਲਿਸ ਮੁਤਾਬਕ ਦੋ ਸ਼ੂਟਰਾਂ ਦੀ ਪਛਾਣ ਆਦਿੱਤਿਆ ਕਪੂਰ ਉਰਫ਼ ਮੱਖਣ ਅਤੇ ਅੰਮ੍ਰਿਤਸਰ ਦੇ ਕਰਨ ਪਾਠਕ ਵਜੋਂ ਹੋਈ ਸੀ, ਜੋ ਕਿ ਡੌਨੀ ਬੱਲ ਗੈਂਗ ਨਾਲ ਸੰਬੰਧ ਰੱਖਦੇ ਹਨ।


RESIDENTIAL, COMMERCIAL AND SOLAR FARMS

with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

ਸਿਰਫ਼ ਇਕ ਕਾਲ - ਵੱਡੀ ਬੱਚਤ

510-706-1300

singhsolarusa@gmail.com

# ਅਮਰੀਕਾ 'ਚ ਫੈਡਰਲ ਏਜੰਟਾ ਵੱਲੋਂ ਪ੍ਰਵਾਸੀਆਂ ਖਿਲਾਫ਼ ਕਾਰਵਾਈ ਜਾਰੀ

- **ਘਰਾਂ ਅੰਦਰ ਜ਼ਬਰੀ ਦਾਖਲ ਹੋ ਕੇ ਲੋਕਾਂ ਨੂੰ ਕੀਤਾ ਜਾ ਰਿਹੈ ਗ੍ਰਿਫ਼ਤਾਰ**



*ਮਿਨੀਪੋਲਿਸ 'ਚ ਮੁਜ਼ਾਹਰਾਕਾਰੀਆਂ 'ਤੇ ਪੈਪਰ ਸਪਰੇਅ ਕਰਦਾ ਹੋਇਆ ਇਕ ਅਧਿਕਾਰੀ।*

**ਮਿਨੀਪੋਲਿਸ, (ਪੰਜਾਬ ਮੇਲ)-** ਫੈਡਰਲ ਏਜੰਟਾਂ ਵੱਲੋਂ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ। ਇਮੀਗ੍ਰੇਸ਼ਨ ਅਧਿਕਾਰੀ ਵੱਲੋਂ ਰੇਨੀ ਗੁੱਡ ਨੂੰ ਗੋਲੀ ਮਾਰਨ ਮਗਰੋਂ ਮਿਨੀਸੋਟਾ 'ਚ ਲਗਾਤਾਰ ਪ੍ਰਦਰਸ਼ਨ ਹੋ ਰਹੇ ਹਨ। ਫੈਡਰਲ ਏਜੰਟਾਂ ਨੇ ਪ੍ਰਦਰਸ਼ਨਕਾਰੀਆਂ 'ਤੇ ਸਪਰੇਅ ਕਰਨ ਮਗਰੋਂ ਇਕ ਵਿਅਕਤੀ ਨੂੰ ਘਰ ਅੰਦਰ ਦਾਖ਼ਲ ਹੋ ਕੇ ਕਾਬੂ ਕਰ ਲਿਆ। ਕਾਰਵਾਈ ਨੂੰ ਰੋਕਣ ਲਈ ਸੜਕਾਂ 'ਤੇ ਲੋਕਾਂ ਨੇ ਕਾਰਾਂ ਦੇ ਹੌਰਨ, ਡਰੰਮ ਅਤੇ ਸੀਟੀਆਂ ਜ਼ੋਰ-ਜ਼ੋਰ ਦੀ ਵਜਾਈਆਂ।

ਇਮੀਗ੍ਰੇਸ਼ਨ ਅਧਿਕਾਰੀ ਦੇ ਦਸਤਖ਼ਤਾਂ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਘਰ ਅੰਦਰ ਦਾਖ਼ਲ ਹੋ ਕੇ ਜਬਰੀ ਫੜਿਆ ਨਹੀਂ ਜਾ ਸਕਦਾ ਹੈ। ਪ੍ਰਵਾਸੀਆਂ ਦੀ ਆਵਾਜ਼ ਬੁਲੰਦ ਕਰਨ ਵਾਲੇ ਗਰੁੱਪਾਂ ਨੇ ਲੋਕਾਂ ਨੂੰ ਆਪਣੇ ਘਰਾਂ ਦੇ ਦਰਵਾਜ਼ੇ ਉਦੋਂ ਤੱਕ ਨਾ ਖੋਲ੍ਹਣ ਦੀ ਅਪੀਲ ਕੀਤੀ ਹੈ, ਜਦੋਂ ਤੱਕ ਕਿਸੇ ਜੱਜ ਦੇ ਦਸਤਖ਼ਤਾਂ ਹੇਠ ਅਦਾਲਤੀ ਹੁਕਮ ਜਾਰੀ ਨਹੀਂ ਹੁੰਦਾ ਹੈ। ਮਿਨੀਸੋਟਾ 'ਚ ਦੋ ਹਜ਼ਾਰ ਤੋਂ ਵਧ ਪ੍ਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ। ਮਿਨੀਪੋਲਿਸ ਸਿਟੀ ਕੌਂਸਲ ਮੈਂਬਰ ਜੇਸਨ ਸ਼ਾਵੇਜ਼ ਨੇ ਕਿਹਾ ਕਿ ਫੈਡਰਲ ਏਜੰਟ ਝੁੰਡਾਂ 'ਚ ਆ ਗਏ ਹਨ।

# ਹਜ਼ਾਰਾਂ ਪ੍ਰਵਾਸੀਆਂ ਦਾ ਕਾਨੂੰਨੀ ਰੁਤਬਾ ਰੱਦ ਕਰਨ ਦੇ ਫੈਸਲੇ 'ਤੇ ਰੋਕ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਬੋਸਟਨ ਦੀ ਯੂ.ਐੱਸ. ਡਿਸਟ੍ਰਿਕਟ ਜੱਜ ਇੰਦਰਾ ਤਲਵਾਨੀ ਨੇ ਆਰਜ਼ੀ ਤੌਰ 'ਤੇ ਟਰੰਪ ਪ੍ਰਸ਼ਾਸਨ ਦੀ 10 ਹਜ਼ਾਰ ਤੋਂ ਵਧ ਪ੍ਰਵਾਸੀਆਂ ਦੀ ਕਾਨੂੰਨੀ ਰੁਤਬਾ ਖਤਮ ਕਰਨ ਦੀ ਯੋਜਨਾ ਉਪਰ ਰੋਕ ਲਾ ਦਿੱਤੀ ਹੈ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਰਕਾਰ ਪ੍ਰਵਾਸੀਆਂ ਨੂੰ ਉਨ੍ਹਾਂ ਦਾ ਕਾਨੂੰਨੀ ਰੁਤਬਾ ਖਤਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਸਬੰਧੀ ਸੂਚਿਤ ਕਰਨ ਵਿਚ ਨਾਕਾਮ ਰਹੀ ਹੈ। ਜੱਜ ਨੇ ਕਿਹਾ ਕਿ ਪ੍ਰਭਾਵਿਤ ਵਿਅਕਤੀਆਂ ਨੂੰ ਨਿਸ਼ਚਿਤ ਸਮੇਂ ਅੰਦਰ ਦੱਸਿਆ ਜਾਣਾ ਚਾਹੀਦਾ ਸੀ ਕਿ ਉਹ ਦੇਸ਼ ਵਿਚ ਰਹਿਣ ਦਾ ਹੱਕ ਗੁਆ ਚੁੱਕੇ ਹਨ। ਜੱਜ ਦੇ ਫੈਸਲੇ ਤੋਂ ਪਹਿਲਾਂ ਪ੍ਰਵਾਸੀਆਂ ਦੇ ਅਧਿਕਾਰਾਂ ਬਾਰੇ ਸਮੂਹਾਂ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਅਦਾਲਤ ਨੇ ਦਖਲਅੰਦਾਜ਼ੀ ਨਾ ਕੀਤੀ, ਤਾਂ 10,000 ਤੋਂ 12,000 ਦੇ ਦਰਮਿਆਨ ਪ੍ਰਵਾਸੀਆਂ ਕੋਲੋਂ 14 ਜਨਵਰੀ ਨੂੰ ਦੇਸ਼ ਵਿਚ ਰਹਿਣਾ ਦਾ ਕਾਨੂੰਨੀ ਰੁਤਬਾ ਖੁਸ ਜਾਵੇਗਾ ਤੇ ਉਨ੍ਹਾਂ ਨੂੰ ਅਮਰੀਕਾ ਵਿਚੋਂ ਕੱਢ ਦਿੱਤਾ ਜਾਵੇਗਾ। ਆਪਣੇ ਆਦੇਸ਼ ਵਿਚ ਜੱਜ ਨੇ ਟਰੰਪ ਪ੍ਰਸ਼ਾਸਨ ਦੇ ਆਦੇਸ਼ ਉਪਰ ਰੋਕ ਲਾਉਂਦਿਆਂ 'ਫੈਮਿਲੀ ਰੀਯੂਨੀਫੀਕੇਸ਼ਨ ਪੈਰੋਲ' ਪ੍ਰੋਗਰਾਮ ਨੂੰ ਕਾਇਮ ਰੱਖਿਆ ਹੈ।

# ਦੰਦਾਂ ਦੇ ਡਾਕਟਰ ਤੇ ਉਸ ਦੀ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪਤੀ ਗ੍ਰਿਫ਼ਤਾਰ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਇਲੀਨੋਇਸ, ਓਹਾਇਓ ਵਿਚ ਦੰਦਾਂ ਦੇ ਡਾਕਟਰ ਸਪੈਨਸਰ ਟੇਪੇ (37) ਤੇ ਉਸ ਦੀ ਪਤਨੀ ਮੋਨੀਕ ਟੇਪੇ (39) ਦੀ ਪਿਛਲੇ ਦਿਨੀਂ ਉਨ੍ਹਾਂ ਦੇ ਘਰ ਵਿਚ ਹੀ ਹੋਈ ਹੱਤਿਆ ਦੇ ਮਾਮਲੇ ਵਿਚ ਡਾਕਟਰ ਮਾਈਕਲ ਡੇਵਿਡ ਮੈਕੀ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਮੋਨੀਕ ਟੇਪੇ ਦਾ ਸਾਬਕਾ ਪਤੀ ਹੈ। ਮੋਨੀਕ ਤੇ ਮੈਕੀ ਦਾ ਵਿਆਹ ਬਹੁਤ ਥੋੜਾਂ ਸਮਾਂ ਕਾਇਮ ਰਿਹਾ ਸੀ ਤੇ ਕੋਈ ਦਹਾਕਾ ਪਹਿਲਾਂ ਉਨ੍ਹਾਂ ਦਾ ਤਲਾਕ ਹੋ ਗਿਆ ਸੀ। ਮੈਕੀ ਇਲੀਨੋਇਸ ਪੁਲਿਸ ਦੀ ਹਿਰਾਸਤ ਵਿਚ ਹੈ ਤੇ ਉਸ ਵਿਰੁੱਧ ਦੋ ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਕੀ ਨੂੰ ਸੋਮਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਥੇ ਜੱਜ ਨੇ ਕੁਝ ਮਿੰਟਾਂ ਦੀ ਸੁਣਵਾਈ ਉਪਰੰਤ ਉਸ ਨੂੰ ਵਾਪਸ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ। ਮੈਕੀ ਦੇ ਵਕੀਲ ਨੇ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ ਤੇ ਇਸ ਸਬੰਧੀ ਉਹ ਛੇਤੀ ਅਪੀਲ ਦਾਇਰ ਕਰੇਗਾ। ਇਥੇ ਜ਼ਿਕਰਯੋਗ ਹੈ ਕਿ ਟੇਪੇ ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵੇਲੇ ਉਨ੍ਹਾਂ ਦੇ ਦੋ ਛੋਟੇ ਬੱਚੇ ਵੀ ਘਰ ਵਿਚ ਮੌਜੂਦਾ ਸਨ, ਜਿਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਇਰਾਨ ਨਾਲ ਵਪਾਰ ਕਰਨ ਵਾਲੇ ਦੇਸ਼ਾਂ 'ਤੇ ਲੱਗੇਗਾ 25 ਫੀਸਦੀ ਟੈਕਸ: ਟਰੰਪ

- **ਨਿਯਮ ਫੌਰੀ ਲਾਗੂ; ਇਰਾਨ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਲਿਆ ਫੈਸਲਾ**
- **ਇਰਾਨ ਨਾਲ ਭਾਰਤ, ਚੀਨ ਤੇ ਸੰਯੁਕਤ ਅਰਬ ਅਮੀਰਾਤ ਕਰ ਰਹੇ ਹਨ ਵਪਾਰ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਜੇ ਕੋਈ ਵੀ ਦੇਸ਼ ਈਰਾਨ ਨਾਲ ਵਪਾਰ ਕਰਦਾ ਹੈ, ਤਾਂ ਉਸ 'ਤੇ 25 ਫੀਸਦੀ ਟੈਕਸ ਲਾਇਆ ਜਾਵੇਗਾ। ਇਹ ਹੁਕਮ ਫੌਰੀ ਲਾਗੂ ਹੋ ਗਏ ਹਨ। ਟਰੰਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਦੱਸਿਆ ਕਿ ਜੋ ਵੀ ਦੇਸ਼ ਇਰਾਨ ਨਾਲ ਵਪਾਰ ਕਰੇਗਾ, ਉਸ 'ਤੇ ਅਮਰੀਕਾ ਨਾਲ ਵਪਾਰ ਕਰਨ 'ਤੇ 25 ਫੀਸਦੀ ਟੈਰਿਫ ਲਾਇਆ ਜਾਵੇਗਾ। ਦੂਜੇ ਪਾਸੇ ਵ੍ਹਾਈਟ ਹਾਊਸ ਵਲੋਂ ਇਸ ਟੈਕਸ ਸਬੰਧੀ ਕੋਈ ਦਸਤਾਵੇਜ਼ ਜਾਰੀ ਨਹੀਂ ਕੀਤਾ ਗਿਆ। ਇਹ ਫੈਸਲਾ ਉਸ ਵੇਲੇ ਕੀਤਾ ਗਿਆ ਹੈ, ਜਦੋਂ ਇਰਾਨ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨ ਜਾਰੀ ਹਨ ਤੇ ਲੋਕਾਂ ਦਾ ਗੁੱਸਾ ਸਰਕਾਰ ਖ਼ਿਲਾਫ਼ ਵਧਦਾ ਹੀ ਜਾ ਰਿਹਾ ਹੈ। ਇਸ ਵੇਲੇ ਇਰਾਨ ਨਾਲ ਮੁੱਖ ਤੌਰ 'ਤੇ ਚੀਨ, ਸੰਯੁਕਤ ਅਰਬ ਅਮੀਰਾਤ ਅਤੇ ਭਾਰਤ ਵਪਾਰ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਦਿਨ ਪਹਿਲਾਂ ਕਿਹਾ ਸੀ ਕਿ ਪ੍ਰਦਰਸ਼ਨਕਾਰੀਆਂ ਖਿਲਾਫ਼ ਹਿੰਸਕ ਕਾਰਵਾਈ ਨੂੰ ਲੈ ਕੇ ਇਰਾਨ 'ਤੇ ਹਮਲਾ ਕਰਨ ਦੀ ਧਮਕੀ ਦੇਣ ਤੋਂ ਬਾਅਦ ਤਹਿਰਾਨ ਵਾਸ਼ਿੰਗਟਨ ਨਾਲ ਗੱਲਬਾਤ ਕਰਨਾ ਚਾਹੁੰਦਾ ਹੈ। ਟਰੰਪ ਦੀਆਂ ਇਹ ਟਿੱਪਣੀਆਂ ਅਜਿਹੇ ਮੌਕੇ ਆਈਆਂ ਸਨ, ਜਦੋਂ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨਾਂ ਨੇ ਸੋਮਵਾਰ ਨੂੰ ਕਿਹਾ ਸੀ ਕਿ ਮਹਿੰਗਾਈ ਅਤੇ ਮੁਦਰਾ ਦੇ ਮੁੱਲ ਵਿਚ ਗਿਰਾਵਟ ਨੂੰ ਲੈ ਕੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 544 ਹੋ ਗਈ ਹੈ। ਉਧਰ ਇਰਾਨ ਨੇ ਅਜੇ ਤੱਕ ਅਮਰੀਕੀ ਰਾਸ਼ਟਰਪਤੀ ਦੀਆਂ ਇਨ੍ਹਾਂ ਟਿੱਪਣੀਆਂ ਦਾ ਕੋਈ ਜਵਾਬ ਨਹੀਂ ਦਿੱਤਾ ਹੈ।

## ਟਰੰਪ ਦਾ ਦਾਅਵਾ; ਰੂਸ ਤੇ ਚੀਨ ਦੇ ਮਨ 'ਚ ਅਮਰੀਕਾ ਤੋਂ ਬਿਨਾਂ ਨਾਟੋ ਦਾ ਕੋਈ ਡਰ ਨਹੀਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਾਟੋ ਅਤੇ ਵਿਸ਼ਵ ਸੁਰੱਖਿਆ ਨੂੰ ਲੈ ਕੇ ਇਕ ਵੱਡਾ ਬਿਆਨ ਜਾਰੀ ਕੀਤਾ ਹੈ। 'ਦਿ ਡੀਜੇਟੀ ਡਾਕਟਰੀਨ: ਨਾਟੋ ਐਂਡ ਗਲੋਬਲ ਸਕਿਓਰਿਟੀ' ਦੇ ਹਵਾਲੇ ਨਾਲ ਸਾਹਮਣੇ ਆਏ ਇਸ ਬਿਆਨ ਵਿਚ ਟਰੰਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਯਤਨਾਂ ਸਦਕਾ ਹੀ ਅੱਜ ਨਾਟੋ ਦੇਸ਼ ਆਪਣੇ ਹਿੱਸੇ ਦਾ ਪੂਰਾ ਭੁਗਤਾਨ ਕਰ ਰਹੇ ਹਨ। ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਨਾਟੋ ਦੇਸ਼ ਆਪਣੀ ਜੀ.ਡੀ.ਪੀ. ਦਾ ਸਿਰਫ਼ 2 ਫੀਸਦੀ ਖਰਚ ਕਰ ਰਹੇ ਸਨ ਅਤੇ ਆਪਣੇ ਬਿੱਲਾਂ ਦਾ ਭੁਗਤਾਨ ਵੀ ਨਹੀਂ ਕਰ ਰਹੇ ਸਨ, ਜਦਕਿ ਅਮਰੀਕਾ ਮੂਰਖਤਾਪੂਰਵਕ ਉਨ੍ਹਾਂ ਦਾ ਖਰਚਾ ਚੁੱਕ ਰਿਹਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਇਸ ਖਰਚੇ ਨੂੰ ਵਧਾ ਕੇ 5 ਫੀਸਦੀ ਜੀ.ਡੀ.ਪੀ. ਤੱਕ ਪਹੁੰਚਾਇਆ ਹੈ ਅਤੇ ਹੁਣ ਸਾਰੇ ਦੇਸ਼ ਤੁਰੰਤ ਭੁਗਤਾਨ ਕਰ ਰਹੇ ਹਨ। ਰਾਸ਼ਟਰਪਤੀ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਉਹ ਦਖਲ ਨਾ ਦਿੰਦੇ ਤਾਂ ਰੂਸ ਨੇ ਹੁਣ ਤੱਕ ਪੂਰੇ ਯੂਕਰੇਨ 'ਤੇ ਕਬਜ਼ਾ ਕਰ ਲਿਆ ਹੁੰਦਾ। ਉਨ੍ਹਾਂ ਮੁਤਾਬਕ, ਰੂਸ ਅਤੇ ਚੀਨ ਦੇ ਮਨ ਵਿਚ ਅਮਰੀਕਾ ਤੋਂ ਬਿਨਾਂ ਨਾਟੋ ਦਾ ਕੋਈ ਡਰ ਨਹੀਂ ਹੈ। ਦੁਨੀਆਂ ਦੀਆਂ ਇਹ ਸ਼ਕਤੀਆਂ ਸਿਰਫ਼ ਉਸ ਅਮਰੀਕੀ ਫੌਜ ਦਾ ਸਨਮਾਨ ਅਤੇ ਡਰ ਕਰਦੀਆਂ ਹਨ, ਜਿਸ ਦਾ ਨਿਰਮਾਣ ਟਰੰਪ ਨੇ ਆਪਣੇ ਕਾਰਜਕਾਲ ਦੌਰਾਨ ਕੀਤਾ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਇਕੱਲੇ ਦਮ 'ਤੇ 8 ਜੰਗਾਂ ਖ਼ਤਮ ਕੀਤੀਆਂ ਅਤੇ ਲੱਖਾਂ ਲੋਕਾਂ ਦੀਆਂ ਜਾਨਾਂ ਬਚਾਈਆਂ ਹਨ।

# ਜੇ ਸੁਪਰੀਮ ਕੋਰਟ ਟੈਰਿਫ ਨੂੰ ਗੈਰ-ਕਾਨੂੰਨੀ ਕਰਾਰ ਦਿੰਦੀ ਹੈ, ਤਾਂ ਅਮਰੀਕਾ ਮੁਸੀਬਤ 'ਚ ਫਸ ਜਾਵੇਗਾ : ਟਰੰਪ ਵੱਲੋਂ ਚਿਤਾਵਨੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡੀ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਦੇਸ਼ ਦੀ ਸੁਪਰੀਮ ਕੋਰਟ ਉਨ੍ਹਾਂ ਵੱਲੋਂ ਲਗਾਏ ਗਏ ਟੈਰਿਫ ਨੂੰ ਗੈਰ-ਕਾਨੂੰਨੀ ਕਰਾਰ ਦਿੰਦੀ ਹੈ, ਤਾਂ ਅਮਰੀਕਾ 'ਮੁਸੀਬਤ ਵਿਚ ਫਸ ਜਾਵੇਗਾ'। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਪੋਸਟ ਕਰਦਿਆਂ ਕਿਹਾ ਕਿ ਜੇਕਰ ਅਦਾਲਤ ਉਨ੍ਹਾਂ ਦੀ ਮੁੱਖ ਆਰਥਿਕ ਨੀਤੀ ਦੇ ਵਿਰੁੱਧ ਫੈਸਲਾ ਸੁਣਾਉਂਦੀ ਹੈ, ਤਾਂ ਅਮਰੀਕੀ ਕੰਪਨੀਆਂ ਨੂੰ ਸੈਂਕੜੇ ਅਰਬ ਡਾਲਰ ਵਾਪਸ ਕਰਨੇ ਪੈ ਸਕਦੇ ਹਨ।

ਟਰੰਪ ਅਨੁਸਾਰ, ਇਹ ਮਾਮਲਾ ਸਿਰਫ਼ ਅਰਬਾਂ ਡਾਲਰਾਂ ਤੱਕ ਸੀਮਤ ਨਹੀਂ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਜੇਕਰ ਦੂਜੇ ਦੇਸ਼ਾਂ ਅਤੇ ਕੰਪਨੀਆਂ ਦੁਆਰਾ ਟੈਰਿਫ ਤੋਂ ਬਚਣ ਲਈ ਕੀਤੇ ਗਏ ਨਿਵੇਸ਼ਾਂ ਦੇ 'ਪੇਬੈਕ' ਨੂੰ ਜੋੜਿਆ ਜਾਵੇ, ਤਾਂ ਇਹ ਰਕਮ ਖਰਬਾਂ ਡਾਲਰਾਂ ਤੱਕ ਪਹੁੰਚ ਸਕਦੀ ਹੈ। ਉਨ੍ਹਾਂ ਕਿਹਾ ਕਿ ਇੰਨੀ ਵੱਡੀ ਰਕਮ ਦਾ ਭੁਗਤਾਨ ਕਰਨਾ ਅਮਰੀਕਾ ਲਈ ਲਗਭਗ ਅਸੰਭਵ ਹੋਵੇਗਾ ਅਤੇ ਇਹ ਦੇਸ਼ ਲਈ ਇੱਕ ਬਹੁਤ ਵੱਡੀ ਉਲਝਣ ਪੈਦਾ ਕਰ ਦੇਵੇਗਾ।

ਸੁਪਰੀਮ ਕੋਰਟ ਇਸ ਬੁੱਧਵਾਰ ਨੂੰ ਆਪਣੇ ਫੈਸਲੇ ਸੁਣਾ ਸਕਦੀ ਹੈ। ਨਵੰਬਰ 'ਚ ਹੋਈ ਬਹਿਸ ਦੌਰਾਨ, ਅਦਾਲਤ ਦੇ ਜੱਜਾਂ ਨੇ ਟਰੰਪ ਦੁਆਰਾ ਟੈਰਿਫ ਲਗਾਉਣ ਲਈ ਐਮਰਜੈਂਸੀ ਸ਼ਕਤੀਆਂ (ਆਈ.ਈ.ਈ.ਪੀ.ਏ.) ਦੀ ਵਰਤੋਂ ਕਰਨ 'ਤੇ ਕਾਫ਼ੀ ਸ਼ੱਕ ਜ਼ਾਹਰ ਕੀਤਾ ਸੀ। ਅਦਾਲਤ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ 'ਇੰਟਰਨੈਸ਼ਨਲ ਇਮਰਜੈਂਸੀ ਇਕਨਾਮਿਕ ਪਾਵਰਜ਼ ਐਕਟ' ਰਾਸ਼ਟਰਪਤੀ ਨੂੰ ਅਜਿਹੇ ਵਿਆਪਕ ਟੈਰਿਫ ਲਗਾਉਣ ਦਾ ਅਧਿਕਾਰ ਦਿੰਦਾ ਹੈ ਜਾਂ ਨਹੀਂ। ਇਹ ਟੈਰਿਫ ਖਾਸ ਤੌਰ 'ਤੇ ਮੈਕਸੀਕੋ, ਕੈਨੇਡਾ ਅਤੇ ਚੀਨ ਵਰਗੇ ਦੇਸ਼ਾਂ ਨੂੰ ਨਿਸ਼ਾਨਾ ਬਣਾ ਕੇ ਲਗਾਏ ਗਏ ਸਨ। ਜ਼ਿਕਰਯੋਗ ਹੈ ਕਿ ਟਰੰਪ ਨੇ ਅਮਰੀਕੀ ਟੈਰਿਫ ਦਰਾਂ ਨੂੰ 1930 ਦੇ ਦਹਾਕੇ ਤੋਂ ਬਾਅਦ ਦੇ ਉੱਚਤਮ ਪੱਧਰ 'ਤੇ ਪਹੁੰਚਾ ਦਿੱਤਾ ਹੈ। ਹਾਲਾਂਕਿ, ਇਹ ਸੰਭਾਵਿਤ ਫੈਸਲਾ ਸਟੀਲ, ਐਲੂਮੀਨੀਅਮ ਅਤੇ ਆਟੋਮੋਬਾਈਲਜ਼ 'ਤੇ ਲਗਾਏ ਗਏ ਖਾਸ ਸੈਕਟਰ ਟੈਰਿਫਾਂ 'ਤੇ ਅਸਰ ਨਹੀਂ ਪਾਵੇਗਾ। ਟਰੰਪ ਨੇ ਵਾਰ-ਵਾਰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਨ੍ਹਾਂ ਡਿਊਟੀਆਂ ਨੂੰ ਰੱਦ ਕੀਤਾ ਗਿਆ, ਤਾਂ ਅਮਰੀਕਾ ਵਿਚ ਆਰਥਿਕ ਤਬਾਹੀ ਆ ਸਕਦੀ ਹੈ।

# ਟਰੰਪ ਹੁਣ ਅਮਰੀਕਾ 'ਚ ਸ਼ਰਾਬ 'ਤੇ ਪਾਬੰਦੀ ਲਾਉਣ ਦੀ ਤਿਆਰੀ 'ਚ!



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਅਮਰੀਕਾ ਵਿਚ ਸ਼ਰਾਬ 'ਤੇ ਪਾਬੰਦੀ ਲਾਉਣ ਦੀ ਤਿਆਰੀ 'ਚ ਹਨ। ਆਨਲਾਈਨ ਇਕ ਪੋਸਟ ਵਾਇਰਲ ਹੋ ਰਹੀ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਅਮਰੀਕਾ 'ਚ ਸ਼ਰਾਬ 'ਤੇ ਹਮੇਸ਼ਾ ਲਈ ਪਾਬੰਦੀ ਲਾਉਣਾ ਚਾਹੁੰਦੇ ਹਨ। ਉਹ 18ਵੀਂ ਸੋਧ ਨੂੰ ਮੁੜ ਲਾਗੂ ਕਰਨਾ ਚਾਹੁੰਦੇ ਹਨ ਅਤੇ ਪੂਰੀ ਤਰ੍ਹਾਂ ਸ਼ਰਾਬਬੰਦੀ ਵਾਪਸ ਲਿਆਉਣਾ ਚਾਹੁੰਦੇ ਹਨ। ਜੇਕਰ ਸ਼ਰਾਬ 'ਤੇ ਪਾਬੰਦੀ ਦਾ ਫੈਸਲਾ ਲਿਆ ਗਿਆ, ਤਾਂ ਲੱਖਾਂ ਲੋਕ ਪ੍ਰਭਾਵਿਤ ਹੋਣਗੇ।

ਇਹ ਮੈਸੇਜ ਉਨ੍ਹਾਂ ਦੇ ਜਾਣੇ-ਪਛਾਣੇ 'ਆਲ-ਕੈਪਸ' (ਵੱਡੇ ਅੱਖਰਾਂ ਵਾਲੇ) ਅਤੇ ਬਿਨਾਂ ਫਿਲਟਰ ਵਾਲੇ ਸਟਾਈਲ ਵਿਚ ਲਿਖਿਆ ਗਿਆ ਹੈ। ਇਸ ਵਿਚ 'ਖ਼ਤਰਨਾਕ ਸ਼ਰਾਬੀਆਂ', ਭਰੇ ਹੋਏ ਬਾਰਾਂ, ਡਿੱਗ ਰਹੀ ਉਤਪਾਦਕਤਾ ਅਤੇ ਇਕ ਅਜਿਹੇ ਪੀਣ ਵਾਲੇ ਸੱਭਿਆਚਾਰ ਦੇ ਖ਼ਿਲਾਫ਼ ਗੱਲ ਕੀਤੀ ਗਈ ਹੈ, ਜੋ ਪਰਿਵਾਰਾਂ ਅਤੇ ਕੰਮਕਾਜੀ ਸ਼ਕਤੀ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਹ ਪੋਸਟ ਤੇਜ਼ੀ ਨਾਲ ਵਾਇਰਲ ਅਤੇ ਕੁਝ ਹੀ ਘੰਟਿਆਂ ਵਿਚ ਇਸ ਦੇ ਸਕ੍ਰੀਨਸ਼ਾਟ ਨੂੰ ਹਜ਼ਾਰਾਂ ਲੋਕਾਂ ਨੇ ਸ਼ੇਅਰ ਕੀਤਾ ਹੈ ਤੇ ਕਈ ਲੋਕਾਂ ਨੇ ਇਸ 'ਤੇ ਰਿਐਕਸ਼ਨ ਦਿੱਤੇ ਹਨ।

ਜ਼ਿਕਰਯੋਗ ਹੈ ਕਿ 1930 ਦੇ ਦਹਾਕੇ ਵਿਚ ਅਮਰੀਕਾ 'ਚ 'ਸ਼ਰਾਬਬੰਦੀ' ਕਾਨੂੰਨ ਲਾਗੂ ਸੀ, ਜੋ 1920 ਤੋਂ 1933 ਤੱਕ ਚੱਲਿਆ। ਇਸ ਕਾਨੂੰਨ ਦੇ ਤਹਿਤ ਸ਼ਰਾਬ ਦਾ ਉਤਪਾਦਨ, ਵਿਕਰੀ ਅਤੇ ਪੀਣ 'ਤੇ ਪੂਰੀ ਤਰ੍ਹਾਂ ਪਾਬੰਦੀ ਸੀ। ਇਸ ਨੂੰ 'ਨੋਬਲ ਐਕਸਪੈਰੀਮੈਂਟ' ਕਿਹਾ ਜਾਂਦਾ ਸੀ ਪਰ ਇਹ ਅਪਰਾਧ ਅਤੇ ਬਲੈਕ ਮਾਰਕੀਟ ਨੂੰ ਉਤਸ਼ਾਹਿਤ ਕਰਨ ਵਾਲਾ ਸਾਬਿਤ ਹੋਇਆ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦੇ ਸੰਬੰਧੀ 'ਚ 1 ਵਿਅਕਤੀ ਗ੍ਰਿਫ਼ਤਾਰ

**■ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕੀਤਾ ਗ੍ਰਿਫ਼ਤਾਰ**





**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦੇ ਸਬੰਧ ਵਿਚ ਅਰਸਲਾਨ ਚੌਧਰੀ (43) ਨੂੰ ਦੁਬਈ ਤੋਂ ਪਹੁੰਚਣ ਤੋਂ ਬਾਅਦ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ।

ਉਸ 'ਤੇ ਸੋਨੇ ਦੀ ਚੋਰੀ ਦਾ ਦੋਸ਼ ਲਗਾਇਆ ਗਿਆ ਹੈ ਅਤੇ ਉਹ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦੇ ਸਬੰਧ ਵਿਚ ਬਰੈਂਪਟਨ ਅਦਾਲਤ ਵਿਚ ਪੇਸ਼ ਹੋਵੇਗਾ। 17 ਅਪ੍ਰੈਲ, 2023 ਨੂੰ ਸਵਿਟਜ਼ਰਲੈਂਡ ਤੋਂ 400 ਕਿਲੋ ਸੋਨਾ (20 ਮਿਲੀਅਨ ਡਾਲਰ ਦੀ ਕੀਮਤ) ਅਤੇ 2.5 ਮਿਲੀਅਨ ਡਾਲਰ ਦੀ ਨਕਦੀ ਦੀ ਇੱਕ ਕਾਰਗੋ ਸ਼ਿਪਮੈਂਟ ਆਈ ਸੀ, ਜਿਸਦੀ ਚੋਰੀ ਦੀ ਰਿਪੋਰਟ ਅਗਲੇ ਦਿਨ ਪੀਲ ਪੁਲਿਸ ਨੂੰ ਦਿੱਤੀ ਗਈ ਸੀ।

ਪੀਲ ਪੁਲਿਸ ਨੇ ਸੋਨੇ ਅਤੇ ਨਕਦੀ ਚੋਰੀ ਦੇ ਸਬੰਧ ਵਿਚ 10 ਜੀ.ਟੀ.ਏ. ਨਿਵਾਸੀਆਂ ਦੀ ਪਛਾਣ ਕੀਤੀ ਹੈ ਅਤੇ ਉਨ੍ਹਾਂ 'ਤੇ ਦੋਸ਼ ਲਗਾਏ ਹਨ, ਜਾਂ ਵਾਰੰਟ ਜਾਰੀ ਕੀਤੇ ਹਨ। ਏਅਰ ਕੈਨੇਡਾ ਦੀ ਸਾਬਕਾ ਕਰਮਚਾਰੀ ਸਿਮਰਨ ਪ੍ਰੀਤ ਪਨੇਸਰ ਅਜੇ ਵੀ ਫਰਾਰ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਭਾਰਤ ਵਿਚ ਹੈ।

ਸ਼ੱਕੀਆਂ ਵਿਚ ਏਅਰ ਕੈਨੇਡਾ ਦੇ ਕਰਮਚਾਰੀ ਪਰਮਪਾਲ ਸਿੱਧੂ (54) ਅਤੇ ਗਹਿਣਿਆਂ ਦੀ ਦੁਕਾਨ ਦੇ ਮਾਲਕ ਅਲੀ ਰਜ਼ਾ (37), ਅਮਿਤ ਜਲੋਟਾ (40) ਅਤੇ ਅੰਮਾਦ ਚੌਧਰੀ (43) ਸ਼ਾਮਲ ਹਨ। ਪਨੇਸਰ ਦੀ ਹਵਾਲਗੀ ਦੀ ਬੇਨਤੀ ਭਾਰਤੀ ਅਧਿਕਾਰੀਆਂ ਨੂੰ ਸੌਂਪ ਦਿੱਤੀ ਗਈ ਹੈ। ਪ੍ਰਸਾਥ ਪਰਮਾਲਿੰਗਮ (36) ਲਈ ਗ੍ਰਿਫਤਾਰੀ ਵਾਰੰਟ ਵੀ ਸਰਗਰਮ ਹੈ। ਇਸ ਤੋਂ ਇਲਾਵਾ, ਬਰੈਂਪਟਨ ਦੇ ਡੁਰਾਂਟੇ ਕਿੰਗ-ਮੈਕਲੀਨ (27) ਨੇ ਹਾਲ ਹੀ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਹਥਿਆਰਾਂ ਦੀ ਤਸਕਰੀ ਨਾਲ ਸਬੰਧਤ ਦੋਸ਼ਾਂ ਦਾ ਦੋਸ਼ੀ ਮੰਨਿਆ ਹੈ। ਉਸਨੂੰ ਨਿਆਂ ਦਾ ਸਾਹਮਣਾ ਕਰਨ ਲਈ ਕੈਨੇਡਾ ਲਿਆਂਦਾ ਜਾਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕੀ ਅਦਾਲਤ 'ਚ ਮਾਦੁਰੋ ਦੀ ਪੈਰਵੀ ਨੂੰ ਲੈ ਕੇ 2 ਮਸ਼ਹੂਰ ਵਕੀਲਾਂ ਵਿਚਾਲੇ ਤਕਰਾਰ

**ਨਿਊਯਾਰਕ, (ਪੰਜਾਬ ਮੇਲ)-** ਵੈਨੇਜ਼ੁਏਲਾ ਦੇ ਅਹੁਦੇ ਤੋਂ ਹਟਾਏ ਗਏ ਰਾਸ਼ਟਰਪਤੀ ਨਿਕੋਲਸ ਮਾਦੁਰੋ 'ਤੇ ਅਮਰੀਕੀ ਅਦਾਲਤ ਵਿਚ ਚੱਲ ਰਹੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿਚ ਹੁਣ ਇੱਕ ਨਵਾਂ ਮੋੜ ਆ ਗਿਆ ਹੈ। ਇਸ ਅਹਿਮ ਮਾਮਲੇ ਵਿਚ ਅਦਾਲਤ ਅੰਦਰ ਮਾਦੁਰੋ ਦੀ ਨੁਮਾਇੰਦਗੀ ਕੌਣ ਕਰੇਗਾ, ਇਸ ਗੱਲ ਨੂੰ ਲੈ ਕੇ ਦੋ ਮਸ਼ਹੂਰ ਵਕੀਲਾਂ ਵਿਚਾਲੇ ਤਕਰਾਰ ਸ਼ੁਰੂ ਹੋ ਗਈ ਹੈ।

ਮਾਦੁਰੋ ਦੇ ਮੌਜੂਦਾ ਬਚਾਅ ਪੱਖ ਦੇ ਵਕੀਲ ਬੈਰੀ ਪੋਲਾਕ ਨੇ ਇਲਜ਼ਾਮ ਲਾਇਆ ਹੈ ਕਿ ਇੱਕ ਹੋਰ ਵਕੀਲ, ਬਰੂਸ ਫਾਈਨ, ਬਿਨਾਂ ਇਜਾਜ਼ਤ ਇਸ ਮਾਮਲੇ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੂਜੇ ਪਾਸੇ, ਬਰੂਸ ਫਾਈਨ, ਜੋ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਦੇ ਸਮੇਂ ਉਪ-ਅਟਾਰਨੀ ਜਨਰਲ ਰਹਿ ਚੁੱਕੇ ਹਨ, ਦਾ ਕਹਿਣਾ ਹੈ ਕਿ ਮਾਦੁਰੋ ਦੇ ਪਰਿਵਾਰ ਅਤੇ ਕਰੀਬੀ ਲੋਕਾਂ ਨੇ ਉਨ੍ਹਾਂ ਤੋਂ ਮਦਦ ਮੰਗੀ ਸੀ। ਫਾਈਨ ਅਨੁਸਾਰ ਇਹ ਲੋਕ ਚਾਹੁੰਦੇ ਸਨ ਕਿ ਮਾਦੁਰੋ ਆਪਣੀ ਗ੍ਰਿਫ਼ਤਾਰੀ ਅਤੇ ਅਪਰਾਧਿਕ ਮਾਮਲੇ ਦੀ ਗੰਭੀਰ ਸਥਿਤੀ ਨੂੰ ਸਮਝ ਸਕਣ।

ਨਿਕੋਲਸ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਸਿਲਿਆ ਫਲੋਰੇਸ 'ਤੇ ਇਲਜ਼ਾਮ ਹੈ ਕਿ ਉਨ੍ਹਾਂ ਨੇ ਨਸ਼ੀਲੇ ਪਦਾਰਥਾਂ ਦੇ ਗਿਰੋਹਾਂ ਨਾਲ ਮਿਲ ਕੇ ਅਮਰੀਕਾ ਵਿਚ ਹਜ਼ਾਰਾਂ ਟਨ ਕੋਕੀਨ ਦੀ ਤਸਕਰੀ ਵਿਚ ਮਦਦ ਕੀਤੀ ਸੀ। ਦੱਸ ਦੇਈਏ ਕਿ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਨੂੰ ਅਮਰੀਕੀ ਵਿਸ਼ੇਸ਼ ਬਲਾਂ ਨੇ ਕਾਰਾਕਸ ਸਥਿਤ ਉਨ੍ਹਾਂ ਦੇ ਨਿਵਾਸ ਤੋਂ ਹਿਰਾਸਤ ਵਿਚ ਲਿਆ ਸੀ। ਹਾਲਾਂਕਿ, ਮਾਦੁਰੋ ਨੇ ਇਨ੍ਹਾਂ ਸਾਰੇ ਇਲਜ਼ਾਮਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਫਿਲਹਾਲ ਮਾਦੁਰੋ ਬ੍ਰੁਕਲਿਨ ਦੀ ਇੱਕ ਸੰਘੀ ਜੇਲ੍ਹ ਵਿਚ ਬੰਦ ਹੈ। ਵਕੀਲ ਬਰੂਸ ਫਾਈਨ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦਾ ਮਾਦੁਰੋ ਨਾਲ ਫੋਨ ਜਾਂ ਵੀਡੀਓ ਰਾਹੀਂ ਸਿੱਧਾ ਸੰਪਰਕ ਨਹੀਂ ਹੋਇਆ ਹੈ, ਪਰ ਉਨ੍ਹਾਂ ਨੇ ਇਸ ਮਾਮਲੇ ਵਿਚ ਮਦਦ ਲੈਣ ਦੀ ਇੱਛਾ ਜਤਾਈ ਸੀ। ਦੂਜੇ ਪਾਸੇ ਪੋਲਾਕ ਨੇ ਜੱਜ ਨੂੰ ਫਾਈਨ ਦੀ ਨਿਯੁਕਤੀ ਰੱਦ ਕਰਨ ਦੀ ਅਪੀਲ ਕੀਤੀ ਹੈ, ਕਿਉਂਕਿ ਉਨ੍ਹਾਂ ਮੁਤਾਬਕ ਫਾਈਨ ਮਾਦੁਰੋ ਦੇ ਅਧਿਕਾਰਤ ਵਕੀਲ ਨਹੀਂ ਹਨ। ਸੋਮਵਾਰ ਨੂੰ ਮਾਦੁਰੋ ਵੱਲੋਂ ਅਦਾਲਤ ਵਿਚ ਸਿਰਫ਼ ਵਕੀਲ ਪੋਲਾਕ ਹੀ ਮੌਜੂਦ ਸਨ।

# ਅਮਰੀਕਾ ਕੋਲ ਵੈਨੇਜ਼ੁਏਲਾ ਲਈ ਤਿੰਨ-ਪੜਾਅ ਵਾਲੀ ਯੋਜਨਾ ਤਿਆਰ: ਰੂਬੀਓ

**■ ਕਿਹਾ; ਪਹਿਲਾ ਪੜਾਅ ਵੈਨੇਜ਼ੁਏਲਾ ਨੂੰ ਅਰਾਜਕਤਾ ਤੋਂ ਸਥਿਰ ਕਰਨਾ ਹੋਵੇਗਾ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਵੈਨੇਜ਼ੁਏਲਾ ਲਈ ਅਮਰੀਕੀ ਸਰਕਾਰ ਦੀ ਯੋਜਨਾ ਤਿੰਨ ਪੜਾਵਾਂ ਵਿਚ ਅੱਗੇ ਵਧੇਗੀ- ਪਹਿਲਾਂ ਦੇਸ਼ ਨੂੰ ਸਥਿਰ ਕਰਨਾ, ਫਿਰ ਆਰਥਿਕ ਸੁਧਾਰ ਅਤੇ ਅੰਤ ਵਿਚ ਸੱਤਾ ਦਾ ਸ਼ਾਂਤੀਪੂਰਨ ਪਰਿਵਰਤਨ। ਉਨ੍ਹਾਂ ਨੇ ਇਹ ਜਾਣਕਾਰੀ 7 ਜਨਵਰੀ ਨੂੰ ਦਿੱਤੀ।

ਰੂਬੀਓ ਅਤੇ ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਬੰਦ ਦਰਵਾਜ਼ੇ ਦੀ ਮੀਟਿੰਗ ਵਿਚ ਸੈਨੇਟ ਅਤੇ ਪ੍ਰਤੀਨਿਧੀ ਸਭਾ ਦੇ ਮੈਂਬਰਾਂ ਨੂੰ ਵੈਨੇਜ਼ੁਏਲਾ ਨਾਲ ਸਬੰਧਤ ਯੋਜਨਾ ਬਾਰੇ ਜਾਣਕਾਰੀ ਦਿੱਤੀ। ਰੂਬੀਓ ਦੇ ਅਨੁਸਾਰ, ਇਹ ਪ੍ਰਕਿਰਿਆ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਅਮਰੀਕੀ ਫੌਜਾਂ ਦੁਆਰਾ ਹਿਰਾਸਤ ਵਿਚ ਲਏ ਜਾਣ ਤੋਂ ਬਾਅਦ ਸ਼ੁਰੂ ਹੋਈ ਸੀ। ਰੂਬੀਓ ਨੇ ਕਿਹਾ ਕਿ ਪਹਿਲਾ ਪੜਾਅ ਵੈਨੇਜ਼ੁਏਲਾ ਨੂੰ ਅਰਾਜਕਤਾ ਤੋਂ ਸਥਿਰ ਕਰਨਾ ਹੋਵੇਗਾ। ਇਸ ਤੋਂ ਬਾਅਦ ਇੱਕ "ਰਿਕਵਰੀ ਪੜਾਅ" ਹੋਵੇਗਾ, ਜਿਸ ਵਿਚ ਅਮਰੀਕੀ ਅਤੇ ਪੱਛਮੀ ਕੰਪਨੀਆਂ ਨੂੰ ਵੈਨੇਜ਼ੁਏਲਾ ਦੇ ਬਾਜ਼ਾਰ, ਖਾਸ ਕਰਕੇ ਤੇਲ ਖੇਤਰ ਤੱਕ ਪਹੁੰਚ ਦਿੱਤੀ ਜਾਵੇਗੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਮਾਦੁਰੋ ਦੇ ਕਰੀਬੀ ਨੇਤਾ ਅਮਰੀਕੀ ਮੰਗਾਂ ਦੀ ਪਾਲਣਾ ਨਹੀਂ ਕਰਨਗੇ, ਤਾਂ ਹੋਰ ਫੌਜੀ ਕਾਰਵਾਈ ਕੀਤੀ ਜਾ ਸਕਦੀ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਬਾਜ਼ਾਰ ਕੀਮਤਾਂ 'ਤੇ 30 ਮਿਲੀਅਨ ਤੋਂ 50 ਮਿਲੀਅਨ ਬੈਰਲ ਵੈਨੇਜ਼ੁਏਲਾ ਕੱਚਾ ਤੇਲ ਵੇਚ ਸਕਦਾ ਹੈ ਅਤੇ ਇਸ ਪੈਸੇ ਦੀ ਵਰਤੋਂ ਸ਼ਾਸਨ ਤਬਦੀਲੀ ਪ੍ਰਕਿਰਿਆ ਨੂੰ ਫੰਡ ਦੇਣ ਲਈ ਕਰ ਸਕਦਾ ਹੈ।

ਰੂਬੀਓ ਨੇ ਕਿਹਾ ਕਿ ਅਮਰੀਕਾ ਇਸ ਤੇਲ ਤੋਂ ਹੋਣ ਵਾਲੀ ਆਮਦਨ ਨੂੰ ਕੰਟਰੋਲ ਕਰੇਗਾ, ਤਾਂ ਜੋ ਇਸਦੀ ਵਰਤੋਂ ਵੈਨੇਜ਼ੁਏਲਾ ਦੇ ਲੋਕਾਂ ਦੇ ਭਲੇ ਲਈ ਕੀਤੀ ਜਾ ਸਕੇ, ਨਾ ਕਿ ਭ੍ਰਿਸ਼ਟਾਚਾਰ ਜਾਂ ਪੁਰਾਣੇ ਸ਼ਾਸਨ ਲਈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਅਮਰੀਕਾ ਨੂੰ ਵੈਨੇਜ਼ੁਏਲਾ ਵਿਚ ਸਥਿਰਤਾ ਲਿਆਉਣ ਲਈ ਸਖ਼ਤ ਦਬਾਅ ਪਾਉਣ ਦਾ ਮੌਕਾ ਮਿਲੇਗਾ। ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ ਨੇ ਇਸ ਯੋਜਨਾ ਦੀ ਸਖ਼ਤ ਆਲੋਚਨਾ ਕੀਤੀ ਹੈ। ਸਾਬਕਾ ਹਾਊਸ ਸਪੀਕਰ ਨੈਨਸੀ ਪੇਲੋਸੀ ਨੇ ਕਿਹਾ ਕਿ ਇਹ ਯੋਜਨਾ ਤੇਲ ਲੁੱਟਣ ਦੀ ਯੋਜਨਾ ਵਰਗੀ ਹੈ ਅਤੇ ਸਵਾਲ ਕੀਤਾ ਕਿ ਇਸਦੀ ਲਾਗਤ ਅਤੇ ਉਦੇਸ਼ ਦਾ ਜਨਤਕ ਤੌਰ 'ਤੇ ਖੁਲਾਸਾ ਕਿਉਂ ਨਹੀਂ ਕੀਤਾ ਜਾ ਰਿਹਾ ਹੈ।

ਡੈਮੋਕ੍ਰੇਟਿਕ ਸੈਨੇਟਰ ਕ੍ਰਿਸ ਮਰਫੀ ਨੇ ਇਸ ਯੋਜਨਾ ਨੂੰ "ਪਾਗਲਪਨ" ਕਿਹਾ। ਉਨ੍ਹਾਂ ਕਿਹਾ ਕਿ ਹਥਿਆਰਾਂ ਦੇ ਜ਼ੋਰ 'ਤੇ ਵੈਨੇਜ਼ੁਏਲਾ ਦਾ ਤੇਲ ਖੋਹਣ ਅਤੇ ਦੇਸ਼ ਦਾ ਪ੍ਰਬੰਧਨ ਕਰਨ ਦਾ ਵਿਚਾਰ ਬਹੁਤ ਖ਼ਤਰਨਾਕ ਸੀ। ਇਸ ਦੌਰਾਨ, ਰਿਪਬਲਿਕਨ ਕਾਂਗਰਸਮੈਨ ਡੌਨ ਬੇਕਨ ਨੇ ਮਾਦੁਰੋ ਨੂੰ ਹਟਾਉਣ ਦਾ ਸਮਰਥਨ ਕੀਤਾ, ਪਰ ਕਿਹਾ ਕਿ ਅਮਰੀਕਾ ਨੂੰ ਮਾਦੁਰੋ ਦੇ ਉਪ-ਰਾਸ਼ਟਰਪਤੀ, ਡੈਲਸੀ ਰੋਡਰਿਗਜ਼ ਨਾਲ ਕੰਮ ਕਰਨ ਦੀ ਬਜਾਏ ਵੈਨੇਜ਼ੁਏਲਾ ਦੇ ਜਾਇਜ਼ ਤੌਰ 'ਤੇ ਚੁਣੇ ਹੋਏ ਨੇਤਾਵਾਂ ਨੂੰ ਸੱਤਾ ਵਿਚ ਲਿਆਉਣਾ ਚਾਹੀਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਅਮਰੀਕਾ ਦਾ ਧਿਆਨ ਸਿਰਫ਼ ਤੇਲ 'ਤੇ ਹੀ ਰਿਹਾ, ਤਾਂ ਇਹ ਫੈਸਲਾ ਦੁਨੀਆਂ ਅਤੇ ਅਮਰੀਕਾ ਦੋਵਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਕੁੱਲ ਮਿਲਾ ਕੇ, ਵੈਨੇਜ਼ੁਏਲਾ ਲਈ ਅਮਰੀਕੀ ਯੋਜਨਾ ਅੰਤਰਰਾਸ਼ਟਰੀ ਵਿਵਾਦ ਦਾ ਵਿਸ਼ਾ ਬਣ ਗਈ ਹੈ, ਸਰਕਾਰ ਇਸਨੂੰ ਸਥਿਰਤਾ ਅਤੇ ਤਬਦੀਲੀ ਦੀ ਪ੍ਰਕਿਰਿਆ ਵਜੋਂ ਦਰਸਾਉਂਦੀ ਹੈ, ਦੂਜੇ ਪਾਸੇ, ਵਿਰੋਧੀ ਧਿਰ ਇਸਨੂੰ ਤੇਲ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਦੱਸ ਰਹੀ ਹੈ।

# ਟਰੰਪ ਵੱਲੋਂ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀਆਂ ਧਮਕੀਆਂ ਨਾਲ ਅੰਤਰਰਾਸ਼ਟਰੀ ਤਣਾਅ ਹੋਇਆ ਪੈਦਾ

**■ ਡੈਨਮਾਰਕ ਨੇ ਮੰਗਿਆ ਭਾਰਤ ਦਾ ਸਮਰਥਨ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਡੈਨਮਾਰਕ ਦੇ ਅਰਧ-ਅਧਿਕਾਰ ਵਾਲੇ ਖੇਤਰ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀਆਂ ਮੁੜ ਦਿੱਤੀਆਂ ਗਈਆਂ ਧਮਕੀਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਤਣਾਅ ਪੈਦਾ ਕਰ ਦਿੱਤਾ ਹੈ। ਇਸ ਸਥਿਤੀ ਦੇ ਮੱਦੇਨਜ਼ਰ, ਡੈਨਮਾਰਕ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਅਤੇ ਸੰਸਦ ਮੈਂਬਰ ਰਾਸਮਸ ਜਾਰਲੋਵ ਨੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਭੂਸੱਤਾ ਦੇ ਸਿਧਾਂਤਾਂ ਦੀ ਰਾਖੀ ਲਈ ਡੈਨਮਾਰਕ ਦਾ ਸਾਥ ਦੇਵੇ।

ਟਰੰਪ ਪ੍ਰਸ਼ਾਸਨ ਗ੍ਰੀਨਲੈਂਡ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਦਬਾਅ ਪਾ ਰਿਹਾ ਹੈ ਕਿਉਂਕਿ ਇਹ ਖੇਤਰ ਦੁਰਲੱਭ ਖਣਿਜਾਂ, ਯੂਰੇਨੀਅਮ ਅਤੇ ਲੋਹੇ ਵਰਗੇ ਕੁਦਰਤੀ ਸਰੋਤਾਂ ਨਾਲ ਭਰਪੂਰ ਹੈ। ਟਰੰਪ ਨੇ ਸੰਕੇਤ ਦਿੱਤਾ ਹੈ ਕਿ ਜੇਕਰ ਡੈਨਮਾਰਕ ਸਹਿਮਤ ਨਹੀਂ ਹੁੰਦਾ, ਤਾਂ ਅਮਰੀਕਾ ਫੌਜੀ ਤਾਕਤ ਦੀ ਵਰਤੋਂ ਵੀ ਕਰ ਸਕਦਾ ਹੈ।

ਜਾਰਲੋਵ ਨੇ ਕਿਹਾ ਕਿ ਭਾਵੇਂ ਗ੍ਰੀਨਲੈਂਡ ਭਾਰਤ ਤੋਂ ਬਹੁਤ ਦੂਰ ਹੈ, ਪਰ ਇਹ ਸੰਪੂਰਨ ਪ੍ਰਭੂਸੱਤਾ ਦਾ ਮਾਮਲਾ ਹੈ। ਉਨ੍ਹਾਂ ਤਰਕ ਦਿੱਤਾ ਕਿ ਜੇਕਰ ਭਾਰਤ ਆਪਣੇ ਕਿਸੇ ਖੇਤਰ 'ਤੇ ਵਿਦੇਸ਼ੀ ਕਬਜ਼ੇ ਨੂੰ ਸਵੀਕਾਰ ਨਹੀਂ ਕਰ ਸਕਦਾ, ਤਾਂ ਉਸ ਨੂੰ ਇਸ ਮਾਮਲੇ ਵਿਚ ਵੀ ਡੈਨਮਾਰਕ ਦੇ ਹੱਕ ਵਿਚ ਖੜ੍ਹਨਾ ਚਾਹੀਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਜਿਹੇ ਕਬਜ਼ੇ ਦੁਨੀਆਂ ਨੂੰ ਅਰਾਜਕਤਾ ਵੱਲ ਲੈ ਜਾਣਗੇ। ਡੈਨਮਾਰਕ ਨੇ ਅਮਰੀਕਾ ਦੇ ਉਸ ਦਾਅਵੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਕਿ ਗ੍ਰੀਨਲੈਂਡ 'ਤੇ ਚੀਨ ਜਾਂ ਰੂਸ ਦਾ ਕੋਈ ਖਤਰਾ ਹੈ। ਜਾਰਲੋਵ ਅਨੁਸਾਰ, ਗ੍ਰੀਨਲੈਂਡ ਵਿਚ ਚੀਨ ਦੀ ਕੋਈ ਫੌਜੀ ਜਾਂ ਆਰਥਿਕ ਗਤੀਵਿਧੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਖਤਰਾ ਹੁੰਦਾ, ਤਾਂ ਅਮਰੀਕਾ ਉੱਥੇ ਆਪਣੀ ਫੌਜ 15,000 ਤੋਂ ਘਟਾ ਕੇ ਸਿਰਫ 150 ਨਾ ਕਰਦਾ। ਸੰਸਦ ਮੈਂਬਰ ਨੇ ਇਸ ਗੱਲ 'ਤੇ ਹੈਰਾਨੀ ਜਤਾਈ ਕਿ ਅਮਰੀਕਾ ਆਪਣੇ ਹੀ ਇੱਕ ਵਫ਼ਾਦਾਰ ਸਹਿਯੋਗੀ ਦੇਸ਼ (ਡੈਨਮਾਰਕ) ਨੂੰ ਧਮਕੀਆਂ ਦੇ ਰਿਹਾ ਹੈ, ਜਦਕਿ ਗ੍ਰੀਨਲੈਂਡ ਵਿਚ ਪਹਿਲਾਂ ਹੀ ਅਮਰੀਕਾ ਦੀ ਫੌਜੀ ਪਹੁੰਚ ਮੌਜੂਦ ਹੈ।

# ਅਮਰੀਕਾ 'ਚ ਮਿਡਟਰਮ ਚੋਣਾਂ ਬਣੀਆਂ ਚੁਣੌਤੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵੈਨੇਜ਼ੁਏਲਾ ਵੱਲ ਲਗਾਤਾਰ ਧਿਆਨ ਉਨ੍ਹਾਂ ਦੇ ਕੁਝ ਨੇੜਲੇ ਸਹਿਯੋਗੀਆਂ ਅਤੇ ਰਿਪਬਲਿਕਨ ਕਾਨੂੰਨਘਾੜਿਆਂ ਲਈ ਚਿੰਤਾ ਦਾ ਕਾਰਨ ਬਣ ਗਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਚੋਣ ਸਾਲ ਵਿਚ ਰਾਸ਼ਟਰਪਤੀ ਨੂੰ ਵਿਦੇਸ਼ ਨੀਤੀ ਦੀ ਬਜਾਏ ਮਹਿੰਗਾਈ, ਅਰਥਵਿਵਸਥਾ ਅਤੇ ਸਿਹਤ ਸੇਵਾਵਾਂ ਵਰਗੇ ਘਰੇਲੂ ਮੁੱਦਿਆਂ 'ਤੇ ਵਧੇਰੇ ਧਿਆਨ ਦੇਣਾ ਚਾਹੀਦਾ ਹੈ।

ਵ੍ਹਾਈਟ ਹਾਊਸ ਦੇ ਅਧਿਕਾਰੀਆਂ ਮੁਤਾਬਕ, ਚੀਫ਼ ਆਫ਼ ਸਟਾਫ਼ ਸੂਸੀ ਵਾਈਲਸ, ਉਨ੍ਹਾਂ ਦੇ ਡਿਪਟੀ ਜੇਮਸ ਬਲੇਅਰ ਅਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਵਾਰ-ਵਾਰ ਟਰੰਪ ਨੂੰ ਘਰੇਲੂ ਮਸਲਿਆਂ ਨੂੰ ਪਹਿਲ ਦੇਣ ਦੀ ਸਲਾਹ ਦੇ ਰਹੇ ਹਨ। ਜੇ.ਡੀ. ਵੈਂਸ ਮੀਟਿੰਗਾਂ ਦੌਰਾਨ ਆਮ ਲੋਕਾਂ ਨਾਲ ਜੁੜੇ ਮੁੱਦਿਆਂ ਜਿਵੇਂ ਰੋਜ਼ਾਨਾ ਦੇ ਖਰਚੇ ਅਤੇ ਮਹਿੰਗਾਈ ਵੱਲ ਚਰਚਾ ਨੂੰ ਮੁੜ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।

ਅਧਿਕਾਰੀਆਂ ਕਹਿੰਦੇ ਹਨ ਕਿ ਵੈਨੇਜ਼ੁਏਲਾ ਵਿਚ ਅਮਰੀਕੀ ਕਾਰਵਾਈ ਤੋਂ ਬਾਅਦ ਟਰੰਪ ਅਤੇ ਉਨ੍ਹਾਂ ਦੇ ਸੀਨੀਅਰ ਅਧਿਕਾਰੀ ਵਿਦੇਸ਼ੀ ਮਾਮਲਿਆਂ 'ਤੇ ਕਾਫ਼ੀ ਜ਼ਿਆਦਾ ਧਿਆਨ ਦੇ ਰਹੇ ਹਨ, ਜਿਸ ਨਾਲ ਕਈ ਰਿਪਬਲਿਕਨ ਨੇਤਾ ਨਾਰਾਜ਼ ਹਨ। ਭਾਵੇਂ ਮਹਿੰਗਾਈ ਵਿਚ ਕੁਝ ਕਮੀ ਆਈ ਹੈ, ਪਰ ਆਮ ਲੋਕ ਅਜੇ ਵੀ ਘਰਾਂ ਦੇ ਕਿਰਾਏ, ਖਾਣ-ਪੀਣ ਦੀਆਂ ਚੀਜ਼ਾਂ ਅਤੇ ਸਿਹਤ ਬੀਮੇ ਦੀਆਂ ਵਧੀਆਂ ਕੀਮਤਾਂ ਨਾਲ ਪਰੇਸ਼ਾਨ ਹਨ।

ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਟਰੰਪ ਦੀ ਸਭ ਤੋਂ ਵੱਡੀ ਤਰਜੀਹ ਹਮੇਸ਼ਾ ਅਰਥਵਿਵਸਥਾ ਰਹੀ ਹੈ ਅਤੇ ਉਨ੍ਹਾਂ ਦੀ ਵਿਦੇਸ਼ ਨੀਤੀ ਵੀ "ਅਮਰੀਕਾ ਫਸਟ" ਦੇ ਸਿਧਾਂਤ 'ਤੇ ਆਧਾਰਿਤ ਹੈ। ਇਸ ਦੇ ਨਾਲ ਹੀ ਉਪ ਰਾਸ਼ਟਰਪਤੀ ਵੈਂਸ ਦੇ ਦਫ਼ਤਰ ਨੇ ਦੱਸਿਆ ਕਿ ਉਹ ਟਰੰਪ ਦੀਆਂ ਘਰੇਲੂ ਅਤੇ ਵਿਦੇਸ਼ੀ ਦੋਵਾਂ ਨੀਤੀਆਂ ਦਾ ਸਮਰਥਨ ਕਰਦੇ ਹਨ।

ਇਹ ਚਿੰਤਾ ਕੋਈ ਨਵੀਂ ਗੱਲ ਨਹੀਂ ਹੈ। ਪਿਛਲੇ ਕੁਝ ਹਫ਼ਤਿਆਂ ਵਿਚ ਟਰੰਪ ਨੇ ਗ੍ਰੀਨਲੈਂਡ ਅਤੇ ਪਨਾਮਾ ਬਾਰੇ ਬਿਆਨ ਦਿੱਤੇ, ਸੀਰੀਆ ਅਤੇ ਨਾਈਜੀਰੀਆ ਵਿਚ ਹਮਲਿਆਂ ਦੇ ਹੁਕਮ ਜਾਰੀ ਕੀਤੇ ਅਤੇ ਯੂਕਰੇਨ-ਰੂਸ ਸ਼ਾਂਤੀ ਯਤਨਾਂ ਵਿਚ ਵੀ ਸਰਗਰਮ ਭੂਮਿਕਾ ਨਿਭਾਈ ਹੈ। ਪਰ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਇਹ ਮੁੱਦਾ ਹੋਰ ਵੀ ਗੰਭੀਰ ਬਣਦਾ ਜਾ ਰਿਹਾ ਹੈ।

ਰਿਪਬਲਿਕਨ ਕਾਨੂੰਨਘਾੜੇ ਕਹਿੰਦੇ ਹਨ ਕਿ ਮੱਧਕਾਲੀ ਕਾਂਗਰਸ ਚੋਣਾਂ ਆਮ ਤੌਰ 'ਤੇ ਸੱਤਾ ਵਿਚ ਬੈਠੀ ਪਾਰਟੀ ਲਈ ਨੁਕਸਾਨਦਾਇਕ ਹੁੰਦੀਆਂ ਹਨ। ਅਜਿਹੀ ਸਥਿਤੀ ਵਿਚ ਜੇ ਵੋਟਰ ਅਰਥਵਿਵਸਥਾ ਤੋਂ ਖੁਸ਼ ਨਹੀਂ ਹੁੰਦੇ, ਤਾਂ ਰਿਪਬਲਿਕਨ ਪਾਰਟੀ ਲਈ ਕਾਂਗਰਸ ਵਿਚ ਆਪਣੀ ਥੋੜ੍ਹੀ ਬਹੁਤ ਲੀਡ ਬਚਾਉਣਾ ਔਖਾ ਹੋ ਸਕਦਾ ਹੈ।

ਟਰੰਪ ਨੇ "ਅਮਰੀਕਾ ਫਸਟ" ਏਜੰਡੇ 'ਤੇ ਚੋਣ ਜਿੱਤੀ ਸੀ ਅਤੇ ਵਿਦੇਸ਼ੀ ਦਖ਼ਲਅੰਦਾਜ਼ੀ ਤੋਂ ਬਚਣ ਦੇ ਨਾਲ-ਨਾਲ ਦੇਸ਼ ਦੀ ਅਰਥਵਿਵਸਥਾ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਸੀ। ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਅਮਰੀਕੀ ਚੋਣਾਂ ਵਿਚ ਵਿਦੇਸ਼ ਨੀਤੀ ਆਮ ਤੌਰ 'ਤੇ ਵੱਡਾ ਮੁੱਦਾ ਨਹੀਂ ਬਣਦੀ, ਜਦਕਿ ਮਹਿੰਗਾਈ ਅਤੇ ਰੋਜ਼ਾਨਾ ਖਰਚੇ ਵੋਟਰਾਂ ਲਈ ਸਭ ਤੋਂ ਅਹਿਮ ਰਹਿੰਦੇ ਹਨ।

ਇਸੇ ਕਰਕੇ ਵ੍ਹਾਈਟ ਹਾਊਸ ਹੁਣ ਸਰਵੇਖਣ ਕਰਵਾ ਰਿਹਾ ਹੈ, ਤਾਂ ਜੋ ਇਹ ਸਮਝਿਆ ਜਾ ਸਕੇ ਕਿ ਟਰੰਪ ਦੇ ਸਮਰਥਕ ਵੈਨੇਜ਼ੁਏਲਾ ਅਤੇ ਹੋਰ ਵਿਦੇਸ਼ੀ ਨੀਤੀਆਂ ਨੂੰ ਕਿਵੇਂ ਦੇਖਦੇ ਹਨ। ਪ੍ਰਸ਼ਾਸਨ ਦਾ ਮੰਨਣਾ ਹੈ ਕਿ "ਅਮਰੀਕਾ ਫਸਟ" ਦੇ ਸੰਦੇਸ਼ ਨੂੰ ਮਜ਼ਬੂਤ ਵਿਦੇਸ਼ ਨੀਤੀ ਰਾਹੀਂ ਅੱਗੇ ਵਧਾਇਆ ਜਾ ਸਕਦਾ ਹੈ, ਪਰ ਇਸ ਮੁੱਦੇ 'ਤੇ ਪਾਰਟੀ ਦੇ ਅੰਦਰ ਮਤਭੇਦ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ ਵੱਲੋਂ ਵੈਨੇਜ਼ੁਏਲਾ 'ਚ ਆਪਣੇ ਨਾਗਰਿਕਾਂ ਲਈ 'ਸਭ ਤੋਂ ਖਤਰਨਾਕ' ਐਡਵਾਈਜ਼ਰੀ ਜਾਰੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਵੈਨੇਜ਼ੁਏਲਾ 'ਚ ਮੌਜੂਦ ਆਪਣੇ ਨਾਗਰਿਕਾਂ ਨੂੰ ਲੈ ਕੇ ਸਖ਼ਤ ਚਿਤਾਵਨੀ ਜਾਰੀ ਕੀਤੀ ਹੈ। ਅਮਰੀਕੀ ਵਿਦੇਸ਼ ਮੰਤਰਾਲਾ ਦੇ ਬਿਊਰੋ ਆਫ ਕਾਂਸੁਲਰ ਅਫੇਅਰਜ਼ ਨੇ ਕਿਹਾ ਹੈ ਕਿ ਅੰਤਰਰਾਸ਼ਟਰੀ ਉਡਾਣਾਂ ਮੁੜ ਸ਼ੁਰੂ ਹੋਣ ਤੋਂ ਬਾਅਦ ਵੀ ਵੈਨੇਜ਼ੁਏਲਾ 'ਚ ਹਾਲਾਤ ਬੇਹੱਦ ਅਸਥਿਰ ਅਤੇ ਖ਼ਤਰਨਾਕ ਬਣੇ ਹੋਏ ਹਨ, ਇਸ ਲਈ ਉਥੇ ਮੌਜੂਦ ਸਾਰੇ ਅਮਰੀਕੀ ਨਾਗਰਿਕ ਤੁਰੰਤ ਦੇਸ਼ ਛੱਡ ਦੇਣ।



ਅਮਰੀਕੀ ਵਿਦੇਸ਼ ਮੰਤਰਾਲਾ ਨੇ ਸਾਫ਼ ਸ਼ਬਦਾਂ 'ਚ ਕਿਹਾ ਹੈ ਕਿ ਵੈਨੇਜ਼ੁਏਲਾ ਨੂੰ ਸਭ ਤੋਂ ਖ਼ਤਰਨਾਕ 'ਲੈਵਲ-4: ਡੂ ਨਾਟ ਟ੍ਰੈਵਲ' ਸ਼੍ਰੇਣੀ 'ਚ ਰੱਖਿਆ ਗਿਆ ਹੈ। ਮੰਤਰਾਲਾ ਮੁਤਾਬਕ ਇੱਥੇ ਅਮਰੀਕੀ ਨਾਗਰਿਕਾਂ ਨੂੰ ਗ਼ਲਤ ਤਰੀਕੇ ਨਾਲ ਹਿਰਾਸਤ 'ਚ ਲਏ ਜਾਣ, ਹਿਰਾਸਤ ਦੌਰਾਨ ਤਸ਼ੱਦਦ, ਅੱਤਵਾਦੀ ਗਤੀਵਿਧੀਆਂ, ਅਗਵਾ, ਸਥਾਨਕ ਕਾਨੂੰਨਾਂ ਦੀ ਮਨਮਾਨੀ ਵਰਤੋਂ, ਵਧਦੇ ਅਪਰਾਧ ਅਤੇ ਨਾਗਰਿਕ ਅਸ਼ਾਂਤੀ ਵਰਗੇ ਗੰਭੀਰ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚਿਤਾਵਨੀ 'ਚ ਇਹ ਵੀ ਕਿਹਾ ਗਿਆ ਹੈ ਕਿ ਦੇਸ਼ ਦੀ ਸਿਹਤ ਪ੍ਰਣਾਲੀ ਬੇਹੱਦ ਕਮਜ਼ੋਰ ਹੈ, ਜਿਸ ਨਾਲ ਕਿਸੇ ਹੰਗਾਮੀ ਸਥਿਤੀ 'ਚ ਇਲਾਜ ਮਿਲਣਾ ਵੀ ਮੁਸ਼ਕਿਲ ਹੋ ਸਕਦਾ ਹੈ।

ਅਮਰੀਕੀ ਵਿਦੇਸ਼ ਮੰਤਰਾਲਾ ਮੁਤਾਬਕ ਵੈਨੇਜ਼ੁਏਲਾ ਦੀ ਸੁਰੱਖਿਆ ਸਥਿਤੀ ਲਗਾਤਾਰ ਬਦਲ ਰਹੀ ਹੈ। ਕਈ ਇਲਾਕਿਆਂ 'ਚ ਹਥਿਆਰਬੰਦ ਮਿਲੀਸ਼ੀਆ ਗਿਰੋਹ, ਜਿਨ੍ਹਾਂ ਨੂੰ ਸਥਾਨਕ ਤੌਰ 'ਤੇ 'ਕੋਲੈਕਟਿਵੋਸ' ਕਿਹਾ ਜਾਂਦਾ ਹੈ, ਸੜਕਾਂ 'ਤੇ ਨਾਕਾਬੰਦੀ ਕਰ ਰਹੇ ਹਨ ਅਤੇ ਵਾਹਨਾਂ ਦੀ ਤਲਾਸ਼ੀ ਲੈ ਰਹੇ ਹਨ। ਰਿਪੋਰਟਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਇਹ ਗਿਰੋਹ ਅਮਰੀਕੀ ਨਾਗਰਿਕਤਾ ਜਾਂ ਅਮਰੀਕੀ ਸਮਰਥਕ ਹੋਣ ਦੇ ਸਬੂਤ ਲੱਭ ਰਹੇ ਹਨ।

ਅਮਰੀਕੀ ਨਾਗਰਿਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸੜਕ ਮਾਰਗ ਰਾਹੀਂ ਯਾਤਰਾ ਕਰਦੇ ਸਮੇਂ ਬਹੁਤ ਜ਼ਿਆਦਾ ਸਾਵਧਾਨੀ ਵਰਤਣ। ਨਾਲ ਹੀ ਏਅਰਲਾਈਨਜ਼ ਦੀ ਵੈੱਬਸਾਈਟ ਅਤੇ ਸੂਚਨਾਵਾਂ 'ਤੇ ਲਗਾਤਾਰ ਨਜ਼ਰ ਰੱਖਣ। ਇਹ ਚਿਤਾਵਨੀ ਅਜਿਹੇ ਸਮੇਂ ਆਈ ਹੈ, ਜਦੋਂ 3 ਜਨਵਰੀ ਨੂੰ ਤੜਕੇ ਅਮਰੀਕਾ ਨੇ ਵੈਨੇਜ਼ੁਏਲਾ 'ਚ ਵੱਡੇ ਪੱਧਰ 'ਤੇ ਫੌਜੀ ਕਾਰਵਾਈ ਕਰਦੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਨੂੰ ਹਿਰਾਸਤ 'ਚ ਲੈ ਲਿਆ ਸੀ। ਇਸ ਕਾਰਵਾਈ ਤੋਂ ਬਾਅਦ ਦੁਨੀਆਂ ਭਰ 'ਚ ਇਸ ਦੀ ਸਖ਼ਤ ਨਿੰਦਾ ਹੋਈ ਅਤੇ ਹਾਲਾਤ ਹੋਰ ਜ਼ਿਆਦਾ ਵਿਗੜ ਗਏ।

ਅਮਰੀਕੀ ਵਿਦੇਸ਼ ਮੰਤਰਾਲਾ ਨੇ ਸਪੱਸ਼ਟ ਕੀਤਾ ਹੈ ਕਿ ਵੈਨੇਜ਼ੁਏਲਾ 'ਚ ਅਮਰੀਕੀ ਦੂਤਾਵਾਸ ਦੀਆਂ ਐਮਰਜੈਂਸੀ ਅਤੇ ਰੈਗੂਲਰ ਸੇਵਾਵਾਂ ਬੰਦ ਹਨ। ਅਜਿਹੇ 'ਚ ਕਿਸੇ ਵੀ ਸੰਕਟ ਦੀ ਸਥਿਤੀ 'ਚ ਅਮਰੀਕਾ ਆਪਣੇ ਨਾਗਰਿਕਾਂ ਨੂੰ ਤੁਰੰਤ ਸਹਾਇਤਾ ਦੇਣ 'ਚ ਅਸਮਰੱਥ ਰਹੇਗਾ। ਕੁੱਲ ਮਿਲਾ ਕੇ ਅਮਰੀਕਾ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਵੈਨੇਜ਼ੁਏਲਾ ਇਸ ਸਮੇਂ ਅਮਰੀਕੀ ਨਾਗਰਿਕਾਂ ਲਈ ਬੇਹੱਦ ਅਸੁਰੱਖਿਅਤ ਹੈ। ਸਰਕਾਰ ਨੇ ਦੋ-ਟੁੱਕ ਕਿਹਾ ਹੈ ਕਿ ਜੋ ਵੀ ਅਮਰੀਕੀ ਨਾਗਰਿਕ ਉਥੇ ਮੌਜੂਦ ਹਨ, ਉਹ ਜਾਨ ਜੋਖ਼ਮ 'ਚ ਪਾਏ ਬਿਨਾਂ ਤੁਰੰਤ ਦੇਸ਼ ਛੱਡਣ।

## ਟਰੰਪ ਨਾਲ ਨੋਬਲ 'ਸਾਂਝਾ' ਨਹੀਂ ਕਰ ਸਕਦੀ ਮਚਾਡੋ : ਨੋਬਲ ਇੰਸਟੀਚਿਊਟ

ਨਿਊਯਾਰਕ, (ਪੰਜਾਬ ਮੇਲ)- ਨੋਬਲ ਇੰਸਟੀਚਿਊਟ ਨੇ ਸਪੱਸ਼ਟ ਕੀਤਾ ਹੈ ਕਿ ਵੈਨੇਜ਼ੁਏਲਾ ਦੀ ਵਿਰੋਧੀ ਧਿਰ ਦੀ ਨੇਤਾ ਮਾਰੀਆ ਕੋਰੀਨਾ ਮਚਾਡੋ ਹਾਲ ਹੀ 'ਚ ਮਿਲਿਆ ਨੋਬਲ ਸ਼ਾਂਤੀ ਪੁਰਸਕਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨਹੀਂ ਦੇ ਸਕਦੀ।

ਨਾਰਵੇਜੀਅਨ ਨੋਬਲ ਇੰਸਟੀਚਿਊਟ ਨੇ ਇਹ ਬਿਆਨ ਮਚਾਡੋ ਦੇ ਇਹ ਕਹਿਣ ਤੋਂ ਬਾਅਦ ਜਾਰੀ ਕੀਤਾ ਹੈ ਕਿ ਉਹ ਆਪਣਾ ਪੁਰਸਕਾਰ ਟਰੰਪ ਨੂੰ ਦੇਣਾ ਜਾਂ ਉਨ੍ਹਾਂ ਨਾਲ ਸਾਂਝਾ ਕਰਨਾ ਚਾਹੇਗੀ, ਜਿਨ੍ਹਾਂ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਫੜਨ ਦੀ ਅਮਰੀਕੀ ਮੁਹਿੰਮ ਦੀ ਨਿਗਰਾਨੀ ਕੀਤੀ ਹੈ।

ਮਾਦੁਰੋ ਨਿਊਯਾਰਕ 'ਚ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਇੰਸਟੀਚਿਊਟ ਨੇ ਸ਼ੁੱਕਰਵਾਰ ਨੂੰ ਜਾਰੀ ਬਿਆਨ 'ਚ ਕਿਹਾ ਕਿ ਨੋਬਲ ਸ਼ਾਂਤੀ ਪੁਰਸਕਾਰ ਦਾ ਐਲਾਨ ਹੋ ਜਾਣ ਤੋਂ ਬਾਅਦ ਇਸ 'ਤੇ ਨਾ ਤਾਂ ਰੋਕ ਲਾਈ ਜਾ ਸਕਦੀ ਹੈ, ਨਾ ਹੀ ਇਹ ਕਿਸੇ ਦੂਜੇ ਨੂੰ ਸੌਂਪਿਆ ਜਾਂ ਉਸ ਨਾਲ ਸਾਂਝਾ ਕੀਤਾ ਜਾ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

## ਟਰੰਪ ਵੱਲੋਂ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਲਈ ਫੌਜ ਨੂੰ ਪਲਾਨ ਤਿਆਰ ਕਰਨ ਦੇ ਹੁਕਮ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟ੍ਰੰਪ ਨੇ ਗ੍ਰੀਨਲੈਂਡ ਉੱਤੇ ਕਬਜਾ ਕਰਨ ਲਈ ਫੌਜ ਨੂੰ ਪਲਾਨ ਤਿਆਰ ਕਰਨ ਦੇ ਹੁਕਮ ਦਿੱਤੇ ਹਨ। ਟਰੰਪ ਗ੍ਰੀਨਲੈਂਡ ਉੱਤੇ ਪਹਿਲਾਂ ਵੀ ਕਬਜੇ ਦੀ ਧਮਕੀ ਦਿੰਦੇ ਰਹਿੰਦੇ ਹਨ ਪਰ ਇਸੇ ਵਿਚਾਲੇ ਖ਼ਬਰ ਆਈ ਹੈ ਕਿ ਉਨ੍ਹਾਂ ਨੇ ਸਪੈਸ਼ਲ ਫੋਰਸ ਕਮਾਂਡਰਾਂ ਨੂੰ ਸੰਭਾਵਿਤ ਹਮਲੇ ਦੀ ਯੋਜਨਾ ਬਣਾਉਣ ਲਈ ਕਿਹਾ ਹੈ। ਹਲਾਂਕਿ ਅਮਰੀਕੀ ਫੌਜ ਦੇ ਉੱਚ ਅਧਿਕਾਰੀਆਂ ਵੱਲੋਂ ਟਰੰਪ ਦੇ ਇਸ ਫੈਸਲੇ ਦਾ ਖੁੱਲ੍ਹ ਕੇ ਵਿਰੋਧ ਕੀਤਾ ਜਾ ਰਿਹਾ ਹੈ।

ਸਰੋਤਾਂ ਅਨੁਸਾਰ, ਜੁਆਇੰਟ ਚੀਫਸ ਆਫ ਸਟਾਫ ਨੇ ਇਸ ਫੈਸਲੇ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਦੇ ਖਿਲਾਫ ਦੱਸਿਆ ਹੈ। ਫੌਜੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਕਦਮ ਨਾ ਸਿਰਫ ਗੈਰ-ਕਾਨੂੰਨੀ ਹੈ, ਬਲਕਿ ਅਮਰੀਕੀ ਕਾਂਗਰਸ ਵੀ ਇਸ ਦਾ ਸਮਰਥਨ ਨਹੀਂ ਕਰੇਗੀ। ਰਿਪੋਰਟਾਂ ਮੁਤਾਬਕ, ਟਰੰਪ ਦੇ ਸਿਆਸੀ ਸਲਾਹਕਾਰ ਸਟੀਫਨ ਮਿਲਰ ਇਸ ਯੋਜਨਾ ਨੂੰ ਜ਼ੋਰ-ਸ਼ੋਰ ਨਾਲ ਅੱਗੇ ਵਧਾ ਰਹੇ ਹਨ। ਫੌਜੀ ਅਧਿਕਾਰੀ ਇਸ ਸਮੇਂ ਟਰੰਪ ਦਾ ਧਿਆਨ ਇਸ ਮੁੱਦੇ ਤੋਂ ਭਟਕਾਉਣ ਲਈ ਰੂਸ ਦੇ 'ਘੋਸਟ ਜਹਾਜ਼ਾਂ' ਨੂੰ ਰੋਕਣ ਜਾਂ ਇਰਾਨ ਵਿਰੁੱਧ ਸੀਮਤ ਕਾਰਵਾਈ ਵਰਗੇ ਹੋਰ ਵਿਕਲਪਾਂ ਦੀ ਪੇਸ਼ਕਸ਼ ਕਰ ਰਹੇ ਹਨ।

ਟਰੰਪ ਦਾ ਤਰਕ ਹੈ ਕਿ ਜੇਕਰ ਅਮਰੀਕਾ ਨੇ ਜਲਦੀ ਕਦਮ ਨਾ ਚੁੱਕਿਆ, ਤਾਂ ਰੂਸ ਜਾਂ ਚੀਨ ਗ੍ਰੀਨਲੈਂਡ 'ਤੇ ਆਪਣਾ ਕਬਜ਼ਾ ਜਮਾ ਸਕਦੇ ਹਨ। ਹਾਲਾਂਕਿ, ਬ੍ਰਿਟਿਸ਼ ਰਾਜਦੂਤਾਂ ਦਾ ਮੰਨਣਾ ਹੈ ਕਿ ਇਸ ਪਿੱਛੇ ਅਸਲ ਕਾਰਨ ਅਮਰੀਕਾ ਦੀਆਂ ਆਉਣ ਵਾਲੀਆਂ ਮੱਧਕਾਲੀ ਚੋਣਾਂ ਹਨ। ਟਰੰਪ ਪ੍ਰਸ਼ਾਸਨ ਦੇਸ਼ ਦੀ ਡਗਮਗਾ ਰਹੀ ਆਰਥਿਕਤਾ ਤੋਂ ਜਨਤਾ ਦਾ ਧਿਆਨ ਹਟਾ ਕੇ ਰਾਸ਼ਟਰੀ ਸੁਰੱਖਿਆ ਦੇ ਮੁੱਦੇ ਵੱਲ ਮੋੜਨਾ ਚਾਹੁੰਦਾ ਹੈ। ਰਾਜਨੀਤਿਕ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਅਜਿਹਾ ਕੋਈ ਕਦਮ ਚੁੱਕਦਾ ਹੈ, ਤਾਂ ਇਸ ਨਾਲ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਟਕਰਾਅ ਵਧੇਗਾ ਅਤੇ ਨਾਟੋ ਵਰਗੇ ਮਜ਼ਬੂਤ ਸੈਨਿਕ ਗਠਜੋੜ ਦੇ ਟੁੱਟਣ ਦਾ ਖਤਰਾ ਪੈਦਾ ਹੋ ਜਾਵੇਗਾ। ਦੂਜੇ ਪਾਸੇ, ਗ੍ਰੀਨਲੈਂਡ ਦੀਆਂ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਇਕਜੁੱਟ ਹੋ ਕੇ ਐਲਾਨ ਕੀਤਾ ਹੈ ਕਿ ਉਹ ਨਾ ਤਾਂ ਅਮਰੀਕੀ ਬਣਨਾ ਚਾਹੁੰਦੇ ਹਨ ਅਤੇ ਨਾ ਹੀ ਡੈਨਮਾਰਕ ਦੇ ਅਧੀਨ ਰਹਿਣਾ ਚਾਹੁੰਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਗ੍ਰੀਨਲੈਂਡ ਦੇ ਭਵਿੱਖ ਦਾ ਫੈਸਲਾ ਉੱਥੋਂ ਦੇ ਸਥਾਨਕ ਲੋਕ ਹੀ ਕਰਨਗੇ।

Global Allianz
ਕਾਨੂੰਨੀ ਸਲਾਹਾਂ
LAW FIRM LLP

Atul Kapoor
C.E.O
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188
Designed By Punjab Mail USA

# ਟਰੰਪ ਨੇ ਕਿਊਬਾ 'ਤੇ ਹਮਲੇ ਕਰਨ ਦੀ ਦਿੱਤੀ ਖੁੱਲ੍ਹੀ ਧਮਕੀ !

## ਮਾਰਕੋ ਰੂਬੀਓ ਨੂੰ ਰਾਸ਼ਟਰਪਤੀ ਬਣਾਉਣ ਦਾ ਕੀਤਾ ਸਮਰਥਨ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਿੱਖੀ ਬਿਆਨਬਾਜ਼ੀ ਕਰਦੇ ਹੋਏ ਕਿਊਬਾ 'ਤੇ ਹਮਲੇ ਦੇ ਸੰਕੇਤ ਦਿੱਤੇ ਹਨ। ਟਰੰਪ ਨੇ ਕਿਊਬਾ ਨੂੰ ਧਮਕਾਉਂਦੇ ਹੋਏ ਡੀਲ ਫਾਈਨਲ ਕਰਨ ਜਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ ਲਈ ਕਿਹਾ ਹੈ। ਇੰਨਾ ਹੀ ਨਹੀਂ, ਟਰੰਪ ਨੇ ਆਪਣੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਕਿਊਬਾ ਦਾ ਰਾਸ਼ਟਰਪਤੀ ਬਣਾਉਣ ਨੂੰ 'ਚੰਗਾ ਵਿਚਾਰ' ਦੱਸ ਕੇ ਨਵਾਂ ਵਿਵਾਦ ਵੀ ਪੈਦਾ ਕਰ ਦਿੱਤਾ ਹੈ। ਟਰੰਪ ਦਾ ਇਹ ਬਿਆਨ ਉਨ੍ਹਾਂ ਵੱਲੋਂ ਦੁਨੀਆਂ ਦੇ ਕਈ ਦੇਸ਼ਾਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਦੀ ਲੜੀ 'ਚ ਆਇਆ ਹੈ। ਅਮਰੀਕਾ ਹਾਲ ਹੀ 'ਚ ਵੈਨੇਜ਼ੁਏਲਾ 'ਚ ਹਮਲਾ ਕਰ ਚੁੱਕਾ ਹੈ। ਟਰੰਪ ਨੇ ਈਰਾਨ ਅਤੇ ਗ੍ਰੀਨਲੈਂਡ 'ਤੇ ਅਟੈਕ ਦੀ ਗੱਲ ਵੀ ਕਹੀ ਹੈ।

ਡੋਨਾਲਡ ਟਰੰਪ ਨੇ ਕਿਊਬਾ ਨੂੰ ਕਿਹਾ ਹੈ ਕਿ ਡੀਲ 'ਚ ਜ਼ਿਆਦਾ ਦੇਰ ਕਰਨਾ ਉਨ੍ਹਾਂ ਲਈ ਬੁਰਾ ਸਾਬਿਤ ਹੋਵੇਗਾ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਕਿਊਬਾ ਨੂੰ ਵੈਨੇਜ਼ੁਏਲਾ ਤੋਂ ਤੇਲ ਅਤੇ ਪੈਸੇ ਦਾ ਫਲੋਅ ਹੁਣ ਬੰਦ ਹੋ ਜਾਵੇਗਾ। ਅਮਰੀਕਾ ਨੇ 3 ਜਨਵਰੀ ਨੂੰ ਵੈਨੇਜ਼ੁਏਲਾ 'ਤੇ ਹਮਲਾ ਕਰਦੇ ਹੋਏ ਉਸ ਦੇ ਨੇਤਾ ਨੂੰ ਫੜਿਆ ਹੈ। ਕਿਊਬਾ ਨੂੰ ਲੰਬੇ ਸਮੇਂ ਤੋਂ ਸਹਿਯੋਗੀ ਵੈਨੇਜ਼ੁਏਲਾ ਤੋਂ ਤੇਲ ਮਿਲਦਾ ਰਿਹਾ ਹੈ। ਟਰੰਪ ਹੁਣ ਵੈਨੇਜ਼ੁਏਲਾ 'ਤੇ ਅਮਰੀਕੀ ਕੰਟਰੋਲ ਦੀ ਗੱਲ ਕਹਿੰਦੇ ਹੋਏ ਕਿਊਬਾ ਨੂੰ ਧਮਕਾ ਰਹੇ ਹਨ।

ਡੋਨਾਲਡ ਟਰੰਪ ਨੇ ਐਤਵਾਰ ਨੂੰ ਟਰੂਥ ਸੋਸ਼ਲ 'ਤੇ ਆਪਣੀ ਇਕ ਪੋਸਟ 'ਚ ਲਿਖਿਆ, 'ਕਿਊਬਾ ਕਈ ਸਾਲਾਂ ਤੱਕ ਵੈਨੇਜ਼ੁਏਲਾ ਤੋਂ ਭਾਰੀ ਮਾਤਰਾ 'ਚ ਮਿਲੇ ਤੇਲ ਅਤੇ ਪੈਸੇ 'ਤੇ ਜ਼ਿੰਦਾ ਰਿਹਾ ਹੈ। ਬਦਲੇ 'ਚ ਕਿਊਬਾ ਨੇ ਪਿਛਲੇ ਵੈਨੇਜ਼ੁਏਲਾ ਦੇ ਤਾਨਾਸ਼ਾਹਾਂ ਨੂੰ ਸੁਰੱਖਿਆ ਸੇਵਾਵਾਂ ਦਿੱਤੀਆਂ ਪਰ ਹੁਣ ਇਹ ਨਹੀਂ ਹੋਵੇਗਾ। ਹੁਣ ਕਿਊਬਾ ਨੂੰ ਕੋਈ ਤੇਲ ਜਾਂ ਪੈਸਾ ਨਹੀਂ ਜਾਵੇਗਾ। ਮੈਂ ਉਨ੍ਹਾਂ ਨੂੰ ਸਲਾਹ ਦਿੰਦਾ ਹਾਂ ਕਿ ਬਹੁਤ ਦੇਰ ਹੋਣ ਤੋਂ ਪਹਿਲਾਂ ਡੀਲ ਕਰ ਲੈਣ।' ਕਿਊਬਾ ਸਰਕਾਰ ਨੇ ਟਰੰਪ ਦੀਆਂ ਤਾਜ਼ਾ ਧਮਕੀਆਂ 'ਤੇ ਕੋਈ ਜਵਾਬ ਨਹੀਂ ਦਿੱਤਾ ਹੈ। ਇਸ ਤੋਂ ਪਹਿਲਾਂ ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡਿਆਜ਼ ਕੈਨੇਲ ਨੇ ਕਿਹਾ ਸੀ ਕਿ ਵੈਨੇਜ਼ੁਏਲਾ 'ਚ ਮਾਰੇ ਗਏ 32 ਬਹਾਦਰ ਕਿਊਬਾ ਦੇ ਲੜਾਕਿਆਂ ਨੂੰ ਸ਼ਾਹੀ ਵਰਦੀ 'ਚ ਅੱਤਵਾਦੀਆਂ ਦਾ ਸਾਹਮਣਾ ਕਰਨ ਲਈ ਸਨਮਾਨਿਤ ਕੀਤਾ ਜਾਵੇਗਾ। ਕਿਊਬਾ ਦੀ ਆਰਮੀ ਦੇ ਕਮਾਂਡੋ ਕਈ ਸਾਲ ਤੋਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਦੀ ਸੁਰੱਖਿਆ 'ਚ ਤਾਇਨਾਤ ਸਨ।

ਡੋਨਾਲਡ ਟਰੰਪ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਕਿਊਬਾ ਦਾ ਰਾਸ਼ਟਰਪਤੀ ਬਣਾਉਣ ਦਾ ਵੀ ਸਮਰਥਨ ਕੀਤਾ ਹੈ। ਟਰੰਪ ਨੇ ਸੋਸ਼ਲ ਮੀਡੀਆ ਦੇ ਇਕ ਪੋਸਟ 'ਤੇ ਕੁਮੈਂਟ ਕੀਤਾ ਹੈ। ਇਸ ਪੋਸਟ 'ਚ ਕਿਹਾ ਗਿਆ ਸੀ ਕਿ ਰੂਬੀਓ ਨੂੰ ਕਿਊਬਾ ਦਾ ਰਾਸ਼ਟਰਪਤੀ ਬਣਾਇਆ ਜਾਵੇ।

ਇਸ 'ਤੇ ਟਰੰਪ ਨੇ ਲਿਖਿਆ, 'ਮੈਨੂੰ ਇਹ ਵਿਚਾਰ ਸੁਣਨ 'ਚ ਚੰਗਾ ਲੱਗ ਰਿਹਾ ਹੈ।' ਇਕ ਦੇਸ਼ ਦਾ ਰਾਸ਼ਟਰਪਤੀ ਅਹੁਦਾ ਆਪਣੇ ਮੰਤਰੀ ਨੂੰ ਦੇਣਾ ਮਤਲਬ ਸੱਤਾ 'ਤੇ ਕਬਜ਼ੇ ਨੂੰ ਲੈ ਕੇ ਟਰੰਪ ਦਾ ਬਿਆਨ ਵਿਵਾਦ ਪੈਦਾ ਕਰ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਡੋਨਾਲਡ ਟਰੰਪ ਵੱਲੋਂ ਇੱਕ ਵਾਰ ਫਿਰ ਨੋਬਲ ਸ਼ਾਂਤੀ ਪੁਰਸਕਾਰ 'ਤੇ ਦਾਅਵਾ

## ਕਿਹਾ : ਨੋਬਲ ਪੁਰਸਕਾਰ ਦਾ ਮੇਰੇ ਤੋਂ ਵੱਧ ਕੋਈ ਹੱਕਦਾਰ ਨਹੀਂ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਨੋਬਲ ਸ਼ਾਂਤੀ ਪੁਰਸਕਾਰ ਲਈ ਆਪਣੀ ਦਾਅਵੇਦਾਰੀ ਪੇਸ਼ ਕਰਦਿਆਂ ਕਿਹਾ ਹੈ ਕਿ ਇਤਿਹਾਸ ਵਿਚ ਉਨ੍ਹਾਂ ਤੋਂ ਵੱਧ ਇਸ ਸਨਮਾਨ ਦਾ ਕੋਈ ਹੋਰ ਹੱਕਦਾਰ ਨਹੀਂ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਕਈ ਅਜਿਹੀਆਂ ਜੰਗਾਂ ਰੁਕਵਾਈਆਂ ਹਨ, ਜੋ ਦਹਾਕਿਆਂ ਤੋਂ ਚੱਲ ਰਹੀਆਂ ਸਨ। ਟਰੰਪ ਅਨੁਸਾਰ, ਦੂਜੀ ਵਾਰ ਰਾਸ਼ਟਰਪਤੀ ਬਣਨ ਦੇ 8 ਮਹੀਨਿਆਂ ਦੇ ਅੰਦਰ ਉਨ੍ਹਾਂ ਨੇ 8 ਵੱਡੀਆਂ ਜੰਗਾਂ ਰੁਕਵਾਈਆਂ ਹਨ। ਉਨ੍ਹਾਂ ਕਿਹਾ ਕਿ ਲੋਕ ਉਨ੍ਹਾਂ ਨੂੰ ਪਸੰਦ ਕਰਨ ਜਾਂ ਨਾ ਕਰਨ, ਪਰ ਉਨ੍ਹਾਂ ਨੇ ਉਹ ਟਕਰਾਅ ਖ਼ਤਮ ਕੀਤੇ ਹਨ, ਜੋ 25 ਤੋਂ 36 ਸਾਲਾਂ ਤੋਂ ਜਾਰੀ ਸਨ। ਟਰੰਪ ਨੇ ਵਿਸ਼ੇਸ਼ ਤੌਰ 'ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਰੁਕਵਾਉਣ ਦਾ ਸਿਹਰਾ ਖੁਦ ਨੂੰ ਦਿੱਤਾ ਹੈ ਤੇ ਕਿਹਾ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਉਨ੍ਹਾਂ ਨੂੰ ਲੱਖਾਂ ਜਾਨਾਂ ਬਚਾਉਣ ਲਈ ਧੰਨਵਾਦ ਕੀਤਾ ਸੀ। ਹਾਲਾਂਕਿ ਟਰੰਪ ਅਮਰੀਕੀ ਵਿਚੋਲਗੀ ਦਾ ਦਾਅਵਾ ਕਰ ਰਹੇ ਹਨ, ਪਰ ਭਾਰਤ ਸਰਕਾਰ ਜੰਗਬੰਦੀ ਵਿਚ ਕਿਸੇ ਵੀ ਤੀਜੀ ਧਿਰ ਦੇ ਦਖ਼ਲ ਨੂੰ ਸਿਰੇ ਤੋਂ ਨਕਾਰਦੀ ਰਹੀ ਹੈ।

# ਟਰੰਪ ਨੇ ਸੋਸ਼ਲ ਮੀਡੀਆ ਪੋਸਟ 'ਚ ਖੁਦ ਨੂੰ ਦੱਸਿਆ ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ




ਨਿਊਯਾਰਕ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਸੋਸ਼ਲ ਮੀਡੀਆ ਸਾਈਟ 'ਟਰੂਥ ਸੋਸ਼ਲ' 'ਤੇ ਆਪਣੀ ਇਕ ਤਸਵੀਰ ਪੋਸਟ ਕੀਤੀ ਹੈ, ਜਿਸ ਵਿਚ ਉਨ੍ਹਾਂ ਦਾ ਅਹੁਦਾ "ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ" ਲਿਖਿਆ ਹੋਇਆ ਹੈ। ਐਤਵਾਰ ਨੂੰ ਕੀਤੀ ਗਈ ਇਸ ਪੋਸਟ ਵਿਚ ਟਰੰਪ ਦੀ ਅਧਿਕਾਰਤ ਤਸਵੀਰ ਦੇ ਨਾਲ "ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਜਨਵਰੀ 2026" ਲਿਖਿਆ ਗਿਆ ਹੈ ਅਤੇ ਇਸ ਵਿਚ ਉਨ੍ਹਾਂ ਨੂੰ ਸੰਯੁਕਤ ਰਾਜ ਦੇ 45ਵੇਂ ਅਤੇ 47ਵੇਂ ਰਾਸ਼ਟਰਪਤੀ ਵਜੋਂ ਵੀ ਦਰਸਾਇਆ ਗਿਆ ਹੈ, ਜਿਨ੍ਹਾਂ ਨੇ 20 ਜਨਵਰੀ 2025 ਨੂੰ ਅਹੁਦਾ ਸੰਭਾਲਿਆ ਸੀ।

ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਅਮਰੀਕਾ ਨੇ ਵੈਨੇਜ਼ੁਏਲਾ ਵਿਰੁੱਧ "ਵੱਡੇ ਪੱਧਰ" 'ਤੇ ਕਾਰਵਾਈ ਕਰਦਿਆਂ ਦੇਸ਼ ਦੇ ਨੇਤਾ ਨਿਕੋਲਸ ਮਾਦੂਰੋ ਨੂੰ ਹਿਰਾਸਤ ਵਿਚ ਲਿਆ ਸੀ, ਜਿਨ੍ਹਾਂ ਨੂੰ ਉਨ੍ਹਾਂ ਦੀ ਪਤਨੀ ਸੀਲੀਆ ਫਲੋਰਸ ਸਮੇਤ ਨਿਊਯਾਰਕ ਲਿਜਾਇਆ ਗਿਆ, ਜਿੱਥੇ ਉਨ੍ਹਾਂ 'ਤੇ ਨਾਰਕੋ-ਟੈਰਰਿਜ਼ਮ ਸਾਜ਼ਿਸ਼ ਦੇ ਦੋਸ਼ ਲਗਾਏ ਗਏ ਹਨ।

ਟਰੰਪ ਨੇ ਕਿਹਾ ਹੈ ਕਿ ਅਮਰੀਕਾ ਉਦੋਂ ਤੱਕ ਵੈਨੇਜ਼ੁਏਲਾ ਦਾ ਪ੍ਰਬੰਧ ਚਲਾਏਗਾ, ਜਦੋਂ ਤੱਕ ਇੱਕ ਸੁਰੱਖਿਅਤ ਅਤੇ ਉਚਿਤ ਸੱਤਾ ਤਬਦੀਲੀ ਨਹੀਂ ਹੋ ਜਾਂਦੀ, ਕਿਉਂਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਵਾਗਡੋਰ ਨਹੀਂ ਸੌਂਪ ਸਕਦੇ, ਜੋ ਵੈਨੇਜ਼ੁਏਲਾ ਦੇ ਹਿੱਤਾਂ ਦਾ ਧਿਆਨ ਨਾ ਰੱਖਦਾ ਹੋਵੇ। ਹਾਲਾਂਕਿ ਵੈਨੇਜ਼ੁਏਲਾ ਦੀ ਉਪ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ ਪਿਛਲੇ ਹਫ਼ਤੇ ਅੰਤਰਿਮ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ, ਪਰ ਟਰੰਪ ਨੇ ਕਿਹਾ ਕਿ ਅੰਤਰਿਮ ਅਧਿਕਾਰੀ ਅਮਰੀਕਾ ਨੂੰ 3 ਤੋਂ 5 ਕਰੋੜ ਬੈਰਲ ਤੇਲ ਸੌਂਪਣਗੇ, ਜਿਸ ਤੋਂ ਹੋਣ ਵਾਲੀ ਕਮਾਈ 'ਤੇ ਅਮਰੀਕੀ ਰਾਸ਼ਟਰਪਤੀ ਵਜੋਂ ਉਨ੍ਹਾਂ ਦਾ ਕੰਟਰੋਲ ਹੋਵੇਗਾ, ਤਾਂ ਜੋ ਇਸਦੀ ਵਰਤੋਂ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਫਾਇਦੇ ਲਈ ਕੀਤੀ ਜਾ ਸਕੇ। ਉਨ੍ਹਾਂ ਨੇ ਊਰਜਾ ਸਕੱਤਰ ਕ੍ਰਿਸ ਰਾਈਟ ਨੂੰ ਇਸ ਯੋਜਨਾ ਨੂੰ ਤੁਰੰਤ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ।



# ICE ਗੋਲੀਬਾਰੀ: ਗੁਆਂਢੀਆਂ ਦੀ ਮਦਦ ਲਈ ਰੁਕਿਆ ਸੀ ਜੋੜਾ

**■ ਗੁੱਡ ਦੀ ਮੌਤ ਦੇ ਮਾਮਲੇ 'ਚ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ**




*ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਦੇ ਏਜੰਟਾਂ ਵੱਲੋਂ ਰੇਨੀ ਨਿਕੋਲ ਗੁੱਡ ਨੂੰ ਗੋਲੀ ਮਾਰ ਕੇ ਮਾਰਨ ਦੀ ਘਟਨਾ ਤੋਂ ਬਾਅਦ ਪ੍ਰਦਰਸ਼ਨਕਾਰੀ ਮਿਨੀਪੋਲਿਸ 'ਚ ਵਿਸਲ ਵਜਾ ਰੋਸ ਵਿਖਾਵਾ ਮੁਜ਼ਾਹਰਾ ਕਰਦੇ ਹੋਏ।*

ਵਾਸ਼ਿੰਗਟਨ, (ਪੰਜਾਬ ਮੇਲ)- ਮਿਨੀਪੋਲਿਸ 'ਚ ਸੰਘੀ ਇਮੀਗਰੇਸ਼ਨ ਏਜੰਟ ਵੱਲੋਂ ਕਾਰ 'ਚ ਮਹਿਲਾ ਰਿਨੀ ਗੁੱਡ ਦੀ ਹੱਤਿਆ ਮਗਰੋਂ ਖ਼ੁਲਾਸਾ ਹੋਇਆ ਕਿ ਜੋੜਾ ਗੋਲੀਬਾਰੀ ਵਾਲੇ ਦਿਨ ਆਪਣੇ ਗੁਆਂਢੀਆਂ ਦੀ ਮਦਦ ਕਰਨ ਲਈ ਰੁਕਿਆ ਸੀ। ਉਸ ਦੀ ਸਾਥਣ ਬੇਕਾ ਗੁੱਡ ਨੇ ਤਿੰਨ ਬੱਚਿਆਂ ਦੀ ਮਾਂ ਰਿਨੀ ਗੁੱਡ ਨੂੰ ਦਿਆਲਤਾ ਦੀ ਮਿਸਾਲ ਵਜੋਂ ਚੇਤੇ ਕੀਤਾ। ਮਿਨੀਸੋਟਾ ਪਬਲਿਕ ਰੇਡੀਓ ਨੂੰ ਦਿੱਤੇ ਲਿਖਤੀ ਬਿਆਨ 'ਚ ਬੇਕਾ ਗੁੱਡ ਨੇ ਕਿਹਾ, "ਸਾਡੇ ਕੋਲ ਆਵਾਜ਼ ਬੁਲੰਦ ਕਰਨ ਲਈ ਸੀਟੀ ਸੀ ਅਤੇ ਉਨ੍ਹਾਂ ਕੋਲ ਬੰਦੂਕਾਂ।"

ਬੇਕਾ ਨੇ ਕਿਹਾ ਕਿ ਰਿਨੀ ਇਸਾਈ ਸੀ, ਜੋ ਜਾਣਦੀ ਸੀ ਕਿ ਸਾਰੇ ਧਰਮ ਸੱਚ ਦਾ ਮਾਰਗ ਦਿਖਾਉਂਦੇ ਹਨ ਅਤੇ ਉਹ ਸਾਰਿਆਂ ਨਾਲ ਪਿਆਰ ਕਰਦੀ ਸੀ। ਪਰਿਵਾਰ ਦੀ ਹਮਾਇਤ 'ਚ ਆਉਣ ਲਈ ਉਸ ਨੇ ਅਮਰੀਕਾ ਅਤੇ ਦੁਨੀਆਂ ਭਰ ਦੇ ਲੋਕਾਂ ਦਾ ਧੰਨਵਾਦ ਕੀਤਾ। ਬੇਕਾ ਨੇ ਕਿਹਾ ਕਿ ਉਹ ਹੁਣ 6 ਵਰ੍ਹਿਆਂ ਦੇ ਪੁੱਤਰ ਦੀ ਪਰਵਰਿਸ਼ 'ਤੇ ਸਮਾਂ ਲਗਾਏਗੀ। ਇਮੀਗ੍ਰੇਸ਼ਨ ਅਤੇ ਕਸਟਮਸ ਐਨਫੋਰਸਮੈਂਟ ਅਧਿਕਾਰੀਆਂ ਨੇ ਬੀਤੇ ਹਫਤੇ ਬੁੱਧਵਾਰ ਨੂੰ ਹੌਂਡਾ ਪਾਇਲਟ ਐੱਸ.ਯੂ.ਵੀ. ਨੂੰ ਰੋਕਿਆ ਸੀ ਪਰ ਵਾਹਨ ਜਦੋਂ ਨਾ ਰੁਕਿਆ ਤਾਂ ICE ਅਧਿਕਾਰੀ ਨੇ ਗੋਲੀ ਚਲਾ ਦਿੱਤੀ ਸੀ, ਜਿਸ ਮਗਰੋਂ ਰਿਨੀ ਦੀ ਮੌਤ ਹੋ ਗਈ।

ਉਧਰ ਮਿਨੀਸੋਟਾ ਦੇ ਵਕੀਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਿਨੀ ਗੁੱਡ ਦੀ ਹੱਤਿਆ ਨਾਲ ਜੁੜੇ ਕਿਸੇ ਵੀ ਰਿਕਾਰਡਿੰਗ ਅਤੇ ਸਬੂਤ ਨੂੰ ਜਾਂਚਕਾਰਾਂ ਨਾਲ ਸਾਂਝਾ ਕਰਨ ਕਿਉਂਕਿ ਨਵਾਂ ਵੀਡੀਓ ਸਾਹਮਣੇ ਆਇਆ ਹੈ, ਜਿਸ 'ਚ ਇਮੀਗ੍ਰੇਸ਼ਨ ਅਧਿਕਾਰੀ ਨਾਲ ਰਿਨੀ ਦੀ ਟੱਕਰ ਦੇ ਆਖਰੀ ਪਲ ਦਿਖਾਏ ਗਏ ਹਨ। ਪੋਰਟਲੈਂਡ 'ਚ ਗੋਲੀਬਾਰੀ ਦੀ ਇਕ ਹੋਰ ਘਟਨਾ ਮਗਰੋਂ ਕਈ ਸ਼ਹਿਰਾਂ 'ਚ ਇਮੀਗ੍ਰੇਸ਼ਨ ਅਧਿਕਾਰੀਆਂ ਖ਼ਿਲਾਫ਼ ਪ੍ਰਦਰਸ਼ਨ ਹੋ ਰਹੇ ਹਨ। ਲੋਕ ਅਮਰੀਕੀ ਸਰਕਾਰ ਦੀ ਇਮੀਗ੍ਰੇਸ਼ਨ ਨੀਤੀ 'ਤੇ ਸਵਾਲ ਚੁੱਕ ਰਹੇ ਹਨ। ਟਰੰਪ ਪ੍ਰਸ਼ਾਸਨ ਨੇ ਕਾਰ 'ਚ ਗੁੱਡ ਨੂੰ ਗੋਲੀ ਮਾਰਨ ਵਾਲੇ ਅਧਿਕਾਰੀ ਦਾ ਬਚਾਅ ਕਰਦਿਆਂ ਕਿਹਾ ਕਿ ਉਹ ਆਪਣੀ ਅਤੇ ਸਾਥੀ ਏਜੰਟਾਂ ਦੀ ਸੁਰੱਖਿਆ ਕਰ ਰਿਹਾ ਸੀ।

## ਰੂਸ ਵੱਲੋਂ ਪ੍ਰਮਾਣੂ ਧਮਕੀ ਤੋਂ ਬਾਅਦ ਟਰੰਪ ਪ੍ਰਸ਼ਾਸਨ ਵੱਲੋਂ 21 ਦੇਸ਼ਾਂ ਲਈ ਟ੍ਰੈਵਲ ਐਡਵਾਈਜ਼ਰੀ ਜਾਰੀ

ਵਾਸ਼ਿੰਗਟਨ, (ਪੰਜਾਬ ਮੇਲ)- ਰੂਸ ਨਾਲ ਵਧਦੇ ਤਣਾਅ ਅਤੇ ਪ੍ਰਮਾਣੂ ਹਮਲੇ ਦੀਆਂ ਧਮਕੀਆਂ ਦੇ ਵਿਚਕਾਰ, ਅਮਰੀਕਾ ਦੇ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਵੀਰਵਾਰ ਨੂੰ ਆਪਣੇ ਨਾਗਰਿਕਾਂ ਲਈ ਇੱਕ ਅਹਿਮ ਟ੍ਰੈਵਲ ਐਡਵਾਈਜ਼ਰੀ ਜਾਰੀ ਕੀਤੀ ਹੈ। ਇਸ ਐਡਵਾਈਜ਼ਰੀ ਵਿਚ ਅਮਰੀਕੀ ਨਾਗਰਿਕਾਂ ਨੂੰ ਦੁਨੀਆਂ ਦੇ 21 ਖ਼ਤਰਨਾਕ ਦੇਸ਼ਾਂ ਦੀ ਯਾਤਰਾ ਨਾ ਕਰਨ ਦੀ ਸਖ਼ਤ ਹਦਾਇਤ ਦਿੱਤੀ ਗਈ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ ਨੂੰ ਲੈਵਲ 1 ਤੋਂ 4 ਤੱਕ ਸ਼੍ਰੇਣੀਬੱਧ ਕੀਤਾ ਹੈ, ਜਿਸ ਵਿਚ 'ਲੈਵਲ-4' ਦਾ ਸਪੱਸ਼ਟ ਅਰਥ ਹੈ ਕਿ ਇਨ੍ਹਾਂ ਦੇਸ਼ਾਂ ਦੀ ਯਾਤਰਾ ਕਿਸੇ ਵੀ ਕਾਰਨ ਕਰਕੇ ਨਾ ਕੀਤੀ ਜਾਵੇ। ਇਹ ਫੈਸਲਾ ਉੱਥੋਂ ਦੀਆਂ ਸਥਾਨਕ ਹਾਲਤਾਂ ਅਤੇ ਸੰਕਟ ਦੀ ਸਥਿਤੀ ਵਿਚ ਅਮਰੀਕੀ ਨਾਗਰਿਕਾਂ ਤੱਕ ਮਦਦ ਪਹੁੰਚਾਉਣ ਦੀ ਸੀਮਿਤ ਸਮਰੱਥਾ ਨੂੰ ਧਿਆਨ ਵਿਚ ਰੱਖ ਕੇ ਲਿਆ ਗਿਆ ਹੈ।

ਐਡਵਾਈਜ਼ਰੀ ਵਿਚ ਸ਼ਾਮਲ ਮੁੱਖ ਦੇਸ਼ਾਂ ਦੀ ਸੂਚੀ ਵਿਚ ਅਫ਼ਗਾਨਿਸਤਾਨ, ਰੂਸ, ਯੂਕਰੇਨ, ਈਰਾਨ, ਇਰਾਕ, ਉੱਤਰੀ ਕੋਰੀਆ, ਸੀਰੀਆ, ਲੀਬੀਆ, ਅਤੇ ਵੇਨੇਜ਼ੁਏਲਾ ਵਰਗੇ ਨਾਮ ਸ਼ਾਮਲ ਹਨ।

## ਟਰੰਪ ਵੱਲੋਂ ਅਮਰੀਕੀ ਕ੍ਰੈਡਿਟ ਕਾਰਡ ਕੰਪਨੀਆਂ ਦੇ ਭਾਰੀ ਵਿਆਜ ਦਰਾਂ 'ਤੇ ਲਗਾਮ ਲਗਾਉਣ ਦਾ ਐਲਾਨ

**■ ਹੁਣ 10% ਤੋਂ ਵੱਧ ਵਿਆਜ ਨਹੀਂ ਵਸੂਲ ਸਕਣਗੀਆਂ ਕੰਪਨੀਆਂ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕ੍ਰੈਡਿਟ ਕਾਰਡ ਕੰਪਨੀਆਂ ਵਿਰੁੱਧ ਇੱਕ ਵੱਡਾ ਮੋਰਚਾ ਖੋਲ੍ਹਦਿਆਂ ਭਾਰੀ ਵਿਆਜ ਦਰਾਂ 'ਤੇ ਲਗਾਮ ਲਗਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਕੰਪਨੀਆਂ ਵੱਲੋਂ ਵਸੂਲੇ ਜਾ ਰਹੇ 20 ਤੋਂ 30 ਫੀਸਦੀ ਵਿਆਜ ਨੂੰ 'ਲੁੱਟ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਹੁਣ ਅਮਰੀਕੀ ਜਨਤਾ ਨੂੰ ਇਸ ਤਰ੍ਹਾਂ ਠੱਗਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਹੈ ਕਿ 20 ਜਨਵਰੀ 2026 ਤੋਂ ਇੱਕ ਸਾਲ ਲਈ ਕ੍ਰੈਡਿਟ ਕਾਰਡ ਦੀਆਂ ਵਿਆਜ ਦਰਾਂ 'ਤੇ 10 ਫੀਸਦੀ ਦੀ ਅਧਿਕਤਮ ਸੀਮਾ (ਕੈਪ) ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਆਮ ਲੋਕਾਂ ਦੀ ਜੇਬ 'ਤੇ ਪੈ ਰਹੇ ਵਿੱਤੀ ਬੋਝ ਨੂੰ ਘੱਟ ਕਰਨ ਲਈ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ 20 ਜਨਵਰੀ ਦੀ ਇਹ ਤਾਰੀਖ ਟਰੰਪ ਪ੍ਰਸ਼ਾਸਨ ਦੇ ਸਫਲ ਇਕ ਸਾਲ ਦੀ ਵਰ੍ਹੇਗੰਢ ਵਜੋਂ ਵੀ ਮਨਾਈ ਜਾਵੇਗੀ।

ਟਰੰਪ ਨੇ ਆਪਣੇ ਬਿਆਨ ਵਿਚ ਪਿਛਲੀ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ 'ਸਲੀਪੀ ਜੋਅ ਬਾਇਡਨ' ਪ੍ਰਸ਼ਾਸਨ ਦੌਰਾਨ ਇਹ ਕੰਪਨੀਆਂ ਬਿਨਾਂ ਕਿਸੇ ਰੋਕ-ਟੋਕ ਦੇ 20-30% ਤੋਂ ਵੀ ਵੱਧ ਵਿਆਜ ਵਸੂਲਦੀਆਂ ਰਹੀਆਂ, ਜਿਸ ਦਾ ਨੁਕਸਾਨ ਆਮ ਜਨਤਾ ਨੂੰ ਭੁਗਤਣਾ ਪਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਕੰਪਨੀਆਂ ਨੂੰ ਅਮਰੀਕੀ ਜਨਤਾ ਦਾ ਸ਼ੋਸ਼ਣ ਨਹੀਂ ਕਰਨ ਦਿੱਤਾ ਜਾਵੇਗਾ।

ਟਰੰਪ ਪ੍ਰਸ਼ਾਸਨ ਲਗਾਤਾਰ ਅਜਿਹੇ ਕਦਮ ਉਠਾ ਰਿਹਾ ਹੈ, ਜਿਸ ਨਾਲ ਖਪਤਕਾਰਾਂ ਨੂੰ ਰਾਹਤ ਮਿਲ ਸਕੇ। ਇਸ ਤੋਂ ਪਹਿਲਾਂ ਸਰਕਾਰ ਨੇ 200 ਅਰਬ ਡਾਲਰ ਦੇ ਮਾਰਗੇਜ ਬਾਂਡ ਖਰੀਦਣ ਦਾ ਵੀ ਐਲਾਨ ਕੀਤਾ ਸੀ, ਤਾਂ ਜੋ ਹੋਮ ਲੋਨ (ਮਾਰਗੇਜ) ਦੀਆਂ ਦਰਾਂ ਨੂੰ ਘਟਾਇਆ ਜਾ ਸਕੇ ਅਤੇ ਲੋਕਾਂ ਲਈ ਘਰ ਖਰੀਦਣਾ ਸੌਖਾ ਹੋ ਸਕੇ।

ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਅਮਰੀਕਾ ਵਿਚ ਵਧਦੀ ਮਹਿੰਗਾਈ ਕਾਰਨ ਆਮ ਲੋਕਾਂ 'ਤੇ ਵਿੱਤੀ ਦਬਾਅ ਲਗਾਤਾਰ ਵਧ ਰਿਹਾ ਹੈ। ਟਰੰਪ ਦੇ ਇਸ ਐਲਾਨ ਨੂੰ ਆਰਥਿਕ ਰਾਹਤ ਦੀ ਦਿਸ਼ਾ ਵਿਚ ਇੱਕ ਇਤਿਹਾਸਕ ਕਦਮ ਮੰਨਿਆ ਜਾ ਰਿਹਾ ਹੈ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਅਮਰੀਕਾ 'ਚ ਧੋਖਾਧੜੀ 'ਤੇ ਰੋਕ: ਜੇਡੀ ਵੈਂਸ ਵੱਲੋਂ ਨਵੇਂ ਨਿਆਂਇਕ ਅਹੁਦੇ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਦੇਸ਼ ਭਰ ਵਿਚ ਧੋਖਾਧੜੀ ਦੇ ਮਾਮਲਿਆਂ ਨੂੰ ਰੋਕਣ ਲਈ ਨਿਆਂ ਵਿਭਾਗ ਵਿਚ ਇੱਕ ਨਵਾਂ ਸੀਨੀਅਰ ਅਹੁਦਾ ਬਣਾਉਣ ਦਾ ਐਲਾਨ ਕੀਤਾ ਹੈ। ਇਸ ਅਹੁਦੇ ਨੂੰ "ਸਹਾਇਕ ਅਟਾਰਨੀ ਜਨਰਲ" ਵਜੋਂ ਮਨੋਨੀਤ ਕੀਤਾ ਜਾਵੇਗਾ, ਜਿਸ ਕੋਲ ਦੇਸ਼ ਭਰ ਵਿਚ ਜਾਂਚਾਂ ਦਾ ਤਾਲਮੇਲ ਕਰਨ ਦਾ ਅਧਿਕਾਰ ਹੋਵੇਗਾ। ਵੈਂਸ ਨੇ ਕਿਹਾ ਕਿ ਜਾਂਚ ਮਿਨੀਸੋਟਾ ਵਿਚ ਸ਼ੁਰੂ ਹੋਵੇਗੀ, ਪਰ ਇਸਨੂੰ ਪੂਰੇ ਸੰਯੁਕਤ ਰਾਜ ਵਿਚ ਲਾਗੂ ਕੀਤਾ ਜਾਵੇਗਾ।



ਵ੍ਹਾਈਟ ਹਾਊਸ ਵਿਖੇ ਮੀਡੀਆ ਨਾਲ ਗੱਲ ਕਰਦੇ ਹੋਏ, ਵੈਂਸ ਨੇ ਕਿਹਾ ਕਿ ਇਸ ਸਮੇਂ ਮਿਨੀਆਪੋਲਿਸ ਵਿਚ ਇੱਕ ਵੱਡੇ ਪੱਧਰ 'ਤੇ ਧੋਖਾਧੜੀ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜੋ ਕਿ ਸਰਕਾਰੀ ਲਾਭਾਂ ਅਤੇ ਸਮਾਜ ਸੇਵਾ ਯੋਜਨਾਵਾਂ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਲਈ, ਕਈ ਏਜੰਸੀਆਂ ਦੀ ਇੱਕ ਵਿਸ਼ੇਸ਼ ਟਾਸਕ ਫੋਰਸ ਬਣਾਈ ਗਈ ਹੈ, ਤਾਂ ਜੋ ਧੋਖਾਧੜੀ ਦੇ ਨੈੱਟਵਰਕ ਦੀ ਜੜ੍ਹ ਤੱਕ ਪਹੁੰਚਿਆ ਜਾ ਸਕੇ।

ਵੈਂਸ ਦੇ ਅਨੁਸਾਰ, ਖੇਤੀਬਾੜੀ ਵਿਭਾਗ "SNAP ਧੋਖਾਧੜੀ" 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ, ਭਾਵ, ਫੂਡ ਸਟੈਂਪਾਂ ਨਾਲ ਸਬੰਧਤ ਧੋਖਾਧੜੀ। ਉਨ੍ਹਾਂ ਕਿਹਾ ਕਿ ਨਿਆਂ ਵਿਭਾਗ ਨੇ ਹੁਣ ਤੱਕ 1,500 ਤੋਂ ਵੱਧ ਸੰਮਨ ਜਾਰੀ ਕੀਤੇ ਹਨ ਅਤੇ ਲਗਭਗ 100 ਲੋਕਾਂ ਵਿਰੁੱਧ ਦੋਸ਼ ਤੈਅ ਕੀਤੇ ਗਏ ਹਨ। ਜ਼ਿਆਦਾਤਰ ਦੋਸ਼ੀ ਸੋਮਾਲੀ ਪ੍ਰਵਾਸੀ ਹਨ, ਹਾਲਾਂਕਿ ਕੁਝ ਹੋਰ ਲੋਕ ਵੀ ਸ਼ਾਮਲ ਹਨ।

ਉਪ ਰਾਸ਼ਟਰਪਤੀ ਨੇ ਸਪੱਸ਼ਟ ਕੀਤਾ ਕਿ ਇਹ ਸਮੱਸਿਆ ਸਿਰਫ ਮਿਨੀਸੋਟਾ ਤੱਕ ਸੀਮਤ ਨਹੀਂ ਹੈ। ਉਨ੍ਹਾਂ ਅਨੁਸਾਰ, ਅਜਿਹੇ ਮਾਮਲੇ ਓਹਾਇਓ ਅਤੇ ਕੈਲੀਫੋਰਨੀਆ ਵਰਗੇ ਰਾਜਾਂ ਵਿਚ ਵੀ ਰਿਪੋਰਟ ਕੀਤੇ ਜਾ ਰਹੇ ਹਨ, ਇਸ ਲਈ ਸਰਕਾਰ ਰਾਸ਼ਟਰੀ ਪੱਧਰ 'ਤੇ ਇਸ ਦੀ ਜਾਂਚ ਕਰ ਰਹੀ ਹੈ।

ਵੈਂਸ ਨੇ ਇਸ ਪਹਿਲਕਦਮੀ ਲਈ ਅਟਾਰਨੀ ਜਨਰਲ ਪੈਮ ਬੋਂਡੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜਦੋਂ ਕਿ ਆਮ ਤੌਰ 'ਤੇ ਅਜਿਹੇ ਅਹੁਦੇ ਬਣਾਉਣ ਵਿਚ ਮਹੀਨੇ ਲੱਗ ਜਾਂਦੇ ਹਨ, ਇਸ ਵਾਰ ਕੰਮ ਲਗਭਗ ਇੱਕ ਹਫ਼ਤੇ ਵਿਚ ਪੂਰਾ ਹੋ ਗਿਆ। ਉਨ੍ਹਾਂ ਕਿਹਾ ਕਿ ਇਸ ਅਹੁਦੇ ਲਈ ਨਾਮਜ਼ਦਗੀ ਜਲਦੀ ਹੀ ਕੀਤੀ ਜਾਵੇਗੀ ਅਤੇ ਸੈਨੇਟ ਤੋਂ ਜਲਦੀ ਪ੍ਰਵਾਨਗੀ ਮਿਲਣ ਦੀ ਉਮੀਦ ਹੈ।

ਉਸਨੇ ਨਵੇਂ ਅਹੁਦੇ ਦੀ ਤੁਲਨਾ ਇੱਕ ਵਿਸ਼ੇਸ਼ ਵਕੀਲ ਦੇ ਅਹੁਦੇ ਨਾਲ ਕੀਤੀ, ਪਰ ਕਿਹਾ ਕਿ ਇਹ ਭੂਮਿਕਾ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਨਿਗਰਾਨੀ ਹੇਠ ਕੰਮ ਕਰੇਗੀ। ਵੈਂਸ ਦੇ ਅਨੁਸਾਰ, ਇਸ ਅਹੁਦੇ ਨੂੰ ਪੂਰੀ ਸ਼ਕਤੀ ਅਤੇ ਸਰੋਤ ਦਿੱਤੇ ਜਾਣਗੇ ਅਤੇ ਇਹ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਧੋਖਾਧੜੀ ਦੇ ਮਾਮਲਿਆਂ ਬਾਰੇ ਪੂਰੀ ਸੱਚਾਈ ਸਾਹਮਣੇ ਨਹੀਂ ਆ ਜਾਂਦੀ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :**
**www.punjabmailusa.com**

## ਅਮਰੀਕਾ 'ਚ 2026 ਦੀ ਪਹਿਲੀ ਇੰਡੀਅਨ ਗੈਂਗਵਾਰ; ਲਾਰੈਂਸ ਗੈਂਗ ਦੇ ਸੂਟਰ ਦਾ ਕਤਲ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਵਿਚ ਸਾਲ 2026 ਦੀ ਪਹਿਲੀ ਵੱਡੀ ਇੰਡੀਅਨ ਗੈਂਗਵਾਰ ਸਾਹਮਣੇ ਆਈ ਹੈ, ਜਿਸ ਵਿਚ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਦੱਸੇ ਜਾਂਦੇ ਗੈਂਗਸਟਰ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ, ਇਹ ਹਮਲਾ ਟਾਰਗੇਟ ਤਰੀਕੇ ਨਾਲ ਵਿਰੋਧੀ ਗੈਂਗਾਂ ਵੱਲੋਂ ਕੀਤਾ ਗਿਆ ਹੈ। ਸੂਤਰਾਂ ਦੇ ਹਵਾਲੇ ਨਾਲ ਖ਼ਬਰ ਮਿਲੀ ਹੈ ਕਿ ਅਮਰੀਕਾ ਦੇ ਇੰਡੀਆਨਾ ਵਿਚ ਵੀਰੇਂਦਰ ਸੈਂਭੀ ਨਾਮ ਦੇ ਗੈਂਗਸਟਰ ਦਾ ਕਤਲ ਕਰ ਦਿੱਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਪੋਸਟ ਵਿਚ ਬਲਜੋਤ ਅਤੇ ਜੱਸਾ ਨਾਮ ਦੇ ਵਿਅਕਤੀਆਂ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਮ੍ਰਿਤਕ ਲਾਰੈਂਸ ਬਿਸ਼ਨੋਈ ਦੇ ਅੰਤਰਰਾਸ਼ਟਰੀ ਨੈੱਟਵਰਕ ਦਾ ਹਿੱਸਾ ਸੀ ਅਤੇ ਅਮਰੀਕਾ ਵਿਚ ਰਹਿ ਕੇ ਅਪਰਾਧਿਕ ਗਤੀਵਿਧੀਆਂ ਚਲਾ ਰਿਹਾ ਸੀ। ਸੋਸ਼ਲ ਮੀਡੀਆ ਪੋਸਟ 'ਚ ਦੋਸ਼ ਲਾਇਆ ਗਿਆ ਹੈ ਕਿ ਮ੍ਰਿਤਕ ਲਾਰੈਂਸ ਦੇ ਨਾਮ ਦੀ ਵਰਤੋਂ ਕਰਕੇ ਉਗਰਾਹੀ ਕਰਦਾ ਸੀ ਅਤੇ ਟ੍ਰੇਲਰਾਂ ਦੀ ਚੋਰੀ ਕਰਵਾਉਂਦਾ ਸੀ। ਇਸ ਤੋਂ ਇਲਾਵਾ, ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਮ੍ਰਿਤਕ ਨੇ ਪਹਿਲਾਂ 'ਜੱਸਾ' 'ਤੇ ਫਾਇਰਿੰਗ ਕਰਵਾਈ ਸੀ, ਜਿਸ ਦਾ ਬਦਲਾ ਲੈਣ ਲਈ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਵਿਰੋਧੀ ਗੈਂਗ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਸਮੇਂ ਵਿਚ ਉਹ ਹੋਰ ਵੀ 'ਸਰਪ੍ਰਾਈਜ਼' ਦੇਣਗੇ।

## 24 ਸਾਲਾ ਲੜਕੀ ਟੋਆਹ ਦੇ ਕਤਲ ਮਾਮਲੇ 'ਚ ਰਾਜਵਿੰਦਰ ਵੱਲੋਂ ਅਪੀਲ ਦਾਇਰ



**ਕੁਈਨਜ਼ਲੈਂਡ, (ਪੰਜਾਬ ਮੇਲ)**- ਕੁਈਨਜ਼ਲੈਂਡ ਦੀ 24 ਸਾਲਾ ਲੜਕੀ **Toyah Cordingley** (ਟੋਆਹ ਕੋਰਡਿੰਗਲੇ) ਦੇ ਕਤਲ ਲਈ ਦੋਸ਼ੀ ਠਹਿਰਾਏ ਗਏ ਰਾਜਵਿੰਦਰ ਸਿੰਘ ਨੇ ਆਪਣੇ ਸਜ਼ਾ ਦੇ ਵਿਰੋਧ ਵਿਚ ਅਪੀਲ ਦਰਜ ਕਰਵਾਈ ਹੈ।

ਦਸੰਬਰ ਮਹੀਨੇ 'ਚ ਸੁਪਰੀਮ ਕੋਰਟ ਜਿਊਰੀ ਨੇ ਇਨਿਸਫੇਲ ਇਲਾਕੇ ਦੇ ਨਰਸ ਰਾਜਵਿੰਦਰ ਸਿੰਘ ਨੂੰ ਟੋਆਹ ਨੂੰ ਵਾਂਗੇਟੀ ਬੀਚ, ਜੋ ਕਿ ਕੇਅਰਨਜ਼ ਦੇ ਉੱਤਰ ਵਿਚ ਹੈ, ਉਥੇ ਕਤਲ ਕਰਨ ਦਾ ਦੋਸ਼ੀ ਕਰਾਰ ਦਿੱਤਾ ਸੀ।

ਚਾਰ ਹਫ਼ਤੇ ਚੱਲੇ ਟਰਾਇਲ ਦੌਰਾਨ ਅਦਾਲਤ ਨੇ ਦੱਸਿਆ ਕਿ ਰਾਜਵਿੰਦਰ (41) ਨੇ ਟੋਆਹ ਕੋਰਡਿੰਗਲੇ ਨੂੰ 21 ਅਕਤੂਬਰ 2018 ਨੂੰ ਵਾਰ-ਵਾਰ ਚਾਕੂ ਮਾਰਿਆ ਅਤੇ ਉਸ ਦਾ ਗਲਾ ਰੇਤ ਦਿੱਤਾ, ਜਦ ਉਹ ਆਪਣੇ ਕੁੱਤੇ ਨੂੰ ਘੁੰਮਾਉਣ ਲਈ ਬੀਚ 'ਤੇ ਲੈ ਕੇ ਗਈ ਸੀ। ਅਦਾਲਤ ਵਿਚ ਦੱਸਿਆ ਗਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਉਹ ਆਪਣੀ ਜੋਬ ਇਨਿਸਫੇਲ ਹਸਪਤਾਲ ਤੋਂ ਛੱਡ ਫਰਾਰ ਹੋ ਗਿਆ ਅਤੇ ਚਾਰ ਸਾਲ ਤੱਕ ਭਾਰਤ ਵਿਚ ਲੁੱਕ ਕੇ ਰਿਹਾ।

ਰਾਜਵਿੰਦਰ, ਜਿਸ 'ਤੇ ਇੱਕ ਮਿਲੀਅਨ ਡਾਲਰ ਦਾ ਇਨਾਮ ਰੱਖ ਦਿੱਤਾ ਗਿਆ ਸੀ, ਨੂੰ 2022 ਵਿਚ ਗ੍ਰਿਫਤਾਰ ਕੀਤਾ ਗਿਆ। ਪਰ ਉਸਦੇ ਕੋਲ ਅਪੀਲ ਦਾਇਰ ਕਰਨ ਦਾ ਸਮਾਂ ਇਸ ਸਜ਼ਾ ਤੋਂ ਮਗਰੋਂ ਇੱਕ ਮਹੀਨਾ ਸੀ। ਜਿਸ ਦਾ ਇਸਤੇਮਾਲ ਕਰਦਿਆਂ ਰਾਜਵਿੰਦਰ ਨੇ ਹੁਣ ਆਪਣੀ ਸਜ਼ਾ ਪਲਟਣ ਲਈ ਅਪੀਲ ਕੀਤੀ ਹੈ। ਖ਼ਬਰ ਅਨੁਸਾਰ ਰਾਜਵਿੰਦਰ ਨੇ ਅਰਜ਼ੀ ਵਿਚ ਦੱਸਿਆ ਹੈ ਕਿ ਉਸਨੇ ਨਕਾਬਪੋਸ਼ ਦੁਆਰਾ ਟੋਆਹ ਕੋਰਡਿੰਗਲੇ ਦਾ ਕਤਲ ਹੁੰਦਿਆਂ ਵੇਖ ਲਿਆ ਸੀ, ਅਤੇ ਉਸਨੂੰ ਡਰ ਸੀ ਕਿ ਕਿਤੇ ਉਸਨੂੰ ਵੀ ਮਾਰ ਨਾ ਦਿੱਤਾ ਜਾਵੇ, ਇਸ ਕਰਕੇ ਉਹ ਭੱਜ ਗਿਆ ਸੀ।




# ਵੈਨੇਜ਼ੁਏਲਾ ਮੁੱਦੇ 'ਤੇ ਟਰੰਪ ਨੂੰ ਵੱਡਾ ਝਟਕਾ: ਅਮਰੀਕੀ ਸੈਨੇਟ 'ਚ ਵਿਦੇਸ਼ੀ ਫੌਜੀ ਕਾਰਵਾਈਆਂ ਸੀਮਤ ਕਰਨ ਸੰਬੰਧੀ ਮਤਾ ਪਾਸ

ਵਾਸ਼ਿੰਗਟਨ, (ਪੰਜਾਬ ਮੇਲ)- ਵੈਨੇਜ਼ੁਏਲਾ ਦੇ ਮਾਮਲੇ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਵੱਡਾ ਸਿਆਸੀ ਝਟਕਾ ਲੱਗਾ ਹੈ। ਅਮਰੀਕੀ ਸੈਨੇਟ ਵਿਚ ਉਨ੍ਹਾਂ ਦੀਆਂ ਵਿਦੇਸ਼ੀ ਫੌਜੀ ਕਾਰਵਾਈਆਂ ਦੀਆਂ ਸ਼ਕਤੀਆਂ ਨੂੰ ਸੀਮਤ ਕਰਨ ਵਾਲਾ ਇੱਕ ਅਹਿਮ ਪ੍ਰਸਤਾਵ ਪਾਸ ਹੋ ਗਿਆ ਹੈ, ਜਿਸ ਨਾਲ ਵਿਦੇਸ਼ਾਂ ਵਿਚ ਫੌਜੀ ਦਖਲਅੰਦਾਜ਼ੀ ਨੂੰ ਲੈ ਕੇ ਟਰੰਪ ਦੀਆਂ ਸ਼ਕਤੀਆਂ 'ਤੇ ਸਵਾਲ ਖੜ੍ਹੇ ਹੋ ਗਏ ਹਨ।

ਇਸ ਪ੍ਰਸਤਾਵ ਦੇ ਪੱਖ ਵਿਚ 52 ਵੋਟਾਂ ਪਈਆਂ, ਜਦੋਂ ਕਿ 47 ਸੈਨੇਟਰਾਂ ਨੇ ਟਰੰਪ ਦਾ ਸਮਰਥਨ ਕੀਤਾ। ਹੈਰਾਨੀ ਦੀ ਗੱਲ ਇਹ ਰਹੀ ਕਿ ਟਰੰਪ ਦੀ ਆਪਣੀ ਹੀ ਪਾਰਟੀ ਦੇ ਪੰਜ ਸੈਨੇਟਰਾਂ ਨੇ ਉਨ੍ਹਾਂ ਦੇ ਖਿਲਾਫ ਵੋਟ ਪਾਈ, ਜਿਸ ਨਾਲ ਪਾਰਟੀ ਦੇ ਅੰਦਰੂਨੀ ਮਤਭੇਦ ਵੀ ਸਾਹਮਣੇ ਆ ਗਏ ਹਨ।

ਇਹ ਪ੍ਰਸਤਾਵ ਵੈਨੇਜ਼ੁਏਲਾ ਵਿਚ ਸੰਭਾਵੀ ਅਮਰੀਕੀ ਫੌਜੀ ਕਾਰਵਾਈ ਦੇ ਵਿਰੋਧ ਵਿਚ ਲਿਆਂਦਾ ਗਿਆ ਸੀ। ਪ੍ਰਸਤਾਵ ਅਨੁਸਾਰ, ਅਮਰੀਕਾ ਹੁਣ ਸੰਸਦ (ਕਾਂਗਰਸ) ਦੀ ਇਜਾਜ਼ਤ ਤੋਂ ਬਿਨਾਂ ਕਿਸੇ ਵੀ ਦੇਸ਼ ਦੇ ਖਿਲਾਫ ਜੰਗ ਜਾਂ ਫੌਜੀ ਕਾਰਵਾਈ ਨਹੀਂ ਕਰ ਸਕੇਗਾ। ਇਸ ਨਾਲ ਰਾਸ਼ਟਰਪਤੀ ਦੇ ਹੱਥ ਕਾਫ਼ੀ ਹੱਦ ਤੱਕ ਬੰਨ੍ਹੇ ਗਏ ਹਨ।

ਹਾਲਾਂਕਿ ਇਹ ਪ੍ਰਸਤਾਵ ਅਜੇ ਕਾਨੂੰਨ ਨਹੀਂ ਬਣਿਆ ਹੈ। ਨਿਯਮਾਂ ਅਨੁਸਾਰ, ਇਸ ਨੂੰ ਸੰਸਦ ਦੇ ਦੂਜੇ ਸਦਨ, ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਤੋਂ ਵੀ ਪਾਸ ਹੋਣਾ ਜ਼ਰੂਰੀ ਹੈ। ਟਰੰਪ ਕੋਲ ਇਸ ਪ੍ਰਸਤਾਵ ਨੂੰ ਵੀਟੋ ਕਰਨ ਦਾ ਅਧਿਕਾਰ ਵੀ ਹੈ, ਪਰ ਇਸ ਵੋਟਿੰਗ ਨੇ ਉਨ੍ਹਾਂ ਲਈ ਸਿਆਸੀ ਮੁਸ਼ਕਿਲਾਂ ਜ਼ਰੂਰ ਵਧਾ ਦਿੱਤੀਆਂ ਹਨ।

ਇਸ ਫੈਸਲੇ ਨਾਲ ਰੂਸ ਅਤੇ ਚੀਨ ਨੂੰ ਇਹ ਸੰਦੇਸ਼ ਜਾਵੇਗਾ ਕਿ ਅਮਰੀਕਾ ਇਸ ਮੁੱਦੇ 'ਤੇ ਵੰਡਿਆ ਹੋਇਆ ਹੈ। ਦੂਜੇ ਪਾਸੇ, ਗ੍ਰੀਨਲੈਂਡ ਦੇ ਮਾਮਲੇ ਵਿਚ ਯੂਰਪ ਨੂੰ ਕੁਝ ਰਾਹਤ ਮਹਿਸੂਸ ਹੋ ਸਕਦੀ ਹੈ ਅਤੇ ਭਾਰਤ ਦੇ 'ਸਟ੍ਰੇਟੇਜਿਕ ਆਟੋਨੋਮੀ' ਸਿਧਾਂਤ ਦੀ ਸਵੀਕਾਰਤਾ ਵਧੇਗੀ।

ਇਨ੍ਹਾਂ ਕਾਨੂੰਨੀ ਅੜਚਨਾਂ ਦੇ ਬਾਵਜੂਦ ਅਮਰੀਕਾ ਨੇ ਵੇਨੇਜ਼ੁਏਲਾ 'ਤੇ ਸਖ਼ਤੀ ਘੱਟ ਨਹੀਂ ਕੀਤੀ ਹੈ। ਅਮਰੀਕੀ ਫੌਜ ਕੈਰੀਬੀਅਨ ਖੇਤਰ ਵਿਚ ਤਾਇਨਾਤ ਹੈ ਅਤੇ ਬੀਤੇ ਦਿਨੀਂ ਵੈਨੇਜ਼ੁਏਲਾ ਜਾ ਰਹੇ ਇੱਕ ਰੂਸੀ ਤੇਲ ਟੈਂਕਰ ਨੂੰ ਵੀ ਜ਼ਬਤ ਕੀਤਾ ਗਿਆ ਸੀ। ਟਰੰਪ ਨੇ ਵੇਨੇਜ਼ੁਏਲਾ ਦੀ ਅੰਤਰਿਮ ਨੇਤਾ ਡੇਲਸੀ ਰੋਡ੍ਰਿਗੇਜ਼ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਸ਼ਰਤਾਂ ਨਾ ਮੰਨੀਆਂ ਗਈਆਂ, ਤਾਂ ਉਨ੍ਹਾਂ ਨੂੰ ਮਾਦੂਰੋ ਤੋਂ ਵੀ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ।

ਟਰੰਪ ਦਾ ਕਹਿਣਾ ਹੈ ਕਿ ਅਮਰੀਕਾ ਵੇਨੇਜ਼ੁਏਲਾ ਦੀ ਸਰਕਾਰ 'ਤੇ ਲੰਬੇ ਸਮੇਂ ਤੱਕ ਕੰਟਰੋਲ ਬਣਾਈ ਰੱਖਣਾ ਚਾਹੁੰਦਾ ਹੈ, ਤਾਂ ਜੋ ਉੱਥੋਂ ਦੇ ਤੇਲ ਉਦਯੋਗ ਨੂੰ ਅਮਰੀਕੀ ਕੰਪਨੀਆਂ ਲਈ ਖੋਲ੍ਹਿਆ ਜਾ ਸਕੇ। ਇਸ ਤੋਂ ਇਲਾਵਾ, ਟਰੰਪ ਨੇ ਕੋਲੰਬੀਆ ਅਤੇ ਗ੍ਰੀਨਲੈਂਡ ਵਿਰੁੱਧ ਵੀ ਫੌਜੀ ਕਾਰਵਾਈ ਦੀ ਧਮਕੀ ਦਿੱਤੀ ਹੈ, ਜਿਸ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਤਣਾਅ ਵਧਿਆ ਹੋਇਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਕਾਂਗਰਸ ਪੰਜਾਬ 'ਚ 2027 ਵਿਧਾਨ ਸਭਾ ਚੋਣਾਂ 'ਚ ਬਿਨਾਂ ਕਿਸੇ ਮੁੱਖ ਮੰਤਰੀ ਦੇ ਚਿਹਰੇ ਦੇ ਉਤਰੇਗੀ ਮੈਦਾਨ 'ਚ

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਕਾਂਗਰਸ ਦੇ ਪੰਜਾਬ



ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪੰਜਾਬ 'ਚ ਬਿਨਾਂ ਕਿਸੇ ਮੁੱਖ ਮੰਤਰੀ ਦੇ ਚਿਹਰੇ ਦੇ ਮੈਦਾਨ ਵਿਚ ਉਤਰੇਗੀ। ਉਨ੍ਹਾਂ ਮੰਨਿਆ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਤੋਂ ਗਲਤੀਆਂ ਹੋਈਆਂ, ਜਿਸ ਕਰਕੇ ਲੋਕਾਂ ਨੇ ਉਸ ਸਮੇਂ ਪਾਰਟੀ ਦਾ ਸਾਥ ਨਹੀਂ ਦਿੱਤਾ।

ਉਨ੍ਹਾਂ ਇਹ ਵੀ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਵੱਡਾ ਸਮਰਥਨ ਦਿੱਤਾ, ਜੋ ਇਹ ਸਾਬਤ ਕਰਦਾ ਹੈ ਕਿ ਲੋਕ ਅਜੇ ਵੀ ਕਾਂਗਰਸ ਨਾਲ ਜੁੜੇ ਹੋਏ ਹਨ। ਬਘੇਲ ਨੇ ਕਿਹਾ ਕਿ ਪਾਰਟੀ ਪਿਛਲੀਆਂ ਗਲਤੀਆਂ ਤੋਂ ਸਿੱਖ ਲੈ ਕੇ ਆਉਣ ਵਾਲੇ ਸਮੇਂ 'ਚ ਹੋਰ ਮਜ਼ਬੂਤੀ ਨਾਲ ਅੱਗੇ ਵਧੇਗੀ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪੰਜਾਬ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਚੁੱਕਦੀ ਰਹੇਗੀ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

# ਹਾਈਕੋਰਟ ਵੱਲੋਂ ਮੋਗਾ ਨਗਰ ਨਿਗਮ ਦੇ ਮੇਅਰ ਦੀ ਚੋਣ 31 ਜਨਵਰੀ ਤੱਕ ਕਰਵਾਉਣ ਦੇ ਨਿਰਦੇਸ਼



ਚੰਡੀਗੜ੍ਹ/ਮੋਗਾ, (ਪੰਜਾਬ ਮੇਲ)- ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਕ ਅਹਿਮ ਫ਼ੈਸਲਾ ਸੁਣਾਉਂਦਿਆਂ ਮੋਗਾ ਨਗਰ ਨਿਗਮ ਦੇ ਮੇਅਰ ਦੀ ਚੋਣ 31 ਜਨਵਰੀ ਤੱਕ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਇਹ ਹੁਕਮ ਕਾਂਗਰਸੀ ਕੌਂਸਲਰਾਂ ਵੱਲੋਂ ਦਾਇਰ ਕੀਤੀ ਗਈ ਉਸ ਪਟੀਸ਼ਨ 'ਤੇ ਦਿੱਤੇ ਹਨ, ਜਿਸ ਵਿਚ ਨਵੰਬਰ ਮਹੀਨੇ ਤੋਂ ਖਾਲੀ ਪਈ ਮੇਅਰ ਦੀ ਸੀਟ 'ਤੇ ਜਲਦ ਚੋਣ ਕਰਵਾਉਣ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਮੋਗਾ ਵਿਚ ਆਮ ਆਦਮੀ ਪਾਰਟੀ ਦੇ ਪਹਿਲੇ ਮੇਅਰ ਬਣੇ ਬਲਜੀਤ ਸਿੰਘ ਚਾਨੀ ਨੂੰ 27 ਨਵੰਬਰ ਨੂੰ ਪਾਰਟੀ ਵਿਰੋਧੀ ਸ਼ਿਕਾਇਤਾਂ ਕਾਰਨ ਬਾਹਰ ਕੱਢ ਦਿੱਤਾ ਗਿਆ ਸੀ, ਜਿਸ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਮੇਅਰ ਦੇ ਅਸਤੀਫੇ ਤੋਂ ਬਾਅਦ ਨਵੀਂ ਚੋਣ ਕਰਵਾਉਣ ਦੀ ਬਜਾਏ ਡਿਪਟੀ ਮੇਅਰ ਨੂੰ ਹੀ ਕੰਮਕਾਜ ਸੌਂਪ ਦਿੱਤਾ ਗਿਆ ਸੀ, ਜਿਸ 'ਤੇ ਕੌਂਸਲਰਾਂ ਨੇ ਸਖ਼ਤ ਇਤਰਾਜ਼ ਜਤਾਇਆ ਸੀ। ਪਟੀਸ਼ਨਰਾਂ ਮੁਤਾਬਕ ਨਗਰ ਨਿਗਮ ਐਕਟ 'ਚ ਸਪੱਸ਼ਟ ਪ੍ਰਬੰਧ ਹੈ ਕਿ ਮੇਅਰ ਦਾ ਅਹੁਦਾ ਖਾਲੀ ਹੋਣ ਦੀ ਸਥਿਤੀ ਵਿਚ ਇਕ ਮਹੀਨੇ ਦੇ ਅੰਦਰ ਨਵੀਂ ਚੋਣ ਹੋਣੀ ਚਾਹੀਦੀ ਹੈ, ਪਰ ਸਰਕਾਰ ਵੱਲੋਂ ਇਸ ਦਿਸ਼ਾ ਵਿਚ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਨਿਗਮ ਦੇ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ। ਨਿਗਮ ਕਮਿਸ਼ਨਰ ਨੇ ਵੀ ਸਰਕਾਰ ਨੂੰ ਪੱਤਰ ਲਿਖ ਕੇ ਚੋਣਾਂ ਕਰਵਾਉਣ ਦੀ ਸਿਫਾਰਸ਼ ਕੀਤੀ ਸੀ, ਪਰ ਸਰਕਾਰ ਦੀ ਚੁੱਪ ਤੋਂ ਬਾਅਦ ਕੌਂਸਲਰਾਂ ਨੂੰ ਅਦਾਲਤ ਦੀ ਸ਼ਰਨ ਲੈਣੀ ਪਈ। ਹੁਣ ਅਦਾਲਤ ਦੇ ਦਖ਼ਲ ਤੋਂ ਬਾਅਦ ਪ੍ਰਸ਼ਾਸਨ ਲਈ ਜਨਵਰੀ ਦੇ ਅਖੀਰ ਤੱਕ ਚੋਣ ਪ੍ਰਕਿਰਿਆ ਪੂਰੀ ਕਰਨਾ ਲਾਜ਼ਮੀ ਹੋਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਨਿਊਜ਼ੀਲੈਂਡ ’ਚ ਇਕ ਵਾਰ ਫ਼ਿਰ ਨਗਰ ਕੀਰਤਨ ’ਚ ਰੁਕਾਵਟ ਪਾਉਣ ਦੀ ਕੋਸ਼ਿਸ਼

**ਟੌਰੰਗਾ, (ਪੰਜਾਬ ਮੇਲ)-** ਬੀਤੇ ਮਹੀਨੇ ਨਿਊਜ਼ੀਲੈਂਡ ’ਚ ਸਥਾਨਕ ਲੋਕਾਂ ਵੱਲੋਂ ਨਗਰ ਕੀਰਤਨ ਰੋਕੇ ਜਾਣ ਦੀ ਖ਼ਬਰ ਹਾਲੇ ਲੋਕਾਂ ਨੂੰ ਭੁੱਲੀ ਨਹੀਂ ਸੀ ਕਿ ਉੱਥੋਂ ਇਕ ਹੋਰ ਅਜਿਹੀ ਹੀ ਖ਼ਬਰ ਸਾਹਮਣੇ ਆਈ ਹੈ। ਨਿਊਜ਼ੀਲੈਂਡ ਦੇ ਟੌਰੰਗਾ ਸ਼ਹਿਰ ਵਿਚ ਸਿੱਖ ਭਾਈਚਾਰੇ ਵੱਲੋਂ ਸਜਾਏ ਗਏ ਨਗਰ ਕੀਰਤਨ ਵਿਚ ਸਥਾਨਕ ਮਾਓਰੀ ਸਮੂਹ ਦੇ ਲੋਕਾਂ ਵੱਲੋਂ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਗਈ।

ਇਹ ਨਗਰ ਕੀਰਤਨ ਗੁਰਦੁਆਰਾ ਸਿੱਖ ਸੰਗਤ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਕੈਮਰੂਨ ਰੋਡ ਰਾਹੀਂ ਟੌਰੰਗਾ ਬੁਆਇਜ਼ ਕਾਲਜ ਤੱਕ ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਦੇ ਵਿਚਕਾਰ ਕੱਢਿਆ ਗਿਆ ਸੀ। ਸਥਾਨਕ ਪੁਲਿਸ ਵੱਲੋਂ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਇਸ ਤੋਂ ਇਲਾਵਾ ਸਿੱਖ ਭਾਈਚਾਰੇ ਨੇ ਵੀ ਨਗਰ ਕੀਰਤਨ ਦੇ ਸ਼ਾਂਤੀਪੂਰਵਕ ਸੰਚਾਲਨ ਲਈ ਵੱਡੀ ਗਿਣਤੀ ਵਿਚ ਵਲੰਟੀਅਰ ਤਾਇਨਾਤ ਕੀਤੇ ਸਨ।

ਇਸ ਦੌਰਾਨ ਜਦੋਂ ਨਗਰ ਕੀਰਤਨ ਵਾਪਸ ਆ ਰਿਹਾ ਸੀ, ਤਾਂ ਰਸਤੇ ਵਿਚ ਮਾਓਰੀ ਵਿਅਕਤੀਆਂ ਦੇ ਇੱਕ ਸਮੂਹ ਨੇ ਹਾਕਾ ਡਾਂਸ ਕਰਨਾ ਸ਼ੁਰੂ ਕਰ ਦਿੱਤਾ ਤੇ ਨਗਰ ਕੀਰਤਨ ’ਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਹੱਥਾਂ ’ਚ ਬੈਨਰ ਫੜੇ ਹੋਏ ਸਨ, ਜਿਨ੍ਹਾਂ ’ਤੇ ਲਿਖਿਆ ਸੀ, ‘ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ (**This is New Zealand, Not India**)’। ਇਸ ਤੋਂ ਇਲਾਵਾ ਉਨ੍ਹਾਂ ਨੇ ਨਾਅਰੇਬਾਜ਼ੀ ਵੀ ਕੀਤੀ, ਪਰ ਪ੍ਰਸ਼ਾਸਨ ਦੀ ਮੁਸਤੈਦੀ ਕਾਰਨ ਇਹ ਸਮਾਗਮ ਬਿਨਾਂ ਕਿਸੇ ਵੱਡੀ ਅਣਸੁਖਾਵੀਂ ਘਟਨਾ ਦੇ ਸ਼ਾਂਤੀਪੂਰਵਕ ਸੰਪੰਨ ਹੋ ਗਿਆ।




**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

## ਬਰਫਬਾਰੀ ਕਾਰਨ ਵਿਆਨਾ ਦਾ ਹਵਾਈ ਅੱਡਾ ਅਸਥਾਈ ਤੌਰ ’ਤੇ ਬੰਦ ਹੋਰ ਅੱਡਿਆਂ ’ਤੇ ਤਬਦੀਲ ਕੀਤੀਆਂ ਉਡਾਣਾਂ



**ਵਿਆਨਾ, (ਪੰਜਾਬ ਮੇਲ)-** ਆਸਟਰੀਆ ਦੀ ਰਾਜਧਾਨੀ ਵਿਆਨਾ ਦਾ ਹਵਾਈ ਅੱਡਾ ਬਰਫ਼ਬਾਰੀ ਕਾਰਨ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਹਵਾਈ ਅੱਡਾ ਆਉਣ-ਜਾਣ ਵਾਲੀਆਂ ਸਾਰੀਆਂ ਉਡਾਣਾਂ ਲਈ ਬੰਦ ਰਹੇਗਾ।

ਜ਼ਿਕਰਯੋਗ ਹੈ ਕਿ ਇੱਥੇ ਰਨਵੇਅ ’ਤੇ ਬਰਫ਼ ਜੰਮੀ ਹੋਈ ਹੈ, ਜਿਸ ਕਾਰਨ ਫਿਸਲਣ ਦਾ ਖਦਸ਼ਾ ਬਣਿਆ ਹੋਇਆ ਹੈ। ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਇਹ ਫੈਸਲਾ ਲਿਆ ਗਿਆ। ਕਈ ਉਡਾਣਾਂ ਨੂੰ ਨੇੜਲੇ ਹਵਾਈ ਅੱਡਿਆਂ ਵੱਲ ਤਬਦੀਲ ਕੀਤਾ ਗਿਆ ਹੈ। ਹਵਾਈ ਅਧਿਕਾਰੀਆਂ ਵੱਲੋਂ ਯਾਤਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਆਪਣੀ ਉਡਾਣ ਦੀ ਸਥਿਤੀ ’ਤੇ ਨਜ਼ਰ ਬਣਾਏ ਰੱਖਣ।

## ਨਿਊਜ਼ੀਲੈਂਡ ’ਚ ਕੁਝ ਲੋਕਾਂ ਵੱਲੋਂ ਨਗਰ ਕੀਰਤਨ ਦਾ ਵਿਰੋਧ ਕੀਤੇ ਜਾਣ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ

- **ਕਿਹਾ; ਦੂਜੀ ਵਾਰ ਅਜਿਹਾ ਕੀਤਾ ਜਾਣਾ ਬੇਹੱਦ ਦੁਖਦਾਈ ਅਤੇ ਚਿੰਤਾਜਨਕ**



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਊਜੀਲੈਂਡ ਅੰਦਰ ਸਿੱਖਾਂ ਵੱਲੋਂ ਸ਼ਾਂਤੀਪੂਰਵਕ ਅਤੇ ਧਾਰਮਿਕ ਮਰਿਆਦਾ ਅਨੁਸਾਰ ਸਜਾਏ ਗਏ ਨਗਰ ਕੀਰਤਨ ਦਾ ਸਥਾਨਕ ਕੁਝ ਲੋਕਾਂ ਵੱਲੋਂ ਇੱਕ ਵਾਰ ਫਿਰ ਵਿਰੋਧ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨਿਊਜੀਲੈਂਡ ਅੰਦਰ ਅਜਿਹਾ ਦੂਜੀ ਵਾਰ ਹੋਇਆ ਹੈ, ਜਿਸ ਨੇ ਸਿੱਖ ਸੰਗਤਾਂ ਨੂੰ ਨਿਰਾਸ਼ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਵਿਸ਼ਵ ਭਾਈਚਾਰੇ ਦੀ ਮਜ਼ਬੂਤੀ ਲਈ ਆਪਣਾ ਮਿਸਾਲੀ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਰਵਾਇਤਾਂ ਨੂੰ ਨਫ਼ਰਤੀ ਨਜ਼ਰੀਏ ਨਾਲ ਦੇਖਿਆ ਜਾਣਾ ਠੀਕ ਨਹੀਂ ਹੈ।

ਉਨ੍ਹਾਂ ਕਿਹਾ ਕਿ ਨਗਰ ਕੀਰਤਨ ਸਿੱਖ ਧਰਮ ਦੀ ਇੱਕ ਪਵਿੱਤਰ ਧਾਰਮਿਕ ਪ੍ਰੰਪਰਾ ਹੈ, ਜਿਸ ਦਾ ਵਿਰੋਧ ਸਿੱਖ ਧਰਮ ਦੀਆਂ ਮਾਨਵ ਹਿਤੈਸ਼ੀ ਕਦਰਾਂ-ਕੀਮਤਾਂ ਦੇ ਨਾਲ-ਨਾਲ ਸਮਾਜ ਦੀ ਆਪਸੀ ਸਾਂਝ ਲਈ ਵੀ ਚੁਣੌਤੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹਰ ਦੇਸ਼ ਅੰਦਰ ਵਸਦਾ ਸਿੱਖ ਭਾਈਚਾਰਾ ਸਦਾ ਹੀ ਸਥਾਨਕ ਲੋਕਾਂ ਨਾਲ ਰਲ-ਮਿਲ ਕੇ ਰਹਿੰਦਾ ਹੈ ਅਤੇ ਉਥੋਂ ਦੇ ਕਾਨੂੰਨਾਂ ਅਤੇ ਸਥਾਨਕ ਸੱਭਿਆਚਾਰ ਦਾ ਪੂਰਾ ਸਤਿਕਾਰ ਕਰਦਾ ਆਇਆ ਹੈ। ਇਸ ਦੇ ਬਾਵਜੂਦ ਵੀ ਮਿਥ ਕੇ ਸਿੱਖਾਂ ਨੂੰ ਧਰਮ ਪਾਲਣ ਤੋਂ ਰੋਕਣਾ ਨਿਰਾਸ਼ਾਜਨਕ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਨਿਊਜੀਲੈਂਡ ਅਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦਾ ਗੰਭੀਰਤਾ ਨਾਲ ਨੋਟਿਸ ਲੈਣ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ।

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767

SA
www.singhadr.com

Mediation - ◆ Save Money ◆ Save Time ◆ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਵਿਜੀਲੈਂਸ ਬਿਊਰੋ ਨੇ ਸਾਲ 2025 ਦੌਰਾਨ 187 ਵਿਅਕਤੀਆਂ ਨੂੰ ਰਿਸ਼ਵਤ ਲੈਂਦੇ ਕੀਤਾ ਗ੍ਰਿਫ਼ਤਾਰ



**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)** - ਵਿਜੀਲੈਂਸ ਬਿਊਰੋ ਨੇ ਸਾਲ 2025 ਦੌਰਾਨ ਵੱਖ-ਵੱਖ ਕੇਸਾਂ 'ਚ 187 ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। 127 ਟਰੈਪ ਕੇਸਾਂ 'ਚ ਵੱਖ-ਵੱਖ ਵਿਭਾਗਾਂ ਦੇ 144 ਮੁਲਾਜ਼ਮਾਂ ਤੇ 43 ਪ੍ਰਾਈਵੇਟ ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। 18 ਗਜ਼ਟਿਡ ਅਧਿਕਾਰੀਆਂ ਤੇ 126 ਨਾਨ-ਗਜ਼ਟਿਡ ਮੁਲਾਜ਼ਮਾਂ ਨੂੰ ਕਾਬੂ ਕੀਤਾ ਹੈ। ਹੋਰਨਾਂ ਵਿਭਾਗਾਂ ਤੋਂ ਇਲਾਵਾ ਪੁਲਿਸ ਦੇ 43, ਮਾਲ ਵਿਭਾਗ ਦੇ 20, ਬਿਜਲੀ ਵਿਭਾਗ ਦੇ 21, ਪੰਚਾਇਤਾਂ ਅਤੇ ਪੇਂਡੂ ਵਿਕਾਸ ਦੇ 14, ਟਰਾਂਸਪੋਰਟ ਵਿਭਾਗ ਦੇ 9, ਸਥਾਨਕ ਸਰਕਾਰਾਂ ਵਿਭਾਗ ਦੇ 8, ਜੰਗਲਾਤ ਵਿਭਾਗ ਦੇ 5, ਸਿਹਤ ਵਿਭਾਗ ਦੇ 5, ਮੰਡੀ ਬੋਰਡ ਦੇ 3 ਮੁਲਾਜ਼ਮਾਂ ਨੂੰ ਵੱਖ-ਵੱਖ ਕੇਸਾਂ 'ਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਸਿੱਖਿਆ, ਸਹਿਕਾਰਤਾ, ਖ਼ੁਰਾਕ ਤੇ ਸਿਵਲ ਸਪਲਾਈ ਅਤੇ ਪ੍ਰਸੋਨਲ ਵਿਭਾਗ ਦੇ ਵੀ ਦੋ-ਦੋ ਮੁਲਾਜ਼ਮਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਕਾਬੂ ਕੀਤਾ ਹੈ। ਇਹ ਜਾਣਕਾਰੀ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਮੁਲਜ਼ਮਾਂ ਵਿਰੁੱਧ 113 ਅਪਰਾਧਿਕ ਮਾਮਲੇ ਦਰਜ ਕੀਤੇ ਹਨ, ਜਿਨ੍ਹਾਂ 'ਚ 17 ਗਜ਼ਟਿਡ ਅਫ਼ਸਰ, 98 ਨਾਨ-ਗਜ਼ਟਿਡ ਮੁਲਾਜ਼ਮ ਅਤੇ 118 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ। ਇਸ ਤੋਂ ਇਲਾਵਾ 17 ਗਜ਼ਟਿਡ ਅਫ਼ਸਰਾਂ, 20 ਨਾਨ-ਗਜ਼ਟਿਡ ਮੁਲਾਜ਼ਮਾਂ ਤੇ 15 ਪ੍ਰਾਈਵੇਟ ਵਿਅਕਤੀਆਂ ਵਿਰੁੱਧ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਜਾਂਚ ਲਈ 38 ਵਿਜੀਲੈਂਸ ਇਨਕੁਆਰੀਆਂ ਵੀ ਦਰਜ ਕੀਤੀਆਂ ਗਈਆਂ ਹਨ।

ਇਸ ਤੋਂ ਇਲਾਵਾ 4 ਗਜ਼ਟਿਡ ਅਫ਼ਸਰਾਂ, 5 ਨਾਨ-ਗਜ਼ਟਿਡ ਮੁਲਾਜ਼ਮਾਂ ਤੇ 2 ਪ੍ਰਾਈਵੇਟ ਵਿਅਕਤੀਆਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ 10 ਮਾਮਲੇ ਵੀ ਦਰਜ ਕੀਤੇ ਗਏ ਹਨ। ਵਿਜੀਲੈਂਸ ਬਿਊਰੋ ਦੇ ਕੇਸਾਂ ਦੀ ਸੁਣਵਾਈ ਕਰਦਿਆਂ ਅਦਾਲਤਾਂ ਦੁਆਰਾ ਦੋਸ਼ੀ ਠਹਿਰਾਏ ਜਾਣ 'ਤੇ 6 ਨਾਨ-ਗਜ਼ਟਿਡ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਸਬੰਧਤ ਪ੍ਰਸ਼ਾਸਕੀ ਵਿਭਾਗਾਂ ਦੁਆਰਾ ਸੇਵਾਵਾਂ ਤੋਂ ਬਰਖ਼ਾਸਤ ਵੀ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਇਸ ਸਾਲ ਦੌਰਾਨ 65 ਵਿਜੀਲੈਂਸ ਇਨਕੁਆਰੀਆਂ ਦਾ ਸਫਲਤਾਪੂਰਵਕ ਨਿਬੇੜਾ ਵੀ ਕੀਤਾ ਹੈ। ਵੱਖ-ਵੱਖ ਅਦਾਲਤਾਂ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਬਿਊਰੋ ਵੱਲੋਂ ਦਾਇਰ ਤੇ ਲੜੇ ਗਏ 34 ਕੇਸਾਂ 'ਚ 63 ਮੁਲਜ਼ਮਾਂ ਨੂੰ ਸਜ਼ਾ ਸੁਣਾਈ ਗਈ ਹੈ, ਜਿਨ੍ਹਾਂ 'ਚ 3 ਗਜ਼ਟਿਡ ਅਫ਼ਸਰ, 38 ਨਾਨ-ਗਜ਼ਟਿਡ ਮੁਲਾਜ਼ਮ ਤੇ 22 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਨੂੰ ਇਕ ਸਾਲ ਤੋਂ ਪੰਜ ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਦੇ ਨਾਲ ਹੀ ਅਦਾਲਤਾਂ ਨੇ ਇਨ੍ਹਾਂ ਮਾਮਲਿਆਂ 'ਚ 5,000 ਰੁਪਏ ਤੋਂ ਲੈ ਕੇ 2,01,000 ਰੁਪਏ ਤੱਕ ਦੇ ਜੁਰਮਾਨੇ ਵੀ ਲਾਏ ਹਨ, ਜੋ ਕੁੱਲ 18,71,000 ਰੁਪਏ ਬਣਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਦੌਰਾਨ ਭ੍ਰਿਸ਼ਟਾਚਾਰ ਦੇ ਕੇਸਾਂ 'ਚ ਕਈ ਰਸੂਖਵਾਨ ਵਿਅਕਤੀਆਂ ਨੂੰ ਵੀ ਨਾਮਜ਼ਦ/ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ 'ਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਵਿਧਾਇਕ ਰਮਨ ਅਰੋੜਾ, ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ, ਜਲੰਧਰ ਤੋਂ ਸਹਾਇਕ ਕਮਿਸ਼ਨਰ ਸੀ.ਜੀ.ਐੱਸ.ਟੀ. ਰਵਿੰਦਰ ਕੁਮਾਰ ਸ਼ਰਮਾ, ਬਟਾਲਾ ਤੋਂ ਪੀ.ਸੀ.ਐੱਸ. ਅਧਿਕਾਰੀ ਵਿਕਰਮਜੀਤ ਸਿੰਘ ਪਾਂਥੇ, ਲੁਧਿਆਣਾ ਤੋਂ ਪੀ.ਸੀ.ਐੱਸ. ਅਧਿਕਾਰੀ ਗੁਰਬੀਰ ਸਿੰਘ ਕੋਹਲੀ, ਐੱਸ.ਬੀ.ਐੱਸ. ਨਗਰ ਤੋਂ ਪੀ.ਸੀ.ਐੱਸ. ਅਧਿਕਾਰੀ ਰਵਿੰਦਰ ਕੁਮਾਰ ਬਾਂਸਲ, ਜਨਰਲ ਮੈਨੇਜਰ ਪਨਸਪ ਅਜੀਤਪਾਲ ਸਿੰਘ ਸੈਣੀ, ਪੀ.ਐੱਸ.ਪੀ.ਸੀ.ਐੱਲ. ਦੇ ਡਿਪਟੀ ਚੀਫ ਇੰਜੀਨੀਅਰ ਹਰਮਿੰਦਰ ਸਿੰਘ, ਸਬ-ਰਜਿਸਟਰਾਰ ਜਗਤਾਰ ਸਿੰਘ, ਤਹਿਸੀਲਦਾਰ ਰਾਮ ਲਾਲ, ਐੱਸ.ਐੱਮ.ਏ. ਡਾ. ਸੁਮਿਤ ਸਿੰਘ, ਡੀ.ਐੱਸ.ਪੀ. ਗੁਰਸ਼ੇਰ ਸਿੰਘ ਅਤੇ ਸਿਵਲ ਹਸਪਤਾਲ ਸੁਨਾਮ ਤੋਂ ਡਾ. ਅਮਿਤ ਸਿੰਗਲਾ ਸ਼ਾਮਲ ਹਨ।

# ਕੈਨੇਡਾ 'ਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਨਾਲ ਸਬੰਧਤ 1 ਵਿਅਕਤੀ ਟੋਰਾਂਟੋ ਹਵਾਈ ਅੱਡੇ 'ਤੇ ਗ੍ਰਿਫ਼ਤਾਰ

**ਟੋਰਾਂਟੋ, (ਪੰਜਾਬ ਮੇਲ)**-ਕੈਨੇਡਾ ਦੇ ਪੀਲ ਖੇਤਰ ਵਿਚ ਪੁਲਿਸ ਨੇ ਦੇਸ਼ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਨਾਲ ਸਬੰਧਤ ਇਕ ਜਣੇ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪ੍ਰਾਜੈਕਟ 24ਕੇ ਸਬੰਧੀ ਜਾਂਚ ਵਿਚ ਲੋੜੀਂਦਾ ਸੀ। ਇਹ ਮਾਮਲਾ 2.2 ਕਰੋੜ ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਬਾਰਾਂ ਦੀ ਚੋਰੀ ਨਾਲ ਸਬੰਧਤ ਹੈ। ਇਹ ਦੇਸ਼ ਦੇ ਇਤਿਹਾਸ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਹੈ। ਪੀਲ ਖੇਤਰੀ ਪੁਲਿਸ ਦੀ ਵੈੱਬਸਾਈਟ 'ਤੇ ਕਿਹਾ ਗਿਆ ਹੈ ਕਿ 43 ਸਾਲਾ ਅਰਸਲਾਨ ਚੌਧਰੀ ਨੂੰ ਸੋਮਵਾਰ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਦੁਬਈ, ਸੰਯੁਕਤ ਅਰਬ ਅਮੀਰਾਤ ਤੋਂ ਇੱਕ ਉਡਾਣ ਰਾਹੀਂ ਇੱਥੇ ਆਇਆ। ਪੁਲਿਸ ਨੇ ਕਿਹਾ ਹੈ ਕਿ ਚੌਧਰੀ ਦਾ ਕੋਈ ਪੱਕਾ ਪਤਾ ਨਹੀਂ ਹੈ। ਪਹਿਲਾਂ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਉਹ ਮਿਸੀਸਾਗਾ ਨਾਲ ਸਬੰਧਤ ਹੈ। ਉਸ 'ਤੇ $5,000 ਤੋਂ ਵੱਧ ਦੀ ਚੋਰੀ, ਜਾਇਦਾਦ 'ਤੇ ਕਬਜ਼ਾ ਕਰਨ ਅਤੇ ਇੱਕ ਹੋਰ ਜਣੇ ਨਾਲ ਵਾਰਦਾਤ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਗਏ ਹਨ। ਚੌਧਰੀ ਨੂੰ ਬਰੈਂਪਟਨ ਵਿਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ ਕੀਤਾ ਗਿਆ।



ਇਹ ਮਾਮਲਾ 17 ਅਪ੍ਰੈਲ, 2023 ਦਾ ਹੈ, ਜਦੋਂ ਸਵਿਟਜ਼ਰਲੈਂਡ ਦੇ ਜ਼ਿਊਰਿਕ ਤੋਂ ਇੱਕ ਉਡਾਣ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸਾਮਾਨ ਲੈ ਕੇ ਉਤਰੀ, ਜਿਸ ਵਿਚ 400 ਕਿਲੋ ਦੇ .9999-ਸ਼ੁੱਧ ਸੋਨੇ ਦੀ ਖੇਪ ਸੀ। ਇਸ ਵਿਚ 6,600 ਸੋਨੇ ਦੀਆਂ ਬਾਰਾਂ ਸਨ, ਜਿਨ੍ਹਾਂ ਦਾ ਮੁੱਲ $20 ਮਿਲੀਅਨ ਤੋਂ ਵੱਧ ਸੀ। ਇਸ ਖੇਪ ਨੂੰ ਹਵਾਈ ਅੱਡੇ 'ਤੇ ਉਤਾਰਿਆ ਗਿਆ ਸੀ ਅਤੇ ਇੱਕ ਵੱਖਰੇ ਸਥਾਨ 'ਤੇ ਲਿਜਾਇਆ ਗਿਆ ਸੀ ਪਰ ਕੁਝ ਘੰਟਿਆਂ ਬਾਅਦ ਹੀ ਇਸ ਸਾਮਾਨ ਦੇ ਗਾਇਬ ਹੋਣ ਦੀ ਰਿਪੋਰਟ ਮਿਲੀ।

ਪੁਲਿਸ ਨੇ ਚੋਰੀ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਤੇ ਇਸ ਮਾਮਲੇ ਵਿਚ ਦਸ ਵਿਅਕਤੀਆਂ ਦੀ ਪਛਾਣ ਕੀਤੀ, ਜਿਨ੍ਹਾਂ ਨੂੰ ਵਾਰੰਟ ਜਾਰੀ ਕੀਤੇ ਗਏ ਤੇ 21 ਤੋਂ ਵੱਧ ਦੋਸ਼ ਲਗਾਏ ਗਏ।

ਇਸ ਮਾਮਲੇ ਵਿਚ ਦੋ ਵਿਅਕਤੀ ਹਾਲੇ ਵੀ ਫਰਾਰ ਹਨ, ਜਿਨ੍ਹਾਂ ਵਿਚ ਬਰੈਂਪਟਨ ਤੋਂ 33 ਸਾਲਾ ਸਿਮਰਨ ਪ੍ਰੀਤ ਪਨੇਸਰ ਸ਼ਾਮਲ ਹੈ, ਜੋ ਏਅਰ ਕੈਨੇਡਾ ਦਾ ਸਾਬਕਾ ਕਰਮਚਾਰੀ ਸੀ। ਪਨੇਸਰ ਭਾਰਤ ਵਿਚ ਰਹਿ ਰਿਹਾ ਮੰਨਿਆ ਜਾਂਦਾ ਹੈ।

ਇਸ ਮਾਮਲੇ ਦਾ ਇਕ ਹੋਰ ਮੁਲਜ਼ਮ 36 ਸਾਲਾ ਪ੍ਰਸਾਥ ਪਰਮਾਲਿੰਗਮ ਹੈ, ਜੋ ਬਰੈਂਪਟਨ ਦਾ ਰਹਿਣ ਵਾਲਾ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦਾ ਮਸ਼ਕੂਕ ਸਿਮਰਨ ਪ੍ਰੀਤ ਪਨੇਸਰ ਚੰਡੀਗੜ੍ਹ ਦੇ ਬਾਹਰਵਾਰ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਪਨੇਸਰ 2.2 ਕਰੋੜ ਕੈਨੇਡੀਅਨ ਡਾਲਰ (ਕਰੀਬ 135 ਕਰੋੜ ਰੁਪਏ) ਮੁੱਲ ਦੀਆਂ ਸੋਨੇ ਦੀਆਂ ਬਾਰਜ਼ ਦੀ ਚੋਰੀ ਵਿਚ ਸ਼ਾਮਲ ਸੀ। ਪਨੇਸਰ ਏਅਰ ਕੈਨੇਡਾ ਦਾ ਸਾਬਕਾ ਮੈਨੇਜਰ ਹੈ। ਕੈਨੇਡੀਅਨ ਪੁਲਿਸ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਸੀ। ਹੁਣ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਪਨੇਸਰ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਨਜ਼ਦੀਕ ਰਹਿ ਰਿਹਾ ਸੀ।

'ਦਿ ਫਿਫਥ ਅਸਟੇਟ ਵੱਲੋਂ ਕੀਤੀ ਗਈ ਸਾਂਝੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਿਮਰਨ ਪ੍ਰੀਤ ਪਨੇਸਰ ਚੰਡੀਗੜ੍ਹ ਦੇ ਬਾਹਰਵਾਰ ਆਪਣੇ ਪਰਿਵਾਰ ਨਾਲ ਕਿਰਾਏ ਦੇ ਮਕਾਨ ਵਿਚ ਰਹਿ ਰਿਹਾ ਸੀ। ਪਨੇਸਰ ਦੀ ਪਤਨੀ ਪ੍ਰੀਤੀ ਪਨੇਸਰ ਸਾਬਕਾ ਮਿਸ ਇੰਡੀਆ ਯੂਗਾਂਡਾ, ਗਾਇਕਾ ਅਤੇ ਅਦਾਕਾਰਾ ਹੈ।




## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਜੋੜ ਮੇਲੇ ਸ੍ਰੀ ਮੁਕਤਸਰ ਸਾਹਿਬ ਵਿਖੇ ਵੱਡੀ ਪੱਧਰ 'ਤੇ ਲੱਗਾ ਕਿਤਾਬਾਂ ਦਾ ਲੰਗਰ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਉਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਲੋਕਾਂ ਨੂੰ ਗਿਆਨ ਦਾ ਪ੍ਰਕਾਸ਼ ਕਰਵਾਉਣ ਲਈ ਵੱਡੇ ਪੱਧਰ 'ਤੇ ਗੁਰਦੁਆਰਾ ਸਾਹਿਬ ਵਿਚ, ਸਕੂਲਾਂ ਵਿਚ ਅਤੇ ਸਾਂਝੀ ਜਗ੍ਹਾ ਵਿਚ ਬਣੀਆਂ ਲਾਇਬ੍ਰੇਰੀਆਂ 'ਚ ਵੱਡੀ ਗਿਣਤੀ 'ਚ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਸ਼ਹਾਦਤ ਨੂੰ ਯਾਦ 'ਚ ਲੱਗੇ ਮਾਘੀ ਮੇਲੇ 'ਤੇ ਨਤਮਸਤਕ ਹੋਣ ਆਈਆਂ ਸੰਗਤਾਂ



ਡਾ. ਐੱਸ.ਪੀ. ਸਿੰਘ ਓਬਰਾਏ।

ਲਈ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਗੇਟ ਨੰਬਰ 6 ਅਤੇ 7 ਦੇ ਵਿਚਕਾਰ, (ਨੇੜੇ ਨਿਹੰਗ ਸਿੰਘਾਂ ਦੀ ਛਾਉਣੀ) ਵਿਚ ਵੱਡੀ ਪੱਧਰ 'ਤੇ 14 ਜਨਵਰੀ ਨੂੰ ਕਿਤਾਬਾਂ ਦਾ ਲੰਗਰ ਲਗਾਇਆ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਕਿਤਾਬਾਂ ਦੇ ਲੰਗਰ ਵਿਚ ਧਾਰਮਿਕ, ਸਮਾਜਿਕ, ਵਾਤਾਵਰਨ ਨੂੰ ਸ਼ੁੱਧ ਰੱਖਣ ਲਈ, ਪੁਰਾਣੇ ਸਿੱਖ ਇਤਿਹਾਸ ਸਬੰਧੀ ਅਤੇ ਵੱਖ-ਵੱਖ ਵਿਦਵਾਨਾਂ ਵੱਲੋਂ ਜੀਵਨ ਜਿਊਣ ਲਈ ਦਿੱਤੇ ਸੁਝਾਅ ਸਬੰਧੀ ਕਿਤਾਬਾਂ ਮੁਫ਼ਤ ਦਿੱਤੀਆਂ ਗਈਆਂ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਡਾਕਟਰ ਐੱਸ.ਪੀ. ਸਿੰਘ ਉਬਰਾਏ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

## ਅਮਰੀਕਾ ਤੋਂ ਡਿਪੋਰਟ ਲਾਰੈਂਸ ਬਿਸ਼ਨੋਈ ਗੈਂਗ ਦਾ ਮੁੱਖ ਮੈਂਬਰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਲਾਰੈਂਸ ਬਿਸ਼ਨੋਈ ਗੈਂਗ ਦੇ ਇਕ ਪ੍ਰਮੁੱਖ ਮੈਂਬਰ ਅਮਨ ਭੈਸਵਾਲ ਨੂੰ ਅਮਰੀਕਾ ਤੋਂ ਭਾਰਤ ਵਾਪਸ ਲਿਆਂਦਾ ਗਿਆ। ਸੀ.ਬੀ.ਆਈ. ਵੱਲੋਂ ਤਾਲਮੇਲ ਕੀਤੇ ਗਏ ਇਸ ਆਪ੍ਰੇਸ਼ਨ ਤਹਿਤ ਭੈਸਵਾਲ ਨੂੰ ਦਿੱਲੀ ਹਵਾਈ ਅੱਡੇ 'ਤੇ ਪਹੁੰਚਦੇ ਹੀ ਹਰਿਆਣਾ ਪੁਲਿਸ ਦੀ ਟੀਮ ਨੇ ਗ੍ਰਿਫ਼ਤਾਰ ਕਰ ਲਿਆ।

ਅਧਿਕਾਰੀਆਂ ਅਨੁਸਾਰ ਭੈਸਵਾਲ ਖ਼ਿਲਾਫ਼ ਇੰਟਰਪੋਲ ਵੱਲੋਂ 'ਰੈੱਡ ਕਾਰਨਰ ਨੋਟਿਸ' ਜਾਰੀ ਕੀਤਾ ਗਿਆ ਸੀ। ਉਹ ਕਤਲ, ਦੰਗੇ ਭੜਕਾਉਣ ਅਤੇ ਅਪਰਾਧਿਕ ਸਾਜ਼ਿਸ਼ ਰਚਣ ਵਰਗੇ ਗੰਭੀਰ ਦੋਸ਼ਾਂ ਹੇਠ ਹਰਿਆਣਾ ਪੁਲਿਸ ਨੂੰ ਲੋੜੀਂਦਾ ਸੀ। ਸੀ.ਬੀ.ਆਈ. ਦੇ ਬੁਲਾਰੇ ਨੇ ਦੱਸਿਆ ਕਿ ਅਮਨ ਭੈਸਵਾਲ ਇਕ ਖ਼ਤਰਨਾਕ ਅਪਰਾਧੀ ਹੈ ਅਤੇ ਲਾਰੈਂਸ ਬਿਸ਼ਨੋਈ ਗੈਂਗ ਦਾ ਅਹਿਮ ਹਿੱਸਾ ਰਿਹਾ ਹੈ। ਉਸਨੂੰ ਪਹਿਲਾਂ ਭਾਰਤ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਜ਼ਮਾਨਤ ਮਿਲਣ ਤੋਂ ਬਾਅਦ ਉਹ ਦੇਸ਼ ਛੱਡ ਕੇ ਫ਼ਰਾਰ ਹੋ ਗਿਆ ਸੀ ਅਤੇ ਟ੍ਰਾਇਲ ਦਾ ਸਾਹਮਣਾ ਨਹੀਂ ਕੀਤਾ। ਇੰਟਰਪੋਲ ਦੀ ਮਦਦ ਨਾਲ ਉਸਦੀ ਲੋਕੇਸ਼ਨ ਅਮਰੀਕਾ ਵਿਚ ਟਰੇਸ ਕੀਤੀ ਗਈ, ਜਿਸ ਤੋਂ ਬਾਅਦ ਉਸਨੂੰ 7 ਜਨਵਰੀ 2026 ਨੂੰ ਸਫਲਤਾਪੂਰਵਕ ਡਿਪੋਰਟ ਕਰਕੇ ਭਾਰਤ ਲਿਆਂਦਾ ਗਿਆ।

## ਡਾ. ਉਬਰਾਏ ਨੇ ਮਹਰੂਮ ਪੱਤਰਕਾਰ ਹਰਜੀਤ ਗਰੇਵਾਲ ਦੇ ਪਰਿਵਾਰ ਦੀ ਫ਼ੜੀ ਬਾਂਹ

- **ਪੱਤਰਕਾਰ ਦੀ ਵਿਧਵਾ ਪਤਨੀ ਦੀ 2500 ਰੁਪਏ ਮਹੀਨਾਵਾਰ ਪੈਨਸ਼ਨ ਸ਼ੁਰੂ**
- **ਪੈਨਸ਼ਨ ਦਾ ਪਹਿਲਾ ਚੈੱਕ ਅੰਤਿਮ ਅਰਦਾਸ ਮੌਕੇ ਪਰਿਵਾਰ ਨੂੰ ਸੌਂਪਿਆ**



ਮਹਰੂਮ ਪੱਤਰਕਾਰ ਹਰਜੀਤ ਗਰੇਵਾਲ ਦੀ ਪਤਨੀ ਨੂੰ ਚੈੱਕ ਦੇਣ ਮੌਕੇ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਨਪ੍ਰੀਤ ਸਿੰਘ ਸੰਧੂ ਤੇ ਹੋਰ।

**ਅੰਮ੍ਰਿਤਸਰ, (ਪੰਜਾਬ ਮੇਲ)**- ਹਰ ਔਖੀ ਘੜੀ ਵੇਲੇ ਲੋੜਵੰਦਾਂ ਦੀ ਮਦਦ ਲਈ ਸਭ ਤੋਂ ਪਹਿਲਾਂ ਅੱਗੇ ਆਉਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਉਬਰਾਏ ਵੱਲੋਂ ਪਿਛਲੇ ਦਿਨੀਂ ਇੱਕ ਸੜਕ ਹਾਦਸੇ 'ਚ ਆਪਣੀ ਜਾਨ ਗਵਾਉਣ ਵਾਲੇ ਅੰਮ੍ਰਿਤਸਰ ਦੇ ਸੀਨੀਅਰ ਪੱਤਰਕਾਰ ਹਰਜੀਤ ਸਿੰਘ ਗਰੇਵਾਲ ਦੇ ਪਰਿਵਾਰ ਦੀ ਇਸ ਔਖੀ ਘੜੀ ਵੇਲੇ ਬਾਂਹ ਫੜਦਿਆਂ, ਉਸ ਦੀ ਵਿਧਵਾ ਪਤਨੀ ਦੀ ਮਹੀਨਾਵਾਰ ਪੈਨਸ਼ਨ ਸ਼ੁਰੂ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਉਬਰਾਏ ਨੇ ਦੱਸਿਆ ਕਿ ਟਰੱਸਟ ਦੀ ਅੰਮ੍ਰਿਤਸਰ ਟੀਮ ਵੱਲੋਂ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਕਿ ਅੰਮ੍ਰਿਤਸਰ ਦੇ ਸੀਨੀਅਰ ਪੱਤਰਕਾਰ ਹਰਜੀਤ ਸਿੰਘ ਗਰੇਵਾਲ ਦੀ ਇੱਕ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ ਹੈ ਅਤੇ ਉਹ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਤਿੰਨ ਬੱਚਿਆਂ ਨੂੰ ਛੱਡ ਗਏ ਹਨ।

ਉਨ੍ਹਾਂ ਦੱਸਿਆ ਕਿ ਪਰਿਵਾਰ ਦੀ ਲੋੜ ਨੂੰ ਸਮਝਦਿਆਂ ਹੋਇਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੱਤਰਕਾਰ ਹਰਜੀਤ ਗਰੇਵਾਲ ਦੀ ਵਿਧਵਾ ਪਤਨੀ ਨੂੰ ਘਰ ਦੇ ਗੁਜ਼ਾਰੇ ਲਈ 2500 ਰੁਪਏ ਮਹੀਨਾ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ, ਜਿਸ ਦਾ ਪਹਿਲਾ ਚੈੱਕ ਹਰਜੀਤ ਸਿੰਘ ਦੀ ਅੰਤਿਮ ਅਰਦਾਸ ਮੌਕੇ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਦੀ ਮੌਜੂਦਗੀ 'ਚ ਪੀੜਤ ਪਰਿਵਾਰ ਨੂੰ ਸੌਂਪਿਆ ਗਿਆ। ਉਨ੍ਹਾਂ ਦੱਸਿਆ ਕਿ ਅੱਗੇ ਤੋਂ ਹਰ ਮਹੀਨੇ ਪੈਨਸ਼ਨ ਸਿੱਧੀ ਪਰਿਵਾਰ ਦੇ ਬੈਂਕ ਖਾਤੇ ਵਿਚ ਭੇਜ ਦਿੱਤੀ ਜਾਇਆ ਕਰੇਗੀ।



# ਪੰਜਾਬ ਅਤੇ ਹਰਿਆਣਾ 'ਚ ਸੰਘਣੀ ਧੁੰਦ ਅਤੇ ਸੀਤ ਲਹਿਰਾਂ ਦਾ ਕਹਿਰ ਜਾਰੀ


- **ਪੰਜਾਬ ਦੇ ਬਠਿੰਡਾ ਅਤੇ ਫਰੀਦਕੋਟ ਸ਼ਹਿਰ ਰਹੇ ਸਭ ਤੋਂ ਠੰਢੇ**
- **ਤਾਪਮਾਨ 3.2 ਡਿਗਰੀ ਸੈਲਸੀਅਸ ਕੀਤਾ ਦਰਜ**



*ਪਟਿਆਲਾ ਦੇ ਅਰਬਨ ਅਸਟੇਟ ਫੇਸ-3 ਵਿਚ ਪੱਸਰੀ ਧੁੰਦ ਦੀ ਝਲਕ।*

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਹਰਿਆਣਾ ਸਮੇਤ ਪੂਰੇ ਉੱਤਰ ਭਾਰਤ ਵਿਚ ਲੋਹੜੀ ਵਾਲੀ ਰਾਤ ਨੂੰ ਸੰਘਣੀ ਧੁੰਦ ਅਤੇ ਸੀਤ ਲਹਿਰਾਂ ਨੇ ਆਮ ਜਨਜੀਵਨ ਪ੍ਰਭਾਵਿਤ ਕੀਤਾ। ਇਸ ਦੌਰਾਨ ਸੜਕਾਂ 'ਤੇ ਵਧੇਰੇ ਸੰਘਣੇ ਧੁੰਦ ਹੋਣ ਕਰਕੇ ਦੂਰ ਤੱਕ ਦੇਖਣ ਦੀ ਹੱਦ ਨਾ ਬਰਾਬਰ ਹੀ ਦਰਜ ਕੀਤੀ ਗਈ, ਜਿਸ ਕਰਕੇ ਲੋਕਾਂ ਨੂੰ ਵਾਹਨ ਚਲਾਉਣ ਵਿਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਚੱਲ ਰਹੀਆਂ ਸੀਤ ਲਹਿਰਾਂ ਨੇ ਆਮ ਲੋਕਾਂ ਨੂੰ ਵੀ ਸਵੇਰ ਸਮੇਂ ਕੰਬਣੀ ਛੇੜੀ ਰੱਖੀ। ਪੰਜਾਬ ਵਿਚ ਬਠਿੰਡਾ ਅਤੇ ਫਰੀਦਕੋਟ ਸ਼ਹਿਰ ਸਭ ਤੋਂ ਠੰਢੇ ਰਹੇ। ਦੋਵਾਂ ਸ਼ਹਿਰਾਂ ਵਿਚ ਘੱਟੋ-ਘੱਟ ਤਾਪਮਾਨ 3.2 ਡਿਗਰੀ ਸੈਲਸੀਅਸ ਦਰਜ ਕੀਤਾ ਹੈ, ਜਦੋਂ ਕਿ ਦੂਜੇ ਪਾਸੇ ਹਰਿਆਣਾ ਵਿਚ ਸੋਨੀਪਤ ਸ਼ਹਿਰ ਸਭ ਤੋਂ ਠੰਢਾ ਰਿਹਾ ਹੈ। ਸੋਨੀਪਤ ਵਿਚ ਘੱਟੋ-ਘੱਟ ਤਾਪਮਾਨ 0.4 ਡਿਗਰੀ ਸੈਲਸੀਅਸ ਦਰਜ ਕੀਤਾ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿਚ ਘੱਟੋ-ਘੱਟ ਤਾਪਮਾਨ 3.8 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿਚ 4.3 ਡਿਗਰੀ ਸੈਲਸੀਅਸ, ਲੁਧਿਆਣਾ ਵਿਚ 5.4 ਡਿਗਰੀ ਸੈਲਸੀਅਸ, ਪਟਿਆਲਾ ਵਿਚ 4.4 ਡਿਗਰੀ ਸੈਲਸੀਅਸ ਅਤੇ ਰੋਪੜ ਵਿਚ ਪੰਜ ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਹੈ। ਗੁਆਂਢੀ ਸੂਬੇ ਹਰਿਆਣਾ ਦੇ ਅੰਬਾਲਾ ਵਿਚ ਘੱਟੋ-ਘੱਟ ਤਾਪਮਾਨ 4.9 ਡਿਗਰੀ ਸੈਲਸੀਅਸ, ਹਿਸਾਰ ਵਿਚ 0.5 ਡਿਗਰੀ ਸੈਲਸੀਅਸ, ਕਰਨਾਲ ਵਿਚ 3.6 ਡਿਗਰੀ ਸੈਲਸੀਅਸ, ਮਹਿੰਦਰਗੜ੍ਹ ਵਿਚ ਇੱਕ ਡਿਗਰੀ ਸੈਲਸੀਅਸ, ਰੋਹਤਕ ਵਿਚ 3.6 ਡਿਗਰੀ ਸੈਲਸੀਅਸ, ਭਿਵਾਨੀ ਵਿਚ 1.2 ਡਿਗਰੀ ਸੈਲਸੀਅਸ, ਫਰੀਦਾਬਾਦ ਵਿਚ 4.3 ਡਿਗਰੀ ਸੈਲਸੀਅਸ, ਗੁਰੂਗ੍ਰਾਮ ਵਿਚ 0.8 ਡਿਗਰੀ ਸੈਲਸੀਅਸ, ਜੀਂਦ ਵਿਚ 3.1 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ। ਇਹ ਤਾਪਮਾਨ ਇੱਕ ਤੋਂ ਤਿੰਨ ਡਿਗਰੀ ਸੈਲਸੀਅਸ ਤੱਕ ਆਮ ਨਾਲੋਂ ਘੱਟ ਦਰਜ ਕੀਤਾ ਗਿਆ।

# ਕੈਨੇਡਾ 'ਚ ਪੰਜਾਬੀ ਨੌਜਵਾਨ ਚੜ੍ਹਿਆ ਗੈਂਗਵਾਰ ਦੀ ਭੇਟ



**ਵੈਨਕੂਵਰ, (ਪੰਜਾਬ ਮੇਲ)-** ਇਥੋਂ ਨੇੜੇ ਲੋਅਰਮੇਨ ਲੈਂਡ ਸਥਿਤ ਪੰਜਾਬੀਆਂ ਦੀ ਸੰਘਣੀ ਅਬਾਦੀ ਵਾਲੇ ਸ਼ਹਿਰ ਐਬਟਸਫੋਰਡ ਵਿਚ ਗੋਲੀਆਂ ਨਾਲ ਮਾਰੇ ਗਏ ਨੌਜਵਾਨ ਦੀ ਪਹਿਚਾਣ ਨਵਪ੍ਰੀਤ ਸਿੰਘ ਧਾਲੀਵਾਲ ਵਜੋਂ ਹੋਈ ਹੈ। ਹਾਲਾਂਕਿ ਪੁਲਿਸ ਨੇ ਅਜੇ ਵੀ ਉਸ ਦੀ ਪਛਾਣ ਜਨਤਕ ਨਹੀਂ ਕੀਤੀ, ਪਰ ਜਾਣਕਾਰਾਂ ਅਨੁਸਾਰ ਬਾਅਦ ਦੁਪਹਿਰ ਉਸ ਨੂੰ ਬਲੂ ਰਿੱਜ ਅਤੇ ਸਿਸਕਨ ਡਰਾਇਵ ਨੇੜੇ ਗੋਲੀਆਂ ਮਾਰੀਆਂ ਗਈਆਂ ਸਨ।

ਵੇਰਵਿਆਂ ਅਨੁਸਾਰ ਕਾਰ 'ਤੇ ਆਏ ਮੁਲਜਮ ਉਸ ਨੂੰ ਕਈ ਗੋਲੀਆਂ ਮਾਰਕੇ ਮੌਕੇ ਤੋਂ ਫਰਾਰ ਹੋ ਗਏ ਸਨ। ਪੁਲਿਸ ਅਤੇ ਐਂਬੂਲੈਂਸ ਦੇ ਪਹੁੰਚਣ ਤੋਂ ਪਹਿਲਾਂ ਹੀ ਉਹ ਦਮ ਤੋੜ ਚੁੱਕਾ ਸੀ। ਪੁਲਿਸ ਬੁਲਾਰੇ ਪਾਲ ਵਾਕਰ ਅਨੁਸਾਰ ਕਤਲ ਦੀ ਜਾਂਚ ਪੁਲਿਸ ਦੀ ਵਿਸ਼ੇਸ਼ ਟੀਮ ਕਰ ਰਿਹਾ ਹੈ। ਉਸ ਨੇ ਕਿਹਾ ਕਿ ਮੁੱਢਲੇ ਸੰਕੇਤਾਂ ਤੋਂ ਜਾਪਦਾ ਹੈ ਕਿ ਮਿੱਥ ਕੇ ਕੀਤਾ ਗਿਆ ਇਹ ਕਤਲ ਗੈਂਗਵਾਰ ਦਾ ਨਤੀਜਾ ਹੈ। ਉਨ੍ਹਾਂ ਇਹ ਨਹੀਂ ਜ਼ਾਹਿਰ ਕੀਤਾ ਕਿ ਮ੍ਰਿਤਕ ਕਿਸ ਗੈਂਗ ਨਾਲ ਸਬੰਧਤ ਸੀ, ਪਰ ਕਿਹਾ ਕਿ ਹੁਣ ਤੱਕ ਦੀ ਜਾਂਚ ਵਿੱਚ ਇਹੀ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਨੌਜਵਾਨ ਦਾ ਕਤਲ ਵਿਰੋਧੀ ਗੈਂਗ ਨਾਲ ਸਬੰਧਤ ਵਿਅਕਤੀਆਂ ਵਲੋਂ ਕੀਤਾ ਗਿਆ ਹੈ। ਪੁਲਿਸ ਨੇ ਇਸ ਬਾਰੇ ਲੋਕਾਂ ਤੋਂ ਹੋਰ ਜਾਣਕਾਰੀ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

# ਕੈਨੇਡਾ ਸਰਕਾਰ ਵੱਲੋਂ ਬਜ਼ੁਰਗਾਂ ਦੀ ਪੀ.ਆਰ. 'ਤੇ ਅਸਥਾਈ ਪਾਬੰਦੀ

- **ਸਿਰਫ ਪੀ.ਆਰ. ਮੁਅੱਤਲ, ਸੀਨੀਅਰ ਨਾਗਰਿਕਾਂ ਦੀ ਕੈਨੇਡਾ ਯਾਤਰਾ 'ਤੇ ਕੋਈ ਪਾਬੰਦੀ ਨਹੀਂ**

**ਵਿਨੀਪੈੱਗ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ ਆਪਣੇ ਵੀਜ਼ਾ ਨੇਮ ਸਖ਼ਤ ਕਰਦਿਆਂ ਬਜ਼ੁਰਗਾਂ (ਮਾਪਿਆਂ ਅਤੇ ਦਾਦਾ-ਦਾਦੀ) ਲਈ ਸਥਾਈ ਨਿਵਾਸ ਵੀਜ਼ਾ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫ਼ੈਸਲਾ ਖ਼ਾਸ ਕਰਕੇ ਉਨ੍ਹਾਂ ਪੰਜਾਬੀ ਪਰਿਵਾਰਾਂ ਨੂੰ ਅਸਰ ਅੰਦਾਜ਼ ਕਰੇਗਾ, ਜੋ ਆਪਣੇ ਬਜ਼ੁਰਗਾਂ ਨੂੰ ਪੱਕੇ ਤੌਰ 'ਤੇ ਕੈਨੇਡਾ ਬੁਲਾਉਣਾ ਚਾਹੁੰਦੇ ਸਨ। ਇਸ ਤੋਂ ਇਲਾਵਾ ਕੈਨੇਡੀਅਨ ਸਰਕਾਰ ਨੇ ਆਪਣੇ ਦੇਖਭਾਲ ਕਰਨ ਵਾਲੇ ਪ੍ਰੋਗਰਾਮ ਨੂੰ ਵੀ ਮੁਅੱਤਲ ਕਰ ਦਿੱਤਾ ਹੈ।

ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਨੇ ਸਿਰਫ਼ ਸੀਨੀਅਰ ਨਾਗਰਿਕਾਂ ਲਈ ਪੀ.ਆਰ. ਨੂੰ ਮੁਅੱਤਲ ਕੀਤਾ ਹੈ। ਉਨ੍ਹਾਂ ਦੀ ਕੈਨੇਡਾ ਯਾਤਰਾ 'ਤੇ ਕੋਈ ਪਾਬੰਦੀ ਨਹੀਂ ਹੈ। ਜੇਕਰ ਉਹ ਥੋੜ੍ਹੇ ਸਮੇਂ ਲਈ ਯਾਤਰਾ ਕਰਨਾ ਚਾਹੁੰਦੇ ਹਨ, ਤਾਂ ਅਜਿਹੇ ਵੀਜ਼ਿਆਂ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਹਾਲਾਂਕਿ, ਉਨ੍ਹਾਂ ਕੋਲ ਅਜੇ ਵੀ ਸੁਪਰ ਵੀਜ਼ਾ ਦਾ ਵਿਕਲਪ ਹੋਵੇਗਾ, ਜੋ ਉਨ੍ਹਾਂ ਨੂੰ ਲਗਾਤਾਰ ਪੰਜ ਸਾਲਾਂ ਲਈ ਕੈਨੇਡਾ ਵਿਚ ਰਹਿਣ ਦੀ ਆਗਿਆ ਦਿੰਦਾ ਹੈ।

ਕੈਨੇਡੀਅਨ ਸਰਕਾਰ ਨੇ ਦਸੰਬਰ 2025 ਵਿਚ ਕੇਅਰ ਗਿਵਰਜ਼ ਨਾਮ ਹੇਠ ਸ਼ੁਰੂ ਕੀਤੇ ਗਏ 'ਹੋਮ ਕੇਅਰ ਵਰਕਰ' ਪਾਇਲਟ ਪ੍ਰੋਗਰਾਮ ਨੂੰ ਅਗਲੇ ਨੋਟਿਸ ਤੱਕ ਮੁਅੱਤਲ ਕਰ ਦਿੱਤਾ ਹੈ। ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਸੀ, ਜੋ ਬਜ਼ੁਰਗਾਂ ਜਾਂ ਬੱਚਿਆਂ ਦੀ ਦੇਖਭਾਲ ਲਈ ਕੈਨੇਡਾ ਦੀ ਯਾਤਰਾ ਕਰਨਾ ਚਾਹੁੰਦੇ ਸਨ।

ਥੋੜ੍ਹੇ ਸਮੇਂ ਲਈ ਜਾਣ ਵਾਲੇ ਸੈਲਾਨੀਆਂ ਜਾਂ ਰਿਸ਼ਤੇਦਾਰਾਂ ਲਈ ਪੁਰਾਣੇ ਵੀਜ਼ਾ ਨਿਯਮ ਲਾਗੂ ਰਹਿਣਗੇ। ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਇਸ ਵੇਲੇ 65 ਸਾਲ ਤੋਂ ਵੱਧ ਉਮਰ ਦੇ ਲਗਪਗ 81 ਲੱਖ ਲੋਕ ਹਨ। ਹਰ ਸਾਲ ਲਗਪਗ 25,000 ਤੋਂ 30,000 ਬਜ਼ੁਰਗਾਂ ਨੂੰ ਪੀ.ਆਰ. ਮਿਲਦੀ ਸੀ, ਜਿਸ ਵਿਚ 6,000 ਦੇ ਕਰੀਬ ਪੰਜਾਬੀ ਹੁੰਦੇ ਸਨ। 2024 ਵਿਚ ਮਾਪਿਆਂ ਅਤੇ ਦਾਦਾ-ਦਾਦੀ ਪ੍ਰੋਗਰਾਮ (ਪੀ.ਜੀ.ਪੀ.) ਤਹਿਤ 27,330 ਪੀ.ਆਰ. ਵੀਜ਼ੇ ਦਿੱਤੇ ਗਏ ਸਨ। ਕੈਨੇਡੀਅਨ ਸਰਕਾਰ ਦਾ ਇਹ ਕਦਮ ਦੇਸ਼ ਦੇ ਸਿਹਤ ਢਾਂਚੇ ਅਤੇ ਰਿਹਾਇਸ਼ੀ ਸੰਕਟ 'ਤੇ ਪੈ ਰਹੇ ਵਾਧੂ ਬੋਝ ਨੂੰ ਘਟਾਉਣ ਦੀ ਕੋਸ਼ਿਸ਼ਾਂ ਵਜੋਂ ਦੇਖਿਆ ਜਾ ਰਿਹਾ ਹੈ।

ਉਧਰ ਕੈਨੇਡਾ ਵਿਚ ਰਹਿ ਰਹੇ ਪੰਜਾਬੀ ਭਾਈਚਾਰੇ ਦਾ ਕਹਿਣਾ ਹੈ ਕਿ ਮਾਪਿਆਂ ਤੋਂ ਬਿਨਾਂ ਪਰਿਵਾਰ ਅਧੂਰੇ ਹਨ। ਬੱਚਿਆਂ ਦੀ ਦੇਖਭਾਲ ਅਤੇ ਘਰੇਲੂ ਸਹਾਇਤਾ ਲਈ ਬਜ਼ੁਰਗਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਪਾਂਸਰਸ਼ਿਪ 'ਤੇ ਲੱਗੀ ਇਸ ਰੋਕ ਨੇ ਉਨ੍ਹਾਂ ਲੋਕਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ, ਜੋ ਲੰਬੇ ਸਮੇਂ ਤੋਂ ਆਪਣੇ ਮਾਪਿਆਂ ਨੂੰ ਪੱਕੇ ਤੌਰ 'ਤੇ ਬੁਲਾਉਣ ਦੀ ਤਿਆਰੀ ਕਰ ਰਹੇ ਸਨ।

ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਕੈਨੇਡਾ ਸਰਕਾਰ ਇਸ ਵੇਲੇ ਰਿਹਾਇਸ਼ੀ ਸੰਕਟ ਅਤੇ ਸਿਹਤ ਸਹੂਲਤਾਂ 'ਤੇ ਪੈ ਰਹੇ ਬੋਝ ਨੂੰ ਘਟਾਉਣ ਲਈ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਸਪਾਂਸਰਸ਼ਿਪ ਦੀਆਂ ਸ਼ਰਤਾਂ (ਜਿਵੇਂ ਕਿ ਆਮਦਨ ਦਾ ਸਬੂਤ) ਹੋਰ ਵੀ ਸਖ਼ਤ ਕੀਤੀਆਂ ਜਾ ਸਕਦੀਆਂ ਹਨ।

# ਬਰੈਂਪਟਨ 'ਚ ਕਾਰ ਚੋਰੀ ਕਰਨ ਦੇ ਦੋਸ਼ ਹੇਠ 3 ਗ੍ਰਿਫ਼ਤਾਰ



**ਬਰੈਂਪਟਨ, (ਪੰਜਾਬ ਮੇਲ)-** ਓਨਟਾਰੀਓ ਦੀ ਪੀਲ ਪੁਲਿਸ ਦੇ ਆਟੋ ਚੋਰੀਆਂ ਦੀ ਜਾਂਚ ਕਰਨ ਵਾਲੀ ਟੀਮ ਨੇ ਬਰੈਂਪਟਨ ਦੇ ਇੱਕ ਘਰ 'ਤੇ ਛਾਪਾ ਮਾਰ ਕੇ ਉਥੋਂ ਤਿੰਨ ਚੋਰੀ ਕੀਤੇ ਟਰੱਕ ਬਰਾਮਦ ਕੀਤੇ ਹਨ, ਜਿਨ੍ਹਾਂ ਨੂੰ ਜਾਅਲੀ ਨੰਬਰਾਂ ਪਲੇਟਾਂ ਲਾਈਆਂ ਹੋਈਆਂ ਸਨ। ਪੁਲੀਸ ਨੇ ਉਸ ਘਰ ਵਿਚ ਔਰਤ ਸਮੇਤ ਰਹਿੰਦੇ ਤਿੰਨ ਲੋਕਾਂ ਨੂੰ ਚੋਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਦੀ ਪਛਾਣ ਅੰਮ੍ਰਿਤਪਾਲ ਖਟੜਾ (28), ਗੁਰਤਾਸ ਭੁੱਲਰ (33) ਤੇ ਮਨਦੀਪ ਕੌਰ (32) ਵਜੋਂ ਕੀਤੀ ਗਈ ਹੈ।

ਪੁਲਿਸ ਇਨ੍ਹਾਂ ਵਿਚੋਂ ਦੋ ਜਣਿਆਂ ਨੂੰ ਅਗਲੇ ਦਿਨਾਂ ਵਿਚ ਅਦਾਲਤ ਵਿਚ ਪੇਸ਼ ਕਰੇਗੀ, ਪਰ ਔਰਤ ਨੂੰ ਪੁੱਛਗਿੱਛ ਤੋਂ ਬਾਅਦ ਕੁਝ ਸ਼ਰਤਾਂ ਤਹਿਤ ਜ਼ਮਾਨਤ 'ਤੇ ਘਰ ਭੇਜ ਦਿੱਤਾ ਗਿਆ ਹੈ।

ਬਰੈਂਪਟਨ ਪੁਲਿਸ ਨੇ ਕਿਹਾ ਹੈ ਕਿ ਜੇ ਕਿਸੇ ਕੋਲ ਇਨ੍ਹਾਂ ਬਾਰੇ ਕੋਈ ਹੋਰ ਜਾਣਕਾਰੀ ਹੋਵੇ, ਤਾਂ ਉਹ ਪੁਲਿਸ ਜਾਂ ਕ੍ਰਾਈਮ ਸਟੌਪਰ ਨੂੰ ਫੋਨ ਕਰਕੇ ਦੱਸ ਸਕਦਾ ਹੈ। ਕਾਰਾਂ ਦੀ ਚੋਰੀ ਕੈਨੇਡਾ ਵਿਚ ਇੱਕ ਬਹੁਤ ਵੱਡਾ ਮਸਲਾ ਹੈ। ਸਰਕਾਰਾਂ ਦੁਆਰਾ ਕੀਤੇ ਜਾ ਰਹੇ ਯਤਨਾਂ ਦੇ ਬਾਵਜੂਦ ਇਹ ਰੁਕ ਨਹੀਂ ਰਹੀ।

ਪੁਲਿਸ ਬੁਲਾਰੇ ਨੇ ਦੱਸਿਆ ਕਿ ਆਟੋ ਚੋਰੀਆਂ ਨੂੰ ਨੱਥ ਪਾਉਣ ਲਈ ਗਠਿਤ ਟੀਮ ਵਲੋਂ ਵਾਹਨ ਚੋਰਾਂ ਖਿਲਾਫ਼ ਵਿੱਢੀ ਮੁਹਿੰਮ ਦੇ ਚੰਗੇ ਨਤੀਜੇ ਆ ਰਹੇ ਹਨ, ਜਿਸ ਕਰਕੇ ਪਿਛਲੇ ਸਾਲ ਵਾਹਨ ਚੋਰੀਆਂ ਦਾ ਅੰਕੜਾ ਪਹਿਲੇ ਸਾਲਾਂ ਦੇ ਮੁਕਾਬਲੇ ਕਾਫੀ ਹੇਠਾਂ ਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਫੜਿਆ ਗਿਆ ਗਰੋਹ ਕੁਝ ਦਿਨਾਂ ਤੋਂ ਪੁਲਿਸ ਦੀ ਨਜ਼ਰ ਹੇਠ ਸੀ। ਇਹ ਲੋਕ ਮਹਿੰਗੇ ਵਾਹਨ ਚੋਰੀ ਕਰਕੇ ਉਨ੍ਹਾਂ 'ਤੇ ਜਾਅਲੀ ਨੰਬਰ ਪਲੇਟਾਂ ਲਗਾ ਕੇ ਅੱਗੇ ਲੋਕਾਂ ਨੂੰ ਵੇਚ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਤਿੰਨਾਂ ਮੁਲਜ਼ਮਾਂ 'ਤੇ ਚੋਰੀਆਂ ਨਾਲ ਸਬੰਧਤ ਵੱਖ-ਵੱਖ ਜੁਰਮ ਆਇਦ ਕੀਤੇ ਗਏ ਹਨ।

# ਅਮਰੀਕਾ-ਕੈਨੇਡਾ ਮਗਰੋਂ ਹੁਣ ਆਸਟ੍ਰੇਲੀਆ ਵੱਲੋਂ ਇਮੀਗ੍ਰੇਸ਼ਨ ਨਿਯਮਾਂ 'ਚ ਸਖਤੀ

- **ਸਟੂਡੈਂਟ ਵੀਜ਼ਾ ਲਈ 'ਸਭ ਤੋਂ ਵੱਧ ਖ਼ਤਰੇ' ਵਾਲੀ ਸ਼੍ਰੇਣੀ 'ਚ ਭਾਰਤ ਨੂੰ ਕੀਤਾ ਸ਼ਾਮਲ**

**ਸਿਡਨੀ, (ਪੰਜਾਬ ਮੇਲ)-** ਅਮਰੀਕਾ-ਕੈਨੇਡਾ ਤੇ ਇੰਗਲੈਂਡ ਨੇ ਜਿੱਥੇ ਆਪਣੇ ਇਮੀਗ੍ਰੇਸ਼ਨ ਨਿਯਮ ਸਖ਼ਤ ਕਰ ਦਿੱਤੇ ਹਨ, ਉੱਥੇ ਹੀ ਆਸਟ੍ਰੇਲੀਆ ਸਰਕਾਰ ਨੇ ਇਕ ਵੱਡਾ ਕਦਮ ਚੁੱਕਦੇ ਹੋਏ ਭਾਰਤ, ਨੇਪਾਲ, ਬੰਗਲਾਦੇਸ਼ ਅਤੇ ਭੂਟਾਨ ਨੂੰ ਸਟੂਡੈਂਟ ਵੀਜ਼ਾ ਲਈ 'ਸਭ ਤੋਂ ਵੱਧ ਖ਼ਤਰਨਾਕ' (Evidence Level 3) ਸ਼੍ਰੇਣੀ ਵਿਚ ਸ਼ਾਮਲ ਕਰ ਦਿੱਤਾ ਹੈ। ਇਹ ਨਵਾਂ ਨਿਯਮ 8 ਜਨਵਰੀ 2026 ਤੋਂ ਲਾਗੂ ਹੋ ਗਿਆ ਹੈ।

ਨਵੇਂ ਨਿਯਮਾਂ ਮੁਤਾਬਕ ਹੁਣ ਵਿਦਿਆਰਥੀਆਂ ਨੂੰ ਆਪਣੀ ਵਿੱਤੀ ਸਥਿਤੀ, ਜਿਵੇਂ ਕਿ 3 ਮਹੀਨਿਆਂ ਦੀ ਬੈਂਕ ਸਟੇਟਮੈਂਟ ਅਤੇ ਅਕਾਦਮਿਕ ਰਿਕਾਰਡਾਂ ਦੇ ਵਧੇਰੇ ਪੁਖ਼ਤਾ ਸਬੂਤ ਦੇਣੇ ਪੈਣਗੇ। ਇਸ ਦੇ ਨਾਲ ਹੀ ਵੀਜ਼ਾ ਅਰਜ਼ੀਆਂ ਦੀ ਜਾਂਚ ਹੁਣ ਜ਼ਿਆਦਾ ਬਾਰੀਕੀ ਨਾਲ ਕੀਤੀ ਜਾਵੇਗੀ, ਜਿਸ ਕਾਰਨ ਪ੍ਰੋਸੈਸਿੰਗ ਦਾ ਸਮਾਂ ਪਹਿਲਾਂ ਦੇ 3 ਹਫ਼ਤਿਆਂ ਤੋਂ ਵਧ ਕੇ 8 ਹਫ਼ਤਿਆਂ ਤੱਕ ਜਾ ਸਕਦਾ ਹੈ। ਅਧਿਕਾਰੀ ਬੈਂਕਾਂ ਅਤੇ ਵਿਦਿਅਕ ਸੰਸਥਾਵਾਂ ਤੋਂ ਸਿੱਧੇ ਤੌਰ 'ਤੇ ਦਸਤਾਵੇਜ਼ਾਂ ਦੀ ਤਸਦੀਕ ਕਰ ਸਕਦੇ ਹਨ ਅਤੇ ਬਾਇਓਮੈਟ੍ਰਿਕਸ ਦੀ ਇੰਟਰਪੋਲ ਰਾਹੀਂ ਜਾਂਚ ਕੀਤੀ ਜਾ ਸਕਦੀ ਹੈ।

ਸਰਕਾਰ ਨੇ ਇਹ ਕਦਮ ਜਾਅਲੀ ਦਸਤਾਵੇਜ਼ਾਂ ਜਿਵੇਂ ਕਿ ਫਰਜ਼ੀ ਡਿਗਰੀਆਂ ਅਤੇ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਨੂੰ ਰੋਕਣ ਲਈ ਚੁੱਕਿਆ ਹੈ। ਮਾਹਿਰਾਂ ਅਨੁਸਾਰ, ਅਮਰੀਕਾ, ਕੈਨੇਡਾ ਅਤੇ ਯੂ.ਕੇ. ਵਿਚ ਸਖ਼ਤੀ ਹੋਣ ਕਾਰਨ ਆਸਟ੍ਰੇਲੀਆ ਲਈ ਵੀਜ਼ਾ ਅਰਜ਼ੀਆਂ ਦੀ ਗਿਣਤੀ ਵਧੀ ਹੈ, ਜਿਸ ਨਾਲ ਫਰਜ਼ੀ ਦਸਤਾਵੇਜ਼ਾਂ ਦੇ ਮਾਮਲੇ ਵੀ ਸਾਹਮਣੇ ਆਏ ਹਨ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੀਆਂ ਅਰਜ਼ੀਆਂ ਸਮੇਂ ਤੋਂ ਪਹਿਲਾਂ ਜਮ੍ਹਾਂ ਕਰਵਾਉਣ ਅਤੇ ਸਾਰੇ ਵਿੱਤੀ ਤੇ ਅਕਾਦਮਿਕ ਦਸਤਾਵੇਜ਼ ਸਹੀ ਅਤੇ ਤਸਦੀਕਸ਼ੁਦਾ ਹੋਣੇ ਯਕੀਨੀ ਬਣਾਉਣ। ਇਹ ਬਦਲਾਅ ਕੋਈ ਪਾਬੰਦੀ ਨਹੀਂ ਹੈ, ਸਗੋਂ ਸਿਰਫ਼ ਅਸਲੀ ਤੇ ਯੋਗ ਵਿਦਿਆਰਥੀਆਂ ਨੂੰ ਹੀ ਮੌਕਾ ਮਿਲੇ, ਇਸ ਨੂੰ ਯਕੀਨੀ ਬਣਾਉਣ ਲਈ ਕੀਤੀ ਗਈ ਸਖ਼ਤੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਯੂ.ਐੱਸ. ਦੂਤਾਵਾਸ ਦੀ ਭਾਰਤੀ ਵਿਦਿਆਰਥੀਆਂ ਨੂੰ ਚਿਤਾਵਨੀ

■ 'ਕਾਨੂੰਨ ਦੀ ਉਲੰਘਣਾ' ਕਾਰਨ ਹੋ ਸਕਦੈ ਵੀਜ਼ਾ ਰੱਦ ਤੇ ਦੇਸ਼ ਨਿਕਾਲਾ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ 'ਚ ਅਮਰੀਕੀ ਦੂਤਾਵਾਸ ਨੇ ਇਕ ਤਾਜ਼ਾ ਐਡਵਾਈਜ਼ਰੀ ਜਾਰੀ ਕਰਕੇ ਭਾਰਤੀ ਵਿਦਿਆਰਥੀਆਂ ਅਤੇ ਹੋਰ ਵੀਜ਼ਾ ਧਾਰਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਕਰਨ ਨਾਲ ਵੀਜ਼ਾ ਰੱਦ ਹੋ ਸਕਦਾ ਹੈ, ਦੇਸ਼ ਨਿਕਾਲਾ ਮਿਲ ਸਕਦਾ ਹੈ ਅਤੇ ਭਵਿੱਖ ਵਿਚ ਯਾਤਰਾ 'ਤੇ ਲੰਮੇ ਸਮੇਂ ਲਈ ਪਾਬੰਦੀਆਂ ਲੱਗ ਸਕਦੀਆਂ ਹਨ। ਅਮਰੀਕੀ ਕਾਨੂੰਨਾਂ ਅਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ 'ਤੇ ਜ਼ੋਰ ਦਿੰਦੇ ਹੋਏ ਦੂਤਾਵਾਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੰਯੁਕਤ ਰਾਜ ਅਮਰੀਕਾ ਵਿਚ ਦਾਖਲਾ ਕੋਈ ਹੱਕ ਨਹੀਂ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਸਾਂਝੀ ਕੀਤੀ ਗਈ ਇਕ ਪੋਸਟ ਵਿਚ ਦੂਤਾਵਾਸ ਨੇ ਕਿਹਾ, "ਅਮਰੀਕੀ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਤੁਹਾਡੇ ਵਿਦਿਆਰਥੀ ਵੀਜ਼ੇ ਲਈ ਗੰਭੀਰ ਨਤੀਜੇ ਹੋ ਸਕਦੇ ਹਨ। ਜੇਕਰ ਤੁਹਾਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਜਾਂ ਤੁਸੀਂ ਕਿਸੇ ਕਾਨੂੰਨ ਦੀ ਉਲੰਘਣਾ ਕਰਦੇ ਹੋ, ਤਾਂ ਤੁਹਾਡਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ, ਤੁਹਾਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ ਅਤੇ ਤੁਸੀਂ ਭਵਿੱਖ ਵਿਚ ਅਮਰੀਕੀ ਵੀਜ਼ਾ ਲਈ ਅਯੋਗ ਹੋ ਸਕਦੇ ਹੋ। ਨਿਯਮਾਂ ਦੀ ਪਾਲਣਾ ਕਰੋ ਅਤੇ ਆਪਣੀ ਯਾਤਰਾ ਨੂੰ ਖ਼ਤਰੇ ਵਿਚ ਨਾ ਪਾਓ। ਅਮਰੀਕੀ ਵੀਜ਼ਾ ਇਕ ਵਿਸ਼ੇਸ਼ ਅਧਿਕਾਰ ਹੈ, ਅਧਿਕਾਰ ਨਹੀਂ।"

ਇਹ ਸਲਾਹ ਸੰਯੁਕਤ ਰਾਜ ਅਮਰੀਕਾ ਵਿਚ ਇਮੀਗ੍ਰੇਸ਼ਨ ਪਾਲਣਾ ਦੀ ਵਧਦੀ ਜਾਂਚ ਦੇ ਵਿਚਕਾਰ ਆਈ ਹੈ, ਖਾਸ ਕਰਕੇ ਵਿਦੇਸ਼ੀ ਵਿਦਿਆਰਥੀਆਂ ਅਤੇ ਅਸਥਾਈ ਕਰਮਚਾਰੀਆਂ ਨੂੰ ਸ਼ਾਮਲ ਕਰਦੇ ਹੋਏ। ਅਮਰੀਕੀ ਅਧਿਕਾਰੀਆਂ ਨੇ ਸਮੇਂ-ਸਮੇਂ 'ਤੇ ਵੀਜ਼ਾ ਧਾਰਕਾਂ ਨੂੰ ਯਾਦ ਦਿਵਾਇਆ ਹੈ ਕਿ ਦੇਸ਼ ਵਿਚ ਨਿਰੰਤਰ ਰਹਿਣ ਲਈ ਵੀਜ਼ਾ ਸ਼ਰਤਾਂ, ਸਥਾਨਕ ਕਾਨੂੰਨਾਂ ਅਤੇ ਰੁਜ਼ਗਾਰ ਜਾਂ ਅਧਿਐਨ ਪਾਬੰਦੀਆਂ ਦੀ ਪਾਲਣਾ ਸਮੇਤ ਕਾਨੂੰਨੀ ਸਥਿਤੀ ਨੂੰ ਬਣਾਈ ਰੱਖਣਾ ਜ਼ਰੂਰੀ ਹੈ।

ਅਧਿਕਾਰੀਆਂ ਨੇ ਦੁਹਰਾਇਆ ਹੈ ਕਿ ਛੋਟੀਆਂ ਕਾਨੂੰਨੀ ਉਲੰਘਣਾਵਾਂ ਦੇ ਵੀ ਗੰਭੀਰ ਇਮੀਗ੍ਰੇਸ਼ਨ ਨਤੀਜੇ ਹੋ ਸਕਦੇ ਹਨ, ਜਿਸ ਵਿਚ ਵੀਜ਼ਾ ਤੁਰੰਤ ਰੱਦ ਕਰਨਾ, ਨਜ਼ਰਬੰਦੀ, ਜਾਂ ਹਟਾਉਣ ਦੀ ਕਾਰਵਾਈ ਸ਼ਾਮਲ ਹੈ।

## ਭਾਰਤੀ ਨਾਗਰਿਕਾਂ ਦੇ ਦੇਸ਼ ਨਿਕਾਲੇ ਤੋਂ ਬਾਅਦ ਜਾਰੀ ਕੀਤੀ ਚਿਤਾਵਨੀ

ਇਹ ਚਿਤਾਵਨੀ ਅਮਰੀਕਾ ਤੋਂ ਭਾਰਤੀ ਨਾਗਰਿਕਾਂ ਦੇ ਦੇਸ਼ ਨਿਕਾਲਾ ਵਿਚ ਵਾਧੇ ਤੋਂ ਬਾਅਦ ਦਿੱਤੀ ਗਈ ਹੈ। ਦੇਸ਼ ਨਿਕਾਲਾ ਦਿੱਤੇ ਗਏ ਬਹੁਤ ਸਾਰੇ ਲੋਕ ਕਥਿਤ ਤੌਰ 'ਤੇ 'ਡੰਕੀ ਰੂਟ' ਰਾਹੀਂ ਦੇਸ਼ ਵਿਚ ਦਾਖਲ ਹੋਏ, ਜੋ ਕਿ ਦੱਖਣੀ ਅਤੇ ਮੱਧ ਅਮਰੀਕਾ ਵਿਚੋਂ ਖ਼ਤਰਨਾਕ ਯਾਤਰਾਵਾਂ ਨੂੰ ਸ਼ਾਮਲ ਕਰਨ ਵਾਲਾ ਇਕ ਗੈਰ-ਕਾਨੂੰਨੀ ਪ੍ਰਵਾਸ ਰਸਤਾ ਹੈ।

ਭਾਰਤ ਸਰਕਾਰ ਦੁਆਰਾ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ ਜਨਵਰੀ ਤੋਂ ਮਾਰਚ 2025 ਦੇ ਵਿਚਕਾਰ ਕੁੱਲ 388 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਵੱਖਰੇ ਤੌਰ 'ਤੇ ਡਿਪੋਰਟ ਕੀਤਾ ਗਿਆ ਸੀ, 55 ਭਾਰਤੀ ਨਾਗਰਿਕਾਂ ਨੂੰ ਪਨਾਮਾ ਰਾਹੀਂ ਡਿਪੋਰਟ ਕੀਤਾ ਗਿਆ ਸੀ। ਡਿਪੋਰਟ ਕੀਤੇ ਗਏ ਲੋਕਾਂ ਵਿਚ ਪੰਜਾਬ ਵਿਚ ਸਭ ਤੋਂ ਵੱਧ 126, ਹਰਿਆਣਾ ਵਿਚ 110 ਅਤੇ ਗੁਜਰਾਤ ਵਿਚ 74 ਸਨ।

ਜ਼ਿਕਰਯੋਗ ਹੈ ਕਿ ਇਹ ਚਿਤਾਵਨੀ ਉਦੋਂ ਆਈ ਹੈ, ਜਦੋਂ ਅਮਰੀਕੀ ਅਧਿਕਾਰੀ ਸਰਹੱਦਾਂ 'ਤੇ ਬਾਇਓਮੈਟ੍ਰਿਕ ਨਿਗਰਾਨੀ ਦਾ ਵਿਸਤਾਰ ਕਰ ਰਹੇ ਹਨ। ਨਵੇਂ ਨਿਯਮਾਂ ਤਹਿਤ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਅਧਿਕਾਰੀ ਹੁਣ ਹਰ ਪ੍ਰਵੇਸ਼ ਅਤੇ ਨਿਕਾਸ ਬਿੰਦੂ 'ਤੇ ਸਾਰੇ ਗੈਰ-ਅਮਰੀਕੀ ਨਾਗਰਿਕਾਂ ਦੀਆਂ ਫੋਟੋਆਂ ਇਕੱਠੀਆਂ ਕਰਦੇ ਹਨ, ਜਿਸ ਵਿਚ ਹਵਾਈ ਅੱਡੇ, ਜ਼ਮੀਨੀ ਕਰਾਸਿੰਗ ਅਤੇ ਸਮੁੰਦਰੀ ਬੰਦਰਗਾਹ ਸ਼ਾਮਲ ਹਨ। ਇਹ ਨੀਤੀ ਸਾਰੇ ਉਮਰ ਸਮੂਹਾਂ 'ਤੇ ਲਾਗੂ ਹੁੰਦੀ ਹੈ, ਜਿਸ ਵਿਚ 14 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ 79 ਸਾਲ ਤੋਂ ਵੱਧ ਉਮਰ ਦੇ ਬਾਲਗ ਸ਼ਾਮਲ ਹਨ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਨੇ ਕਿਹਾ ਹੈ ਕਿ ਬਾਇਓਮੈਟ੍ਰਿਕ ਸਿਸਟਮ ਦਾ ਉਦੇਸ਼ ਸੁਰੱਖਿਆ ਚਿੰਤਾਵਾਂ ਅਤੇ ਵੀਜ਼ਾ ਓਵਰਸਟੇਅ ਨੂੰ ਹੱਲ ਕਰਨਾ ਹੈ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਇਹ ਵੱਡੇ ਪੱਧਰ 'ਤੇ ਨਿਗਰਾਨੀ ਲਈ ਨਹੀਂ ਹੈ। ਹਾਲਾਂਕਿ, ਆਲੋਚਕ ਗੋਪਨੀਯਤਾ ਸੰਬੰਧੀ ਚਿੰਤਾਵਾਂ ਉਠਾਉਂਦੇ ਰਹਿੰਦੇ ਹਨ। ਪਹਿਲਾਂ ਪਾਇਲਟ ਪ੍ਰੋਗਰਾਮਾਂ ਤੱਕ ਸੀਮਿਤ, ਬਾਇਓਮੈਟ੍ਰਿਕ ਐਗਜ਼ਿਟ ਟਰੈਕਿੰਗ ਹੁਣ ਦੇਸ਼ ਭਰ ਵਿਚ ਲਾਜ਼ਮੀ ਹੋ ਗਈ ਹੈ, ਜਿਸ ਨਾਲ ਅਮਰੀਕੀ ਸਰਕਾਰ ਦੇ ਇਮੀਗ੍ਰੇਸ਼ਨ ਲਾਗੂ ਕਰਨ 'ਤੇ ਸਖ਼ਤ ਰੁਖ਼ ਨੂੰ ਹੋਰ ਮਜ਼ਬੂਤੀ ਮਿਲਦੀ ਹੈ।

# ਭਾਰਤੀ-ਅਮਰੀਕੀ ਜੱਜਾਂ ਨੂੰ 'ਮਾਗਾ' ਸਮਰਥਕਾਂ ਦੇ ਗੁੱਸੇ ਦਾ ਕਰਨਾ ਪੈ ਰਿਹਾ ਸਾਹਮਣਾ

**ਨਵੀਂ ਦਿੱਲੀ, (ਪੰਜਾਬ ਮੇਲ)-** ਇਕ ਭਾਰਤੀ-ਅਮਰੀਕੀ ਸੰਘੀ ਜੱਜ 'ਮਾਗਾ' (ਮੇਕ ਅਮਰੀਕਾ ਗ੍ਰੇਟ ਅਗੇਨ) ਸਮਰਥਕਾਂ ਦੇ ਤਿੱਖੇ ਹਮਲਿਆਂ ਦਾ ਨਵਾਂ ਨਿਸ਼ਾਨਾ ਬਣ ਗਏ ਹਨ ਕਿਉਂਕਿ ਉਨ੍ਹਾਂ ਨੇ ਅਰਬਾਂ ਡਾਲਰ ਦੀ ਸੰਘੀ ਫੰਡਿੰਗ ਨੂੰ ਫ੍ਰੀਜ਼ ਕਰਨ ਦੇ ਟਰੰਪ ਪ੍ਰਸ਼ਾਸਨ ਦੇ ਇਕ ਅਹਿਮ ਕਦਮ ਨੂੰ ਰੋਕ ਦਿੱਤਾ ਹੈ। ਭਾਰਤੀ ਮੂਲ ਦੇ ਜੱਜਾਂ ਨੂੰ ਟਰੰਪ ਦੀ ਨੀਤੀ ਨੂੰ ਰੋਕਣ ਵਾਲੇ ਫੈਸਲਿਆਂ ਲਈ ਬਹੁਤ ਜ਼ਿਆਦਾ ਗੁੱਸੇ ਦਾ ਸਾਹਮਣਾ ਕਰਨਾ ਪਿਆ ਹੈ।

ਨਿਊਯਾਰਕ ਦੇ ਸਦਰਨ ਡਿਸਟ੍ਰਿਕਟ ਦੇ ਫੈਡਰਲ ਜੱਜ ਅਰੁਣ ਸੁਬਰਮਣੀਅਮ ਨੇ ਸ਼ੁੱਕਰਵਾਰ ਨੂੰ ਇਕ ਟੈਂਪਰੇਰੀ ਰੈਸਟ੍ਰੇਨਿੰਗ ਆਰਡਰ (ਟੀ.ਆਰ.ਓ.) ਜਾਰੀ ਕੀਤਾ, ਜਿਸ ਨਾਲ ਟਰੰਪ ਪ੍ਰਸ਼ਾਸਨ ਦੇ 5 ਡੈਮੋਕ੍ਰੇਟਿਕ ਲੀਡ ਵਾਲੇ ਸੂਬਿਆਂ 'ਚ ਚਾਈਲਡ ਕੇਅਰ ਅਤੇ ਸੋਸ਼ਲ ਸਰਵਿਸਿਜ਼ ਲਈ ਲਗਭਗ 10 ਅਰਬ ਡਾਲਰ ਦੀ ਫੈਡਰਲ ਫੰਡਿੰਗ ਨੂੰ ਫ੍ਰੀਜ਼ ਕਰਨ ਦੇ ਫੈਸਲੇ 'ਤੇ ਰੋਕ ਲਾ ਦਿੱਤੀ ਗਈ। ਇਹ ਆਦੇਸ਼ ਕੈਲੀਫੋਰਨੀਆ, ਕੋਲੋਰਾਡੋ, ਇਲੀਨੋਇਸ, ਮਿਨੀਸੋਟਾ ਅਤੇ ਨਿਊਯਾਰਕ ਦੇ ਅਟਾਰਨੀ ਜਨਰਲ ਦੁਆਰਾ ਲਿਆਂਦੇ ਗਏ ਇਕ ਮੁਕੱਦਮੇ ਤੋਂ ਬਾਅਦ ਆਇਆ, ਜਿਨ੍ਹਾਂ ਨੇ ਤਰਕ ਦਿੱਤਾ ਕਿ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ (ਐੱਚ.ਐੱਚ.ਐੱਸ.) ਦੇ ਕੋਲ ਫੰਡ ਨੂੰ ਸਸਪੈਂਡ ਕਰਨ ਦਾ ਕੋਈ ਕਾਨੂੰਨੀ ਆਧਾਰ ਨਹੀਂ ਸੀ।

'ਮਾਗਾ' ਦੇ ਸਭ ਤੋਂ ਜ਼ਿਆਦਾ ਨਿਸ਼ਾਨੇ 'ਤੇ ਮੈਸਾਚੂਸਟਸ ਦੀ ਜੱਜ ਇੰਦਰਾ ਤਲਵਾਨੀ ਹਨ, ਜਿਨ੍ਹਾਂ ਨੇ ਟਰੰਪ ਦੇ ਦੂਜੇ ਟਰਮ ਦੇ ਏਜੰਡੇ ਦੇ ਹਿੱਸਿਆਂ ਨੂੰ ਵਾਰ-ਵਾਰ ਰੋਕਿਆ ਹੈ। ਸ਼ੁੱਕਰਵਾਰ ਨੂੰ ਉਨ੍ਹਾਂ ਇਕ ਸੁਣਵਾਈ ਦੌਰਾਨ ਐਲਾਨ ਕੀਤਾ ਕਿ ਉਹ ਇਕ ਟੀ.ਆਰ.ਓ. ਜਾਰੀ ਕਰਨਗੇ, ਜਿਸ ਨਾਲ ਕਿਊਬਾ, ਹੈਤੀ, ਕੋਲੰਬੀਆ, ਇਕਵਾਡੋਰ, ਅਲ ਸਲਵਾਡੋਰ, ਗੁਆਟੇਮਾਲਾ ਅਤੇ ਹੋਂਡੂਰਾਸ ਵਰਗੇ ਦੇਸ਼ਾਂ ਦੇ ਲਗਭਗ 10,000 ਤੋਂ 12,000 ਮਾਈਗ੍ਰੈਂਟਸ ਨੂੰ ਪ੍ਰਭਾਵਿਤ ਕਰਨ ਵਾਲੇ ਫੈਮਿਲੀ ਰੀਯੂਨੀਫਿਕੇਸ਼ਨ ਪੈਰੋਲ ਪ੍ਰੋਗਰਾਮ ਨੂੰ ਖਤਮ ਕਰਨ ਦੀ ਪ੍ਰਸ਼ਾਸਨ ਦੀ ਯੋਜਨਾ ਨੂੰ ਰੋਕਿਆ ਜਾ ਸਕੇਗਾ।

# ਇਰਾਨ 'ਚ ਚੱਲ ਰਹੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ 'ਚ ਮਰਨ ਵਾਲਿਆਂ ਦੀ ਗਿਣਤੀ 2,500 ਤੋਂ ਪਾਰ

■ 18,000 ਤੋਂ ਵੱਧ ਗ੍ਰਿਫ਼ਤਾਰ
■ ਮਨੁੱਖੀ ਅਧਿਕਾਰ ਸੰਸਥਾ ਨੇ ਜਾਰੀ ਕੀਤੇ ਭਿਆਨਕ ਅੰਕੜੇ
■ ਇੰਟਰਨੈੱਟ ਪਾਬੰਦੀਆਂ ਕਾਰਨ ਦੁਨੀਆਂ ਤੋਂ ਕੱਟਿਆ ਇਰਾਨ



**ਦੁਬਈ, (ਪੰਜਾਬ ਮੇਲ)-** ਇਰਾਨ ਵਿਚ ਚੱਲ ਰਹੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੇ ਬੇਹੱਦ ਹਿੰਸਕ ਰੂਪ ਧਾਰ ਲਿਆ ਹੈ। ਅਮਰੀਕਾ ਸਥਿਤ ਮਨੁੱਖੀ ਅਧਿਕਾਰ ਸੰਸਥਾ 'ਹਿਊਮਨ ਰਾਈਟਸ ਐਕਟੀਵਿਸਟ ਨਿਊਜ਼ ਏਜੰਸੀ' (ਐੱਚ.ਆਰ.ਏ.ਐੱਨ.ਏ.) ਦੀ ਤਾਜ਼ਾ ਰਿਪੋਰਟ ਅਨੁਸਾਰ, ਪ੍ਰਦਰਸ਼ਨਕਾਰੀਆਂ ਵਿਰੁੱਧ ਕੀਤੀ ਗਈ ਸਖ਼ਤ ਕਾਰਵਾਈ ਵਿਚ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਵਧ ਕੇ 2,571 ਤੱਕ ਪਹੁੰਚ ਗਈ ਹੈ। ਇਹ ਅੰਕੜਾ ਇਰਾਨ ਵਿਚ ਹੁਣ ਤੱਕ ਹੋਏ ਕਿਸੇ ਵੀ ਅੰਦੋਲਨ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ, ਜੋ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ।

ਸੰਸਥਾ ਵੱਲੋਂ ਜਾਰੀ ਵੇਰਵਿਆਂ ਮੁਤਾਬਕ, ਮਾਰੇ ਗਏ ਲੋਕਾਂ ਵਿਚ 2,403 ਪ੍ਰਦਰਸ਼ਨਕਾਰੀ ਅਤੇ 147 ਸਰਕਾਰੀ ਸੁਰੱਖਿਆ ਕਰਮੀ ਸ਼ਾਮਲ ਹਨ। ਬੇਹੱਦ ਦੁਖਦਾਈ ਗੱਲ ਇਹ ਹੈ ਕਿ ਇਸ ਹਿੰਸਾ ਦੀ ਲਪੇਟ ਵਿਚ ਆ ਕੇ 12 ਬੱਚਿਆਂ ਅਤੇ 9 ਅਜਿਹੇ ਆਮ ਨਾਗਰਿਕਾਂ ਦੀ ਵੀ ਜਾਨ ਗਈ ਹੈ, ਜੋ ਇਨ੍ਹਾਂ ਪ੍ਰਦਰਸ਼ਨਾਂ ਦਾ ਹਿੱਸਾ ਵੀ ਨਹੀਂ ਸਨ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਹੁਣ ਤੱਕ 18,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਜਿਸ ਕਾਰਨ ਦੇਸ਼ ਦੀਆਂ ਜੇਲ੍ਹਾਂ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਖਦਸ਼ਾ ਹੋਰ ਵਧ ਗਿਆ ਹੈ।

ਇਰਾਨੀ ਸਰਕਾਰ ਨੇ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪੂਰੇ ਦੇਸ਼ ਵਿਚ ਇੰਟਰਨੈੱਟ ਸੇਵਾਵਾਂ 'ਤੇ ਪਾਬੰਦੀ ਲਗਾਈ ਹੋਈ ਹੈ। ਇਸ ਬਲੈਕਆਊਟ ਕਾਰਨ ਬਾਹਰਲੀ ਦੁਨੀਆਂ ਲਈ ਉੱਥੋਂ ਦੀ ਸਹੀ ਸਥਿਤੀ ਦਾ ਅੰਦਾਜ਼ਾ ਲਗਾਉਣਾ ਬੇਹੱਦ ਮੁਸ਼ਕਲ ਹੋ ਰਿਹਾ ਹੈ। ਇਰਾਨ ਸਰਕਾਰ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਮੌਤਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ ਪਰ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਕਾਰਕੁਨਾਂ ਰਾਹੀਂ ਮਿਲ ਰਹੀਆਂ ਸੂਚਨਾਵਾਂ ਇੱਕ ਵੱਡੀ ਮਨੁੱਖੀ ਤ੍ਰਾਸਦੀ ਵੱਲ ਇਸ਼ਾਰਾ ਕਰ ਰਹੀਆਂ ਹਨ। ਇਹ ਅੰਕੜੇ ਅਜਿਹੇ ਸਮੇਂ ਸਾਹਮਣੇ ਆਏ ਹਨ, ਜਦੋਂ ਅਮਰੀਕਾ ਸਣੇ ਕਈ ਦੇਸ਼ ਇਰਾਨ 'ਤੇ ਸਖ਼ਤ ਆਰਥਿਕ ਅਤੇ ਫੌਜੀ ਦਬਾਅ ਬਣਾਉਣ ਦੀ ਗੱਲ ਕਰ ਰਹੇ ਹਨ।

# ਪ੍ਰਿੰਸ ਹੈਰੀ ਨੇ ਯੂ.ਕੇ. 'ਚ ਜਿੱਤਿਆ ਹਥਿਆਰਬੰਦ ਪੁਲਿਸ ਸੁਰੱਖਿਆ ਦੇ ਅਧਿਕਾਰ ਦਾ ਕੇਸ



**ਲੰਡਨ, (ਪੰਜਾਬ ਮੇਲ)-** ਸ਼ਾਹੀ ਪਰਿਵਾਰ ਨਾਲ ਅਣਬਣ ਤੋਂ ਬਾਅਦ ਅਮਰੀਕਾ 'ਚ ਠਹਿਰ ਰੱਖਣ ਵਾਲੇ ਮਹਾਰਾਜਾ ਚਾਰਲਸ ਤੀਜੇ ਤੇ ਰਾਜਕੁਮਾਰੀ ਡਾਇਨਾ ਦੇ ਬੇਟੇ ਡਿਊਕ ਆਫ ਸੁਸੇਕਸ ਨੇ ਯੂ.ਕੇ. 'ਚ ਸਵੈਚਾਲਕ ਹਥਿਆਰਬੰਦ ਪੁਲਿਸ ਸੁਰੱਖਿਆ ਦਾ ਅਧਿਕਾਰ ਜਿੱਤਿਆ ਹੈ। ਸ਼ਾਹੀ ਪਰਿਵਾਰ ਦੇ ਕਾਰਜਕਾਰੀ ਮੈਂਬਰ ਵਜੋਂ ਫਾਰਗ ਹੋਣ ਤੋਂ ਬਾਅਦ ਜਦੋਂ ਰਾਜਕੁਮਾਰ ਹੈਰੀ ਦੀਆਂ ਸ਼ਾਹੀ ਜ਼ਿੰਮੇਵਾਰੀਆਂ ਖ਼ਤਮ ਹੋ ਗਈਆਂ ਸਨ, ਜਿਸ ਕਾਰਨ ਉਨ੍ਹਾਂ ਦੀ ਸੁਰੱਖਿਆ ਵੀ ਵਾਪਸ ਲੈ ਲਈ ਗਈ ਸੀ। ਉਪਰੰਤ ਵੀ.ਆਈ.ਪੀ. ਕਮੇਟੀ (ਰਵੇਕ) ਦੇ ਉਕਤ ਫੈਸਲੇ ਖਿਲਾਫ ਪਿਛਲੇ ਸਾਲ ਮਈ 'ਚ ਰਾਜੁਕਮਾਰ ਹੈਰੀ ਅਦਾਲਤੀ ਕੇਸ ਵੀ ਹਾਰ ਗਏ ਸਨ। ਪ੍ਰਿੰਸ ਹੈਰੀ ਨੂੰ ਬੀਤੇ ਸਮੇਂ ਆਨਲਾਈਨ ਧਮਕੀਆਂ ਮਿਲੀਆਂ ਤੇ ਲੰਡਨ ਫੇਰੀ ਮੌਕੇ ਉਸ 'ਤੇ ਹੋਈ ਪੱਥਰਬਾਜ਼ੀ ਤੋਂ ਬਾਅਦ ਉਨ੍ਹਾਂ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੂੰ ਪੱਤਰ ਲਿਖ ਕੇ ਸੁਰੱਖਿਆ ਦੀ ਮੰਗ ਕੀਤੀ ਸੀ। ਰਵੇਕ ਵੱਲੋਂ ਕੀਤੇ ਗਏ ਮੁਲਾਂਕਣ ਤੋਂ ਬਾਅਦ ਸੁਰੱਖਿਆ ਕਮੇਟੀ ਨੇ ਸਵੈਚਾਲਕ ਹਥਿਆਰਬੰਦ ਪੁਲਿਸ ਸੁਰੱਖਿਆ ਦੇਣ ਦਾ ਮੁੜ ਫੈਸਲਾ ਕੀਤਾ ਹੈ। ਦਿਸ਼ਾ-ਨਿਰਦੇਸ਼ਾਂ ਤਹਿਤ ਹੈਰੀ ਨੂੰ ਯੂ.ਕੇ. ਆਉਣ ਤੋਂ 30 ਦਿਨ ਪਹਿਲਾਂ ਮੈਟਰੋਪੋਲੀਟਨ ਪੁਲਿਸ ਨੂੰ ਸੂਚਿਤ ਕਰਨਾ ਹੋਵੇਗਾ। ਪ੍ਰਿੰਸ ਹੈਰੀ ਤੇ ਉਨ੍ਹਾਂ ਦੇ ਵਕੀਲਾਂ ਨੇ ਕਿਹਾ ਕਿਹਾ ਕਿ 2020 'ਚ 24 ਘੰਟੇ ਵਾਲੀ ਸੁਰੱਖਿਆ ਵਾਪਸ ਲੈਣ ਤੋਂ ਬਾਅਦ ਹੈਰੀ, ਉਸਦੀ ਪਤਨੀ ਮੇਘਨ, ਬੱਚੇ ਲਿਲੀਬੇਟ ਤੇ ਆਰਚੀ ਦਾ ਯੂ.ਕੇ. ਦੌਰਾ ਸੁਰੱਖਿਅਤ ਨਹੀਂ ਸੀ।

ਸਫਾ 1 ਦਾ ਬਾਕੀ

## ਬੇਅੰਤ ਸਿੰਘ ਕਤਲ ਕਾਂਡ: ਭਾਈ ਹਵਾਰਾ ਦੀ ਜੇਲ੍ਹ ਬਦਲੀ ...

ਭਾਈ ਹਵਾਰਾ ਨੇ ਦਲੀਲ ਦਿੱਤੀ ਕਿ ਸਿਰਫ਼ ਇਸ ਕਰਕੇ ਕਿ ਸਾਲਾਂ ਪਹਿਲਾਂ ਉਸ ਨੂੰ 'ਹਾਈ ਰਿਸਕ' ਕੈਦੀ ਮੰਨਿਆ ਜਾਂਦਾ ਸੀ, ਉਸ ਨੂੰ ਅੱਜ ਵੀ ਦਿੱਲੀ ਵਿਚ ਰੱਖਣਾ ਵਾਜਬ ਨਹੀਂ ਹੈ। ਉਸ ਦੀ ਧੀ ਪੰਜਾਬ ਵਿਚ ਹੈ, ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਮਾਂ ਅਮਰੀਕਾ ਵਿਚ ਕੋਮਾ 'ਚ ਹੈ।

ਜ਼ਿਕਰਯੋਗ ਹੈ ਕਿ ਭਾਈ ਹਵਾਰਾ ਨੂੰ 31 ਅਗਸਤ 1995 ਨੂੰ ਚੰਡੀਗੜ੍ਹ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਧਮਾਕੇ ਵਿਚ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 16 ਹੋਰ ਵਿਅਕਤੀ ਮਾਰੇ ਗਏ ਸਨ।

ਹਵਾਰਾ, ਪਰਮਜੀਤ ਸਿੰਘ ਭਿਓਰਾ, ਜਗਤਾਰ ਸਿੰਘ ਤਾਰਾ ਅਤੇ ਦੇਵੀ ਸਿੰਘ ਜਨਵਰੀ 2004 ਵਿਚ 100 ਫੁੱਟ ਲੰਬੀ ਸੁਰੰਗ ਪੁੱਟ ਕੇ ਬੁੜੈਲ ਜੇਲ੍ਹ 'ਚੋਂ ਫਰਾਰ ਹੋ ਗਏ ਸਨ। ਬਾਅਦ ਵਿਚ ਹਵਾਰਾ ਅਤੇ ਭਿਓਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ, ਜਦਕਿ ਤਾਰਾ ਥਾਈਲੈਂਡ ਤੋਂ ਫੜਿਆ ਗਿਆ ਸੀ। ਮਾਰਚ 2007 ਵਿਚ ਹੇਠਲੀ ਅਦਾਲਤ ਨੇ ਹਵਾਰਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ, ਪਰ ਅਕਤੂਬਰ 2010 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਸੀ ਅਤੇ ਸਾਰੀ ਉਮਰ ਜੇਲ੍ਹ ਵਿਚ ਰਹਿਣ ਦਾ ਹੁਕਮ ਸੁਣਾਇਆ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

## 328 ਲਾਪਤਾ ਸਰੂਪ ਮਾਮਲਾ: ਸ਼੍ਰੋਮਣੀ ਕਮੇਟੀ ਦੇ ਅੰਮ੍ਰਿਤਸਰ ...

ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖਤ ਦੇ ਇਸ ਸਬੰਧੀ ਹੋਏ ਆਦੇਸ਼ ਦੀ ਜਾਣਕਾਰੀ ਮਿਲਣ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ ਅੰਮ੍ਰਿਤਸਰ ਪੁੱਜੀ ਹੈ। ਉਨ੍ਹਾਂ ਆਖਿਆ ਕਿ ਰਿਕਾਰਡ ਮਿਲਣ ਤੋਂ ਬਾਅਦ ਸਾਰੇ ਮਾਮਲੇ ਨੂੰ ਘੋਖਿਆ ਜਾਵੇਗਾ। ਰਿਕਾਰਡ ਮਿਲਣ ਤੋਂ ਬਾਅਦ ਜਾਂਚ ਵਿਚ ਤੇਜ਼ੀ ਵੀ ਆਵੇਗੀ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਦਾ ਮੁੱਖ ਕਾਰਜ ਪਾਵਨ ਸਰੂਪ ਜਿੰਨਾ ਬਾਰੇ ਹੁਣ ਤੱਕ ਪਤਾ ਨਹੀਂ ਲੱਗ ਰਿਹਾ ਹੈ, ਦਾ ਪਤਾ ਲਾਉਣਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਪੈਸਿਆਂ ਦੀ ਹੇਰਾਫੇਰੀ ਦਾ ਮਾਮਲਾ ਆਖਿਆ ਜਾ ਰਿਹਾ ਹੈ, ਸਬੰਧੀ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਰਿਕਾਰਡ ਤੋਂ ਸਾਰਾ ਕੁਝ ਪਤਾ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਲੋੜ ਮੁਤਾਬਕ ਗ੍ਰਿਫਤਾਰ ਕੀਤੇ ਗਏ ਚਾਰਟਡ ਅਕਾਊਂਟੈਂਟ ਐੱਸ.ਐੱਸ. ਕੋਹਲੀ ਦਾ ਰਿਕਾਰਡ ਵੀ ਖੰਘਾਲਿਆ ਜਾਵੇਗਾ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਵਿਸ਼ੇਸ਼ ਜਾਂਚ ਟੀਮ ਚਾਹੁੰਦੀ ਹੈ ਕਿ ਇਸ ਸਬੰਧੀ ਰਿਕਾਰਡ ਅੰਮ੍ਰਿਤਸਰ ਵਿਖੇ ਹੀ ਉਪਲਬਧ ਕਰਵਾਇਆ ਜਾਵੇ ਕਿਉਂਕਿ ਇਹ ਮਾਮਲਾ ਅੰਮ੍ਰਿਤਸਰ ਵਿਖੇ ਹੀ ਦਰਜ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੇ ਗਏ ਆਦੇਸ਼ ਮੁਤਾਬਕ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵਿਸ਼ੇਸ਼ ਜਾਂਚ ਟੀਮ ਨੂੰ ਲੋੜੀਂਦਾ ਰਿਕਾਰਡ ਮੁਹੱਈਆ ਕਰੇਗੀ। ਉਨ੍ਹਾਂ ਕਿਹਾ ਕਿ ਅਕਾਲ ਤਖਤ ਵੱਲੋਂ ਇਸ ਸਬੰਧ ਵਿਚ ਜਿਸ ਤਰ੍ਹਾਂ ਦੇ ਵੀ ਆਦੇਸ਼ ਮਿਲੇ ਹਨ, ਉਸ ਨੂੰ ਉਸੇ ਤਰ੍ਹਾਂ ਹੀ ਪੂਰਾ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਸਬੰਧੀ ਮਾਮਲੇ ਵਿਚ ਸਹਿਯੋਗ ਕੀਤਾ ਜਾਵੇਗਾ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਤੋਂ ਮਿਲੀ ਜਾਣਕਾਰੀ ਮੁਤਾਬਕ ਅਕਾਲ ਤਖਤ ਵੱਲੋਂ ਕੀਤੇ ਗਏ ਆਦੇਸ਼ ਦੇ ਮੁਤਾਬਕ ਇਸ ਮਾਮਲੇ ਸਬੰਧੀ ਸਮੁੱਚਾ ਰਿਕਾਰਡ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਦਫਤਰ ਵਿਖੇ ਜਾਂਚ ਲਈ ਮੁਹੱਈਆ ਕੀਤਾ ਜਾਵੇਗਾ। ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਜੋ ਵੀ ਰਿਕਾਰਡ ਦੀ ਮੰਗ ਕੀਤੀ ਗਈ ਹੈ, ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਨਿਗਰਾਨੀ ਹੇਠ ਹੀ ਮੁਹੱਈਆ ਕੀਤਾ ਜਾਵੇਗਾ। ਸੰਸਥਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਸ੍ਰੀ ਅਕਾਲ ਤਖਤ ਵੱਲੋਂ ਕਰਵਾਈ ਗਈ ਜਾਂਚ ਦੀ ਸਮੁੱਚੀ ਰਿਪੋਰਟ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ 'ਤੇ ਉਪਲਬਧ ਹੈ। ਇਸ ਵਿਚ ਵੱਖ-ਵੱਖ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਬਿਆਨ ਵੀ ਕਲਮਬੱਧ ਹਨ।

ਜਾਣਕਾਰੀ ਮੁਤਾਬਕ ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਕੇਸ ਵਿਚ ਨਾਮਜ਼ਦ ਕੀਤੇ ਗਏ 16 ਕਰਮਚਾਰੀਆਂ, ਅਧਿਕਾਰੀਆਂ ਤੇ ਹੋਰਨਾਂ ਦੇ ਸਰਵਿਸ ਰਿਕਾਰਡ ਵੀ ਮੰਗੇ ਗਏ ਹਨ। ਜਿਨ੍ਹਾਂ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਸ਼੍ਰੋਮਣੀ ਕਮੇਟੀ ਦੇ ਕਈ ਸਾਬਕਾ ਅਧਿਕਾਰੀ ਅਤੇ ਕਰਮਚਾਰੀ ਹਨ। ਇਨ੍ਹਾਂ ਵਿਚੋਂ ਦੋ ਦੀ ਮੌਤ ਹੋ ਚੁੱਕੀ ਹੈ ਅਤੇ ਕੁਝ ਵਿਦੇਸ਼ ਵਿਚ ਹਨ।

ਸ਼੍ਰੋਮਣੀ ਕਮੇਟੀ ਦਾ ਦੋਸ਼ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਮਾਮਲੇ ਵਿਚ ਰਾਜਨੀਤੀ ਕਰ ਰਹੀ ਹੈ। ਜਦੋਂ ਕਿ ਸ੍ਰੀ ਅਕਾਲ ਤਖਤ ਦੇ ਆਦੇਸ਼ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਜ਼ਿੰਮੇਵਾਰ ਠਹਿਰਾਏ ਗਏ 16 ਵਿਅਕਤੀਆਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ। ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਮਾਮਲੇ ਵਿਚ ਹੁਣ ਤੱਕ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਇੱਕ ਸ਼੍ਰੋਮਣੀ ਕਮੇਟੀ ਦਾ ਚਾਰਟਰਡ ਅਕਾਊਂਟੈਂਟ ਅਤੇ ਦੂਜਾ ਸਾਬਕਾ ਕਰਮਚਾਰੀ ਹੈ।

ਜ਼ਿਕਰਯੋਗ ਹੈ ਕਿ ਲਾਪਤਾ ਸਰੂਪ ਮਾਮਲੇ ਵਿਚ 7 ਦਸੰਬਰ ਨੂੰ ਥਾਣਾ ਇਸਲਾਮਾਬਾਦ ਵਿਖੇ ਆਈ.ਪੀ.ਸੀ. ਦੀ ਧਾਰਾ 295, 295ਏ, 120ਬੀ, 409 ਅਤੇ 465 ਹੇਠ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ, ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਕਰਮਚਾਰੀ ਅਤੇ ਹੋਰ ਸ਼ਾਮਲ ਸਨ।

# 'ਹੈਟਸ-ਅੱਪ' ਟੋਰਾਂਟੋ ਵੱਲੋਂ ਨਾਟਕ 'ਸੱਚ, ਸਿਰੜ, ਤੇ ਸੀਸ' ਦੀ ਤੀਜੀ ਲਾ-ਮਿਸਾਲ ਪੇਸ਼ਕਾਰੀ

**ਬਰੈਂਪਟਨ, (ਪੰਜਾਬ ਮੇਲ)-** ਬੀਤੇ ਐਤਵਾਰ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਚ ਬਾਬਾ ਜ਼ੋਰਾਵਰ ਸਿੰਘ-ਬਾਬਾ ਫਤਿਹ ਸਿੰਘ ਸ਼ਹੀਦੀ ਜੋੜ-ਮੇਲਾ ਕਮੇਟੀ ਆਫ਼ ਟੋਰਾਂਟੋ ਵੱਲੋਂ 'ਹੈਟਸ-ਅੱਪ' (ਹੈਰੀਟੇਜ਼ ਆਰਟਸ ਐਂਡ ਥੀਏਟਰ ਸੁਸਾਇਟੀ ਆਫ਼ ਯੂਨਾਈਟਿਡ ਪ੍ਰੋਡਕਸ਼ਨਜ਼) ਦੇ ਨਾਟਕ 'ਸੱਚ, ਸਿਰਰ, ਤੇ ਸੀਸ' ਦੀ ਤੀਸਰੀ ਪੇਸ਼ਕਾਰੀ ਕਰਵਾਈ ਗਈ। ਡਾ. ਹੀਰਾ ਰੰਧਾਵਾ ਦਾ ਲਿਖਿਆ ਤੇ ਨਿਰਦੇਸ਼ਿਤ ਕੀਤਾ ਇਹ ਨਾਟਕ ਸ੍ਰੀ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਸੀ। ਤਿੰਨ ਵਾਰ ਪਹਿਲਾਂ ਪੇਸ਼ ਕੀਤੇ ਜਾ ਚੁੱਕੇ ਇਸ ਨਾਟਕ ਦੀ ਇਹ ਪੇਸ਼ਕਾਰੀ ਇੰਨੀ ਪ੍ਰਭਾਵਸ਼ਾਲੀ ਸੀ ਕਿ ਖਚਾਖਚ ਭਰੇ ਹਾਲ ਵਿਚ ਪਿੰਨ ਡਰਾਪ ਚੁੱਪ ਦੌਰਾਨ ਲੋਕਾਂ ਦੀਆਂ ਸਿਸਕੀਆਂ ਸੁਣਾਈ ਦੇ ਰਹੀਆਂ ਸਨ। ਉਨ੍ਹਾਂ ਦੇ ਹੱਥ ਕਲਾਕਾਰਾਂ ਦੀ ਅਦਾਕਾਰੀ ਲਈ ਤਾੜੀਆਂ ਮਾਰ ਰਹੇ ਸਨ ਤੇ ਜਜ਼ਬਾਤੀ ਹੋਇਆਂ ਦੀਆਂ ਅੱਖਾਂ ਵਿਚੋਂ ਨੀਰ ਵਹਿ ਰਿਹਾ ਸੀ। ਵੱਡੀ ਗਿਣਤੀ ਵਿਚ ਲੋਕ ਆਪਣੇ ਬੱਚਿਆਂ ਨੂੰ ਲੈ ਕੇ ਆਏ ਸਨ, ਜਿਹੜੇ ਆਪਣੇ ਇਤਿਹਾਸ ਨਾਲ ਇੱਕ-ਮਿੱਕ ਹੋ ਕੇ ਘਟਨਾਵਾਂ ਨੂੰ ਆਪਣੀ ਰੂਹ ਵਿਚ ਸਮਾ ਰਹੇ ਸਨ। ਇੱਕ ਗੱਲ ਪੱਕੀ ਹੈ ਕਿ ਸਾਹਿਤ ਦੀਆਂ ਦੂਜੀਆਂ ਵਿਧਾਵਾਂ ਦੀ ਥਾਂ ਨਾਟਕ ਵਿਧਾ ਰਾਹੀਂ ਕਿਸੇ ਵੀ ਵਿਸ਼ੇ ਬਾਰੇ ਪੇਸ਼ ਕੀਤੀ ਗੱਲ ਸਿੱਧੀ ਦਰਸ਼ਕਾਂ ਦੇ ਦਿਲਾਂ ਨੂੰ ਟੁੰਬਦੀ ਹੈ। ਨਾਟਕ ਦੀ ਕਹਾਣੀ ਬਾਬਾ ਬਕਾਲਾ ਤੋਂ ਸ਼ੁਰੂ ਹੁੰਦੀ ਹੈ, ਜਿਥੇ ਮੱਖਣ ਸ਼ਾਹ ਲੁਬਾਣਾ ਗੁਰੂ ਲਾਧੋ-ਰੇ ਦਾ ਇੰਕਸ਼ਾਫ਼ ਕਰਕੇ ਮੰਜੀਆਂ ਡਾਹ ਕੇ ਬੈਠੇ ਨਕਲੀ ਗੁਰੂਆਂ ਦੇ ਪਾਖੰਡ ਨੂੰ ਨੰਗਾ ਕਰਦਾ ਹੈ। ਇਥੋਂ ਸ਼ੁਰੂ ਹੋਇਆ ਨਾਟਕ ਆਨੰਦਪੁਰ ਰਾਹੇ ਦਿੱਲੀ ਪਹੁੰਚਦਾ ਹੈ, ਜਿਥੇ ਔਰੰਗਜ਼ੇਬ ਦੀ ਕੈਦ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਮੇਤ ਭਾਈ ਮਤੀ ਦਾਸ, ਭਾਈ ਸਤੀ ਦਾਸ, ਤੇ ਭਾਈ ਦਿਆਲ ਦੇਵ ਦੀਆਂ ਸ਼ਹੀਦੀਆ ਨੂੰ ਦਰਸਾਉਂਦਾ ਹੈ। ਨਾਟਕ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਮਗਰੋਂ ਭਾਈ ਲੱਖੀ ਸ਼ਾਹ ਵੱਲੋਂ ਗੁਰੂ ਸਾਹਿਬ ਦੇ ਧੜ ਦੇ ਸੰਸਕਾਰ ਤੇ ਭਾਈ ਜੈਤੇ ਵੱਲੋਂ ਗੁਰੂ ਜੀ ਦੇ ਸੀਸ ਨੂੰ ਆਨੰਦਪੁਰ ਪਹੁੰਚਾਉਣ ਅਤੇ ਗੁਰੂ ਗੋਬਿੰਦ ਰਾਏ ਵੱਲੋਂ ਉਸ ਨੂੰ 'ਰੰਗਰੇਟੇ ਗੁਰੂ ਕੇ ਬੇਟੇ' ਦੇ ਖ਼ਿਤਾਬ ਦੇਣ ਨੂੰ ਬੜੇ ਹੀ ਸੂਖ਼ਮਈ ਤਰੀਕੇ ਨਾਲ ਦਰਸਾਇਆ ਗਿਆ ਸੀ। ਸਾਰੇ ਹੀ ਕਲਾਕਾਰਾਂ ਵੱਲੋਂ ਆਪੋ-ਆਪਣੇ ਕਿਰਦਾਰਾਂ ਨੂੰ ਬੜੀ ਹੀ ਸ਼ਿੱਦਤ ਨਾਲ ਨਿਭਾਅ ਕੇ ਆਪਣੇ ਮੰਝੇ ਹੋਏ ਕਲਾਕਾਰ ਹੋਣ ਦਾ ਸਬੂਤ ਦਿੱਤਾ। ਇਨ੍ਹਾਂ ਵਿਚ ਸ਼ਿੰਗਾਰਾ ਸਮਰਾ ਵੱਲੋਂ ਸੂਤਰਧਾਰ-ਇਤਿਹਾਸ, ਅਜਾਇਬ ਟੱਲੇਵਾਲੀਆ ਵੱਲੋਂ ਠੱਗ ਨੰਬਰ ਇੱਕ, ਅਮਨ ਗਿੱਲ ਵੱਲੋਂ ਠੱਗ ਦੋ ਅਤੇ ਦਰੋਗਾ, ਸੁੰਦਰਪਾਲ ਰਾਜਾਸਾਂਸੀ ਵੱਲੋਂ ਮਾਈ, ਜੋਅ ਸੰਘੇੜਾ ਵੱਲੋਂ ਸ਼ੇਖ਼, ਪਰਮਜੀਤ ਦਿਉਲ ਵੱਲੋਂ ਕਮਲੀ, ਕਰਮਜੀਤ ਗਿੱਲ ਵੱਲੋਂ ਔਰੰਗਜ਼ੇਬ, ਰਿੰਟੂ ਭਾਟੀਆ ਵੱਲੋਂ ਕੋਰਸ, ਜਗਰੂਪ ਮਹਿਣਾ ਵੱਲੋਂ ਭਾਈ ਜੈਤੇ ਦੇ ਕਿਰਦਾਰ ਰੂਹ ਨਾਲ ਸਾਕਾਰ ਕੀਤੇ। ਮਿਊਜ਼ਕ ਪ੍ਰਿੰਸੀਪਲ ਸ. ਹਰਮਨਜੀਤ ਸਿੰਘ ਅਤੇ ਡਾ. ਦਲਬੀਰ ਕਥੂਰੀਆ ਵੱਲੋਂ ਲੋਕਾਂ ਦਾ ਸਵਾਗਤ ਕੀਤਾ ਗਿਆ, ਜਦਕਿ ਨਿਰਦੇਸ਼ਕ ਵੱਲੋਂ ਸਭਨਾਂ ਦਰਸ਼ਕਾਂ ਅਤੇ ਸਮੁੱਚੇ ਪ੍ਰਿੰਟ ਅਤੇ ਡਿਜੀਕਲ ਤੇ ਰੇਡੀਉ ਮੀਡੀਆ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਸਾਰੀ ਜਾਣਕਾਰੀ ਦਰਸ਼ਕਾਂ ਤੱਕ ਪੁੱਜਦੀ ਕੀਤੀ। ਇਹ ਨਾਟਕ ਲੋਕਾਂ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾ ਕੇ ਉਸ ਨਾਲ ਇੱਕ-ਮਿੱਕ ਕਰਨ ਦੇ ਮੰਤਵ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ, ਜਿਸ ਲਈ ਨਿਰਦੇਸ਼ਕ ਹੀਰਾ ਰੰਧਾਵਾ ਆਪਣੀ ਪੂਰੀ ਹੈਟਸ-ਅੱਪ ਟੀਮ ਸਮੇਤ ਵਧਾਈ ਦੀ ਹੱਕਦਾਰ ਹੈ। ਕਿਸੇ ਵੀ ਕਿਸਮ ਦੇ ਸੰਪਰਕ ਲਈ ਉਸ ਨਾਲ ਫੋਨ ਨੰਬਰ 416-319-0551 'ਤੇ ਸੰਪਰਕ ਕੀਤਾ ਜਾ ਸਕਦਾ ਹੈ।





# ਐੱਨ.ਆਰ.ਆਈ. ਮਹਿਲਾ ਦਾ ਅੰਮ੍ਰਿਤਸਰ 'ਚ ਕਤਲ !


**■ ਹੋਟਲ ਰੂਮ 'ਚੋਂ ਮਿਲੀ ਆਸਟ੍ਰੇਲੀਆ 'ਚ ਰਹਿੰਦੀ ਪ੍ਰਭਜੋਤ ਕੌਰ ਦੀ ਲਾਸ਼**

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਦੇ ਕੋਰਟ ਰੋਡ 'ਤੇ ਸਥਿਤ ਇਕ ਹੋਟਲ 'ਚ ਐੱਨ.ਆਰ.ਆਈ. ਮਹਿਲਾ ਦਾ ਕਤਲ ਹੋ ਗਿਆ ਹੈ। ਮ੍ਰਿਤਕਾ ਦੀ ਪਛਾਣ ਪ੍ਰਭਜੋਤ ਕੌਰ ਵਜੋਂ ਹੋਈ ਹੈ, ਜੋ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਵੜੈਚ ਦੀ ਰਹਿਣ ਵਾਲੀ ਸੀ ਤੇ ਕੁਝ ਦਿਨ ਪਹਿਲਾਂ ਹੀ ਕਿਸੇ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਆਸਟ੍ਰੇਲੀਆ ਤੋਂ ਪਰਤੀ ਸੀ। ਪੁਲਿਸ ਅਨੁਸਾਰ, ਘਟਨਾ ਤੋਂ ਬਾਅਦ ਮਹਿਲਾ ਦਾ ਪਤੀ ਮਨਦੀਪ ਸਿੰਘ ਢਿੱਲੋਂ ਫਰਾਰ ਹੈ, ਜਿਸ 'ਤੇ ਹੱਤਿਆ ਦਾ ਸ਼ੱਕ ਜਤਾਇਆ ਜਾ ਰਿਹਾ ਹੈ।

ਪਰਿਵਾਰਕ ਮੈਂਬਰਾਂ ਅਨੁਸਾਰ ਮ੍ਰਿਤਕਾ ਅਤੇ ਉਸ ਦਾ ਪਤੀ ਪਿਛਲੇ ਲੰਬੇ ਸਮੇਂ ਤੋਂ ਆਸਟ੍ਰੇਲੀਆ ਵਿਚ ਰਹਿ ਰਹੇ ਸਨ ਅਤੇ ਹਾਲ ਹੀ ਵਿਚ ਇਕ ਪਰਿਵਾਰਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਭਾਰਤ ਆਏ ਸਨ। ਮ੍ਰਿਤਕਾ ਦੇ ਭਰਾ ਲਵਪ੍ਰੀਤ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਪ੍ਰਭਜੋਤ ਦਾ ਵਿਆਹ ਸੱਤ ਸਾਲ ਪਹਿਲਾਂ ਅੰਮ੍ਰਿਤਸਰ ਦੇ ਪਿੰਡ ਜੇਠੂਵਾਲ ਦੇ ਮਨਦੀਪ ਸਿੰਘ ਢਿੱਲੋਂ ਨਾਲ ਹੋਇਆ ਸੀ। ਵਿਆਹ ਦੇ ਸ਼ੁਰੂਆਤੀ ਸਾਲਾਂ ਵਿਚ ਸਭ ਕੁਝ ਠੀਕ ਰਿਹਾ, ਪਰ ਬਾਅਦ ਵਿਚ ਪਤੀ ਦੀ ਸ਼ੱਕੀ ਬਿਰਤੀ ਕਾਰਨ ਦੋਵਾਂ ਵਿਚਕਾਰ ਘਰੇਲੂ ਝਗੜੇ ਵਧਣ ਲੱਗੇ ਸਨ। ਮ੍ਰਿਤਕਾ ਦੇ ਪਿਤਾ ਮੱਖਣ ਸਿੰਘ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਪਰਿਵਾਰ ਇਸ ਦਰਦਨਾਕ ਹਾਦਸੇ ਕਾਰਨ ਸਦਮੇ ਵਿਚ ਹੈ। ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਇਸ ਜੋੜੇ ਦਾ 6-7 ਮਹੀਨਿਆਂ ਦਾ ਇੱਕ ਛੋਟਾ ਬੱਚਾ ਹੈ, ਜੋ ਹੁਣ ਆਪਣੇ ਮਾਤਾ-ਪਿਤਾ ਦੇ ਪਿਆਰ ਤੋਂ ਵਾਂਝਾ ਹੋ ਗਿਆ ਹੈ। ਏ.ਸੀ.ਪੀ. ਲਖਵਿੰਦਰ ਸਿੰਘ ਕਲੇਰ ਨੇ ਦੱਸਿਆ ਕਿ ਕੰਟਰੋਲ ਰੂਮ (112) ਨੂੰ ਦੁਪਹਿਰ ਕਰੀਬ 1:30 ਵਜੇ ਹੋਟਲ ਵਿਚ ਲਾਸ਼ ਮਿਲਣ ਦੀ ਸੂਚਨਾ ਮਿਲੀ ਸੀ। ਪੁਲਿਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ, ਜਿਸ ਵਿਚ ਸਾਹਮਣੇ ਆਇਆ ਕਿ ਪਤੀ-ਪਤਨੀ ਵਿਚਕਾਰ ਅਕਸਰ ਝਗੜੇ ਹੁੰਦੇ ਰਹਿੰਦੇ ਸਨ। ਪੁਲਿਸ ਨੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਫਰਾਰ ਮੁਲਜ਼ਮ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਮੁਲਜ਼ਮ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**



# ਲੁਧਿਆਣਾ ਸਪੋਰਟਸ ਵੈੱਲਫੇਅਰ ਐਸੋਸੀਏਸ਼ਨ ਦੀ ਚੋਣ ਹੋਈ

■ ਅਮਰੀਕ ਸਿੰਘ ਮਿਨਹਾਸ ਪ੍ਰਧਾਨ, ਜਗਰੂਪ ਸਿੰਘ ਜਰਖੜ ਜਨਰਲ ਸਕੱਤਰ, ਸੁਖਵਿੰਦਰ ਸਿੰਘ ਚੇਅਰਮੈਨ ਬਣੇ



ਲੁਧਿਆਣਾ, (ਪੰਜਾਬ ਮੇਲ)- ਖੇਡਾਂ ਦੇ ਖੇਤਰ ਵਿਚ ਅਹਿਮ ਸਥਾਨ ਰੱਖਣ ਵਾਲੀ ਸੰਸਥਾ ਲੁਧਿਆਣਾ ਸਪੋਰਟਸ ਵੈੱਲਫੇਅਰ ਐਸੋਸੀਏਸ਼ਨ ਦਾ ਨਵੇਂ ਸਿਰੇ ਤੋਂ ਪੁਨਰਗਠਨ ਕੀਤਾ ਗਿਆ ਹੈ। ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਿਸ ਵਿਚ ਅਮਰੀਕ ਸਿੰਘ ਮਿਨਹਾਸ ਸਾਬਕਾ ਏ.ਆਈ.ਜੀ. ਪੰਜਾਬ ਪੁਲਿਸ ਨੂੰ ਸੰਸਥਾ ਦਾ ਨਵਾਂ ਪ੍ਰਧਾਨ, ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਨੂੰ ਜਨਰਲ ਸਕੱਤਰ, ਸੁਖਵਿੰਦਰ ਸਿੰਘ ਸਾਬਕਾ ਸੁਪਰਡੈਂਟ ਸਿਹਤ ਵਿਭਾਗ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ, ਜਦਕਿ ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਨੂੰ ਲੁਧਿਆਣਾ ਸਪੋਰਟਸ ਵੈੱਲਫੇਅਰ ਐਸੋਸੀਏਸ਼ਨ ਦੇ ਮੁੱਖ ਸਰਪ੍ਰਸਤ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਸਰਪ੍ਰਸਤ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਬੀਰਮਪੁਰ ਅਤੇ ਨਰਿੰਦਰ ਸਿੰਘ ਹੈਬੋਵਾਲ ਨੂੰ ਸੀਨੀਅਰ ਮੀਤ ਪ੍ਰਧਾਨ, ਦਵਿੰਦਰ ਸਿੰਘ ਘੁੰਮਣ, ਹੁਕਮ ਸਿੰਘ ਗੁਰੂ ਨਾਨਕ ਕਾਰ ਬਾਜ਼ਾਰ, ਸਤਨਾਮ ਸਿੰਘ ਕੈਲੇ, ਮੀਨਾਕਸ਼ੀ ਰੰਧਾਵਾ ਕੋਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰਦੀਪ ਸਿੰਘ ਗਰੇਵਾਲ ਜ਼ਿਲ੍ਹਾ ਖੇਡ ਅਫਸਰ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਹਾਕੀ ਓਲੰਪੀਅਨ ਹਰਦੀਪ ਸਿੰਘ ਗਰੇਵਾਲ ਚੀਫ ਐਡਵਾਈਜ਼ਰ ਅਤੇ ਸਾਬਕਾ ਕੌਮੀ ਖ਼ਿਡਾਰੀ ਰਛਪਾਲ ਸਿੰਘ ਨਾਗੀ ਨੂੰ ਵਿੱਤ ਸਕੱਤਰ ਬਣਾਇਆ ਗਿਆ ਹੈ। ਗੁਰਸਤਿੰਦਰ ਸਿੰਘ ਪ੍ਰਗਟ ਨੂੰ ਤਕਨੀਕੀ ਜਨਰਲ ਸਕੱਤਰ ਕੀਤਾ ਗਿਆ। ਇਸ ਤੋਂ ਇਲਾਵਾ ਪੰਜ ਮੈਂਬਰੀ ਟੈਕਨੀਕਲ ਕਮੇਟੀ ਵਿਚ ਮਨਪ੍ਰੀਤ ਸਿੰਘ ਮੁੰਡੀਆ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਤੇਗ ਸਿੰਘ ਲਾਡੀ, ਕੁਲਵਿੰਦਰ ਸਿੰਘ ਬੱਬੂ ਮੱਲ੍ਹੀ, ਪ੍ਰੇਮ ਸਿੰਘ ਰਾਮਪੁਰ ਨੂੰ ਲਿਆ ਗਿਆ ਹੈ।

ਨਵੇਂ ਪ੍ਰਧਾਨ ਅਮਰੀਕ ਸਿੰਘ ਮਿਨਹਾਸ ਅਤੇ ਸਰਪ੍ਰਸਤ ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਨੇ ਦੱਸਿਆ ਕਿ ਲੁਧਿਆਣਾ ਸਪੋਰਟਸ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਜੂਨੀਅਰ ਪੱਧਰ ’ਤੇ ਖੇਡਾਂ ਦੇ ਵਿਚ ਮਾਣਮੱਤੀਆਂ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਨੂੰ ਲੁਧਿਆਣਾ ਦੇ ਪੁਰਾਣੇ ਮਹਾਨ ਖਿਡਾਰੀਆਂ ਦੇ ਨਾਮ ’ਤੇ ਐਵਾਰਡ ਦੇਣਾ ਸ਼ੁਰੂ ਕਰੇਗੀ। ਇਹ ਸਮਾਗਮ ਮਾਰਚ ਮਹੀਨੇ ਹੋਵੇਗਾ। ਇਸ ਤੋਂ ਇਲਾਵਾ ਹਰ ਸਾਲ ਅੰਡਰ 17 ਸਾਲ ਮੁੰਡੇ ਅਤੇ ਕੁੜੀਆਂ ਦਾ ਗੁਰੂ ਗੋਬਿੰਦ ਸਿੰਘ ਹਾਕੀ ਟੂਰਨਾਮੈਂਟ ਸਟੇਟ ਪੱਧਰ ’ਤੇ ਕਰਵਾਇਆ ਜਾਵੇਗਾ।

# ਟਰੰਪ ਦਾ ਦਾਅਵਾ : ਫਰਾਂਸ ਦੇ ਰਾਸ਼ਟਰਪਤੀ ਮੈਕਰੌਂ ਨੇ ਟੈਰਿਫ ਨੂੰ ਲੈ ਕੇ ਕੀਤੀ ਸੀ ਮਿੰਨਤ



ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਆਪਣੇ ਅੰਦਾਜ਼ ਵਿਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ’ਤੇ ਨਿਸ਼ਾਨਾ ਸਾਧਿਆ ਹੈ। ਟਰੰਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਟੈਰਿਫ (ਟੈਕਸ) ਲਗਾਉਣ ਦੀ ਧਮਕੀ ਅੱਗੇ ਫਰਾਂਸ ਨੇ ਗੋਡੇ ਟੇਕ ਦਿੱਤੇ ਹਨ ਅਤੇ ਮੈਕਰੌਂ ਨੇ ਉਨ੍ਹਾਂ ਤੋਂ ਮਾਫ਼ੀ ਵੀ ਮੰਗੀ ਹੈ।

ਡੋਨਾਲਡ ਟਰੰਪ ਨੇ ਆਪਣੀ ‘ਰਿਪਬਲਿਕਨ ਪਾਰਟੀ’ ਦੇ ਸੰਸਦ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਫਰਾਂਸ ਨੂੰ ਅਮਰੀਕਾ ਵਿਚ ਆਉਣ ਵਾਲੀਆਂ ਸਾਰੀਆਂ ਫਰਾਂਸੀਸੀ ਦਵਾਈਆਂ ’ਤੇ ਭਾਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ। ਟਰੰਪ ਦਾ ਕਹਿਣਾ ਹੈ ਕਿ ਅਮਰੀਕੀ ਖਪਤਕਾਰਾਂ ਨੂੰ ਫਰਾਂਸੀਸੀ ਦਵਾਈਆਂ ਲਈ ਫਰਾਂਸ ਦੇ ਮੁਕਾਬਲੇ 14 ਗੁਣਾ ਵੱਧ ਕੀਮਤ ਚੁਕਾਉਣੀ ਪੈ ਰਹੀ ਸੀ।

ਟਰੰਪ ਮੁਤਾਬਕ, ਜਦੋਂ ਉਨ੍ਹਾਂ ਨੇ ਮੈਕਰੌਂ ਨੂੰ ਦਵਾਈਆਂ ਦੀਆਂ ਕੀਮਤਾਂ ਵਧਾਉਣ ਲਈ ਕਿਹਾ ਤਾਂ ਪਹਿਲਾਂ ਮੈਕਰੌਂ ਨੇ ਮਨ੍ਹਾ ਕਰ ਦਿੱਤਾ ਪਰ ਜਦੋਂ ਟਰੰਪ ਨੇ ਅਲਟੀਮੇਟਮ ਦਿੱਤਾ ਕਿ ਜੇਕਰ ਮੰਗ ਨਾ ਮੰਨੀ ਗਈ, ਤਾਂ ਫਰਾਂਸ ਦੀ ਸ਼ੈਂਪੇਨ ਅਤੇ ਵਾਈਨ ਸਮੇਤ ਸਾਰੇ ਉਤਪਾਦਾਂ ’ਤੇ 25 ਪ੍ਰਤੀਸ਼ਤ ਟੈਰਿਫ ਲਗਾ ਦਿੱਤਾ ਜਾਵੇਗਾ ਤਾਂ ਮੈਕਰੌਂ ਘਬਰਾ ਗਏ।

ਟਰੰਪ ਨੇ ਦਾਅਵਾ ਕੀਤਾ ਕਿ ਮੈਕਰੌਂ ਨੇ ਉਨ੍ਹਾਂ ਨੂੰ ਕਿਹਾ, “ਡੋਨਾਲਡ, ਮੈਨੂੰ ਤੁਹਾਡੀ ਡੀਲ ਮਨਜ਼ੂਰ ਹੈ। ਮੈਂ ਆਪਣੀਆਂ ਦਵਾਈਆਂ ਦੀਆਂ ਕੀਮਤਾਂ 200 ਫੀਸਦੀ ਜਾਂ ਉਸ ਤੋਂ ਵੀ ਵੱਧ ਵਧਾਉਣ ਲਈ ਤਿਆਰ ਹਾਂ। ਤੁਸੀਂ ਜਿਵੇਂ ਚਾਹੋ ਕਰ ਸਕਦੇ ਹੋ ਪਰ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਾਰੇ ਜਨਤਾ ਨੂੰ ਕੁਝ ਨਾ ਦੱਸਿਓ।”

ਟਰੰਪ ਦੇ ਇਸ ਹੈਰਾਨੀਜਨਕ ਦਾਅਵੇ ਤੋਂ ਬਾਅਦ ਅਜੇ ਤੱਕ ਫਰਾਂਸ ਸਰਕਾਰ ਵੱਲੋਂ ਕੋਈ ਅਧਿਕਾਰਤ ਸਪੱਸ਼ਟੀਕਰਨ ਸਾਹਮਣੇ ਨਹੀਂ ਆਇਆ ਹੈ। ਟਰੰਪ ਅਸਲ ਵਿਚ ਆਪਣੀ ‘ਮੋਸਟ ਫੇਵਰਡ ਨੇਸ਼ਨ’ ਨੀਤੀ ਨੂੰ ਅੱਗੇ ਵਧਾ ਰਹੇ ਹਨ, ਜਿਸ ਦਾ ਮਕਸਦ ਅਮਰੀਕਾ ਵਿਚ ਦਵਾਈਆਂ ਦੀਆਂ ਕੀਮਤਾਂ ਨੂੰ ਘਟਾਉਣਾ ਹੈ।

# ਚੀਨ ’ਤੇ 18.8 ਟ੍ਰਿਲੀਅਨ ਡਾਲਰ ਦਾ ਕਰਜ਼ਾ



ਨਵੀਂ ਦਿੱਲੀ, (ਪੰਜਾਬ ਮੇਲ)- ਚੀਨੀ ਆਰਥਿਕਤਾ ਹੁਣ ਪਟੜੀ ਤੋਂ ਉਤਰਦੀ ਨਜ਼ਰ ਆ ਰਹੀ ਹੈ। ਚੀਨ ਦੀ ਚਮਕਦੀ ਤਸਵੀਰ ਦੇ ਸਾਹਮਣੇ ਜੋ ਧੁੰਦ ਛਾਈ ਹੋਈ ਹੈ, ਉਸ ਨੂੰ ‘ਡਰੈਗਨ’ ਹੁਣ ਖ਼ੁਦ ਵੀ ਨਕਾਰ ਨਹੀਂ ਸਕਦਾ। ਚੀਨ ਇਕ ਪਾਸੇ ਜਿੱਥੇ ਦੁਨੀਆਂ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਹੈ, ਉੱਥੇ ਹੀ ਦੂਜੇ ਪਾਸੇ ਇਸ ਦੇਸ਼ ਵਿਚ ਡੈਫਲੇਸ਼ਨ ਇਕ ਅਸੰਤੁਲਿਤ ਆਰਥਿਕਤਾ ਦਾ ਸੰਕੇਤ ਦੇ ਰਹੀ ਹੈ।

ਚੀਨ ਵਿਚ ਲੋੜ ਤੋਂ ਵੱਧ ਉਤਪਾਦਨ ਸਮਰੱਥਾ ਕਾਰਨ ਰੋਜ਼ਾਨਾ ਜੀਵਨ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿਚ ਲਗਾਤਾਰ ਕਟੌਤੀ ਹੋ ਰਹੀ ਹੈ। ਬਲੂਮਬਰਗ ਦੀ ਰਿਪੋਰਟ ਮੁਤਾਬਕ ਲਗਭਗ 70 ਰੋਜ਼ਾਨਾ ਉਤਪਾਦਾਂ ਦੀਆਂ ਕੀਮਤਾਂ ‘ਉਪਭੋਗਤਾ ਮੁੱਲ ਸੂਚਕ ਅੰਕ’ (ਸੀ.ਪੀ.ਆਈ.) ਦੇ ਅੰਕੜਿਆਂ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਡਿੱਗੀਆਂ ਹਨ। ਖ਼ਾਸ ਕਰਕੇ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ਵਿਚ ਭਾਰੀ ਕਟੌਤੀ ਦੇਖੀ ਗਈ ਹੈ, ਜਿਨ੍ਹਾਂ ਨੂੰ ਆਮ ਖ਼ਰੀਦਦਾਰ ਖ਼ਰੀਦਦੇ ਹਨ।

ਚੀਨ ਲਗਾਤਾਰ ਦੁਨੀਆਂ ਨਾਲ ਝੂਠ ਬੋਲਦਾ ਆ ਰਿਹਾ ਹੈ ਅਤੇ ਆਪਣੀ ਸੱਚਾਈ ਕਦੇ ਸਾਹਮਣੇ ਨਹੀਂ ਆਉਣ ਦਿੰਦਾ। ਕੋਰੋਨਾ ਕਾਲ ਦੌਰਾਨ ਵੀ ਚੀਨ ਨੇ ਦੁਨੀਆਂ ਤੋਂ ਇਸ ਮਹਾਮਾਰੀ ਬਾਰੇ ਲੁਕੋ ਕੇ ਰੱਖਿਆ ਸੀ। ਦੁਨੀਆਂ ਦੇ ਸਾਹਮਣੇ ਕੋਰੋਨਾ ਦੀ ਸੱਚਾਈ ਆਉਣ ਤੋਂ ਬਾਅਦ ਵੀ ਚੀਨ ਨੇ ਆਪਣੇ ਦੇਸ਼ ਵਿਚ ਕੋਰੋਨਾ ਕੇਸਾਂ ਦੇ ਸਹੀ ਅੰਕੜੇ ਛੁਪਾਏ ਸਨ।

ਹੁਣ ਚੀਨ ਇਸੇ ਤਰ੍ਹਾਂ ਦੁਨੀਆਂ ਤੋਂ ਆਪਣੀ ਆਰਥਿਕਤਾ ਦਾ ਸੱਚ ਵੀ ਛੁਪਾ ਰਿਹਾ ਹੈ। ਹਾਲਾਂਕਿ ਚੀਨ ਦੀ ਆਰਥਿਕਤਾ ਪੰਜ ਫੀਸਦੀ ਦੀ ਰਫ਼ਤਾਰ ਨਾਲ ਵਧ ਰਹੀ ਹੈ, ਪਰ ਸੱਚ ਇਹ ਵੀ ਹੈ ਕਿ ਚੀਨ ਕਰਜ਼ੇ ਦੇ ਬੋਝ ਹੇਠ ਦਬਦਾ ਜਾ ਰਿਹਾ ਹੈ। ਭਾਰਤ ਦੇ ਇਸ ਗੁਆਂਢੀ ਮੁਲਕ ’ਚ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਆਪਣੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਗਈਆਂ ਹਨ।

ਚੀਨ ’ਚ ਉਤਪਾਦਕਤਾ ਇੰਨੀ ਜ਼ਿਆਦਾ ਹੋ ਗਈ ਹੈ ਕਿ ਹੁਣ ਸਾਮਾਨ ਖ਼ਰੀਦਣ ਵਾਲੇ ਲੋਕ ਘੱਟ ਪੈ ਗਏ ਹਨ। ਲੋਕ ਸਾਮਾਨ ਜ਼ਿਆਦਾ ਤੋਂ ਜ਼ਿਆਦਾ ਖ਼ਰੀਦਣ, ਇਸ ਦੇ ਲਈ ਰੋਜ਼ਾਨਾ ਜੀਵਨ ਵਿਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਕਾਫ਼ੀ ਹੱਦ ਤੱਕ ਘਟਾ ਦਿੱਤੀਆਂ ਗਈਆਂ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ : www.punjabmailusa.com

# ਕੈਨੇਡਾ ’ਚ ਵਰਕ ਪਰਮਿਟ ਖ਼ਤਮ ਹੋਣ ਕਾਰਨ 10 ਲੱਖ ਭਾਰਤੀਆਂ ਦੇ ਗੈਰ-ਕਾਨੂੰਨੀ ਹੋਣ ਦਾ ਖ਼ਤਰਾ!

ਟੋਰਾਂਟੋ, (ਪੰਜਾਬ ਮੇਲ)- ਸਾਲ 2026 ਕੈਨੇਡਾ ਵਿਚ ਰਹਿ ਰਹੇ ਲੱਖਾਂ ਵਿਦੇਸ਼ੀ ਕਾਮਿਆਂ ਅਤੇ ਖਾਸ ਕਰਕੇ ਭਾਰਤੀਆਂ ਲਈ ਬਹੁਤ ਚੁਣੌਤੀਪੂਰਨ ਹੋਣ ਵਾਲਾ ਹੈ।

ਸੂਤਰਾਂ ਅਨੁਸਾਰ ਸਾਲ 2025 ਅਤੇ 2026 ਦੌਰਾਨ ਵੱਡੀ ਗਿਣਤੀ ਵਿਚ ਵਰਕ ਪਰਮਿਟ ਖ਼ਤਮ ਹੋਣ ਕਾਰਨ ਲਗਭਗ 10 ਲੱਖ ਭਾਰਤੀਆਂ ਦੇ ਗੈਰ-ਕਾਨੂੰਨੀ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ ਤੇ ਉਨ੍ਹਾਂ ਦੇ ਸਿਰ ’ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਸਕਦੀ ਹੈ। 2025 ਦੇ ਅੰਤ ਤੱਕ ਲਗਭਗ 10 ਲੱਖ ਵਰਕ ਪਰਮਿਟ ਐਕਸਪਾਇਰ ਹੋ ਚੁੱਕੇ ਹੋਣਗੇ ਅਤੇ 2026 ਵਿਚ ਹੋਰ 9 ਲੱਖ ਪਰਮਿਟ ਖਤਮ ਹੋਣ ਦੀ ਸੰਭਾਵਨਾ ਹੈ। ਇਸ ਸਥਿਤੀ ਨੂੰ ‘ਵਰਕ-ਪਰਮਿਟ ਕਲਿਫ’ ਕਿਹਾ ਜਾ ਰਿਹਾ ਹੈ।

ਕੈਨੇਡਾ ਵਿਚ ਭਾਰਤੀ ਕਾਮਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਖਾਸ ਕਰਕੇ ਤਕਨੀਕੀ, ਸਿਹਤ ਸੇਵਾਵਾਂ ਅਤੇ ਹੋਟਲ ਇੰਡਸਟਰੀ ’ਚ। ਅਨੁਮਾਨ ਹੈ ਕਿ ਵਰਕ ਪਰਮਿਟ ਖ਼ਤਮ ਹੋਣ ਮਗਰੋਂ ਕਾਨੂੰਨੀ ਦਰਜਾ ਗੁਆਉਣ ਵਾਲੇ ਲੋਕਾਂ ਵਿਚੋਂ ਲਗਭਗ ਅੱਧੇ ਭਾਰਤੀ ਹੋ ਸਕਦੇ ਹਨ।

ਪਰਮਾਨੈਂਟ ਰੈਜ਼ੀਡੈਂਟ (ਪੀ.ਆਰ.) ਦੇ ਰਾਹ ਸਖ਼ਤ ਹੋਣਾ, ਵੀਜ਼ਾ ਐਕਸਟੈਂਸ਼ਨ ਵਿਚ ਦੇਰੀ ਅਤੇ ਕੈਨੇਡਾ ਸਰਕਾਰ ਦੁਆਰਾ ਪ੍ਰਵਾਸੀਆਂ ਦੀ ਗਿਣਤੀ ਨੂੰ ਕਾਬੂ ਕਰਨ ਦੀਆਂ ਨਵੀਆਂ ਨੀਤੀਆਂ ਇਸ ਸੰਕਟ ਦੇ ਮੁੱਖ ਕਾਰਨ ਹਨ। ਸਥਿਤੀ ਇੰਨੀ ਗੰਭੀਰ ਹੋ ਰਹੀ ਹੈ ਕਿ ਗ੍ਰੇਟਰ ਟੋਰਾਂਟੋ ਏਰੀਆ, ਬਰੈਂਪਟਨ ਅਤੇ ਮਿਸੀਸਾਗਾ ਵਰਗੇ ਇਲਾਕਿਆਂ ਵਿਚ ਲੋਕਾਂ ਨੂੰ ਵਾਧੂ ਕਿਰਾਏ ਅਤੇ ਰੋਜ਼ਗਾਰ ਦੀ ਘਾਟ ਕਾਰਨ ਟੈਂਟਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਇਸ ਦਾ ਸਭ ਤੋਂ ਵੱਧ ਅਸਰ ਭਾਰਤੀ ਵਿਦਿਆਰਥੀਆਂ, ਟਰੱਕ ਡਰਾਈਵਰਾਂ, ਫੈਕਟਰੀ ਵਰਕਰਾਂ ਅਤੇ ਡਿਲੀਵਰੀ ਸੈਕਟਰ ਵਿਚ ਕੰਮ ਕਰਨ ਵਾਲਿਆਂ ’ਤੇ ਪੈ ਰਿਹਾ ਹੈ। ਜੇਕਰ ਸਰਕਾਰ ਵੱਲੋਂ ਕੋਈ ਠੋਸ ਨੀਤੀ ਜਾਂ ਰਾਹਤ ਨਾ ਦਿੱਤੀ ਗਈ ਤਾਂ 2026 ਦੇ ਮੱਧ ਤੱਕ ਕੈਨੇਡਾ ਵਿਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋ ਸਕਦਾ ਹੈ।






-ਪ੍ਰੋ. ਨਵ ਸੰਗੀਤ ਸਿੰਘ
# ਪਟਿਆਲਾ-147002
94176-92015



ਪੰਜਾਬ ਮੇਲ USA

# ਮੇਲਾ ਮਾਘੀ ਦਾ ਜਲੌਅ

**ਪੰਜਾਬ ਵਿਚ ਮਾਘੀ ਦਾ ਤਿਉਹਾਰ ਕਈ ਥਾਈਂ ਮਨਾਇਆ ਜਾਂਦਾ ਹੈ। ਪਰ ਮੁਕਤਸਰ ਵਿਖੇ ਇਹ ਮੇਲਾ ਧਾਰਮਕ ਜੋਸ਼ੋ-ਖਰੋਸ਼ ਅਤੇ ਪੂਰੇ ਜਲੌਅ ਨਾਲ ਮਨਾਇਆ ਜਾਂਦਾ ਹੈ। ਸ਼ਹਿਰ ਵਿਚ ਨਗਰ ਕੀਰਤਨ ਦਾ ਆਯੋਜਨ ਹੁੰਦਾ ਹੈ ਅਤੇ ਨਿਹੰਗ ਸਿੰਘਾਂ ਅਤੇ ਹੋਰ ਜਥੇਬੰਦੀਆਂ ਵੱਲੋਂ ਮਹੱਲੇ ਅਤੇ ਗੱਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮੁਕਤਸਰ ਦੇ ਗੁਰਦੁਆਰਾ ਟੁੱਟੀ ਗੰਢੀ ਦੇ ਸਰੋਵਰ ਵਿਚ ਪਹਿਲੀ ਮਾਘ ਦੀ ਆਮਦ 'ਤੇ ਮੂੰਹ ਹਨੇਰੇ ਹੀ ਇਸ਼ਨਾਨ ਕਰਨਾ ਪਵਿੱਤਰ ਸਮਝਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਦੇ ਸਮੇਂ ਵਿਚ ਇਸ ਸ਼ਹਿਰ ਦਾ ਨਾਂ ਖਿਦਰਾਣਾ ਸੀ ਅਤੇ ਇੱਥੇ ਪਾਣੀ ਦਾ ਸੋਮਾ ਹੋਣ ਕਰਕੇ ਇਸ ਨੂੰ 'ਖਿਦਰਾਣੇ ਦੀ ਢਾਬ' ਕਿਹਾ ਜਾਂਦਾ ਸੀ। ਮੌਜੂਦਾ ਸਮੇਂ ਇਹ ਪੰਜਾਬ ਦਾ ਇੱਕ ਜ਼ਿਲ੍ਹਾ ਬਣ ਚੁੱਕਾ ਹੈ ਤੇ ਇਸ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਨਾਂ ਦਿੱਤਾ ਗਿਆ ਹੈ।**



ਮਾਘੀ ਦਾ ਤਿਉਹਾਰ ਪੂਰੇ ਭਾਰਤ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕੀਂ ਨਦੀਆਂ, ਦਰਿਆਵਾਂ ਅਤੇ ਸਰੋਵਰਾਂ ਆਦਿ ਵਿਚ ਇਸ਼ਨਾਨ ਕਰਨ ਨੂੰ ਉੱਤਮ ਸਮਝਦੇ ਹਨ। ਪ੍ਰਯਾਗ (ਇਲਾਹਾਬਾਦ) ਵਿਚ ਸੰਗਮ ਦੇ ਅਸਥਾਨ ਉੱਤੇ ਧਾਰਮਿਕ ਭਾਵਨਾਵਾਂ ਨਾਲ ਪੂਜਾ ਅਤੇ ਇਸ਼ਨਾਨ ਕੀਤਾ ਜਾਂਦਾ ਹੈ। ਮਾਘ ਦੇ ਮਹੀਨੇ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਹ ਜ਼ਿਕਰ ਮਿਲਦਾ ਹੈ:

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ (ਪੰਨਾ 136)

'ਪੋਹ ਰਿੱਧੀ ਮਾਘ ਖਾਧੀ' ਮੁਤਾਬਕ ਪੋਹ ਦੇ ਆਖ਼ਰੀ ਦਿਨ ਬਣਾਈ ਖਿਚੜੀ, ਖੀਰ ਜਾਂ ਕੋਈ ਹੋਰ ਵਸਤੂ ਅਗਲੇ ਦਿਨ, ਭਾਵ ਮਾਘ ਵਿਚ ਖਾਣਾ ਸ਼ੁੱਭ ਮੰਨਿਆ ਜਾਂਦਾ ਹੈ।

ਪੰਜਾਬ ਵਿਚ ਮਾਘੀ ਦਾ ਤਿਉਹਾਰ ਕਈ ਥਾਈਂ ਮਨਾਇਆ ਜਾਂਦਾ ਹੈ। ਪਰ ਮੁਕਤਸਰ ਵਿਖੇ ਇਹ ਮੇਲਾ ਧਾਰਮਕ ਜੋਸ਼ੋ-ਖਰੋਸ਼ ਅਤੇ ਪੂਰੇ ਜਲੌਅ ਨਾਲ ਮਨਾਇਆ ਜਾਂਦਾ ਹੈ। ਸ਼ਹਿਰ ਵਿਚ ਨਗਰ ਕੀਰਤਨ ਦਾ ਆਯੋਜਨ ਹੁੰਦਾ ਹੈ ਅਤੇ ਨਿਹੰਗ ਸਿੰਘਾਂ ਅਤੇ ਹੋਰ ਜਥੇਬੰਦੀਆਂ ਵੱਲੋਂ ਮਹੱਲੇ ਅਤੇ ਗੱਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮੁਕਤਸਰ ਦੇ ਗੁਰਦੁਆਰਾ ਟੁੱਟੀ ਗੰਢੀ ਦੇ ਸਰੋਵਰ ਵਿਚ ਪਹਿਲੀ ਮਾਘ ਦੀ ਆਮਦ 'ਤੇ ਮੂੰਹ ਹਨੇਰੇ ਹੀ ਇਸ਼ਨਾਨ ਕਰਨਾ ਪਵਿੱਤਰ ਸਮਝਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਦੇ ਸਮੇਂ ਵਿਚ ਇਸ ਸ਼ਹਿਰ ਦਾ ਨਾਂ ਖਿਦਰਾਣਾ ਸੀ ਅਤੇ ਇੱਥੇ ਪਾਣੀ ਦਾ ਸੋਮਾ ਹੋਣ ਕਰਕੇ ਇਸ ਨੂੰ 'ਖਿਦਰਾਣੇ ਦੀ ਢਾਬ' ਕਿਹਾ ਜਾਂਦਾ ਸੀ। ਮੌਜੂਦਾ ਸਮੇਂ ਇਹ ਪੰਜਾਬ ਦਾ ਇੱਕ ਜ਼ਿਲ੍ਹਾ ਬਣ ਚੁੱਕਾ ਹੈ ਤੇ ਇਸ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਨਾਂ ਦਿੱਤਾ ਗਿਆ ਹੈ।

ਦਸਮੇਸ਼ ਪਿਤਾ ਨੇ ਮੁਗ਼ਲਾਂ ਨਾਲ ਆਖਰੀ ਜੰਗ ਮਈ 1704 ਈ. ਵਿਚ ਇੱਥੇ ਹੀ ਲੜੀ ਸੀ। ਇੱਥੇ ਹੀ ਆਨੰਦਪੁਰ ਸਾਹਿਬ ਤੋਂ ਭਾਈ ਮਹਾਂ ਸਿੰਘ ਦੀ ਅਗਵਾਈ ਵਿਚ ਗੁਰੂ ਜੀ ਨੂੰ ਬੇਦਾਵਾ ਦੇ ਗਏ ਚਾਲੀ ਸਿੰਘਾਂ ਨੇ ਮਾਈ ਭਾਗੋ ਦੀ ਕਮਾਨ ਹੇਠ ਜੰਗ ਵਿਚ ਹਿੱਸਾ ਲਿਆ ਸੀ। ਇਸੇ ਥਾਂ ਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਸਾਹਮਣੇ ਬੇਦਾਵੇ ਦਾ ਕਾਗਜ਼ ਪਾੜ ਕੇ ਟੁੱਟੀ ਗੰਢ ਦਿੱਤੀ ਸੀ। ਦਸਮ ਪਾਤਸ਼ਾਹ ਨੇ ਜੰਗ ਵਿਚ ਜੂਝ ਮੋਏ ਸਿੰਘਾਂ ਦਾ ਆਪਣੇ ਹੱਥੀਂ ਸਸਕਾਰ ਕਰਕੇ ਇਸ ਧਰਤੀ ਨੂੰ 'ਮੁਕਤ-ਸਰ' ਦਾ ਨਾਂ ਦਿੱਤਾ ਸੀ। ਬੇਦਾਵੀਏ ਸਿੰਘਾਂ ਦੀ ਗੁਰੂ ਜੀ ਦੇ ਹੱਥੋਂ ਮੁਕਤੀ ਹੋਣ ਦੀ ਗਾਥਾ ਇਨ੍ਹਾਂ ਪੰਕਤੀਆਂ ਵਿਚ ਸੁੰਦਰ ਢੰਗ ਨਾਲ ਬਿਆਨੀ ਗਈ ਹੈ:-

'ਖਿਦਰਾਣਾ ਕਰ ਮੁਕਤਸਰ ਮੁਕਤ ਮੁਕਤ ਸਭ ਕੀਨ।
ਹੋਇ ਸਾਬਤ ਜੂਝੈ ਜਬੈ ਬਡੋ ਮਰਤਬੋ ਲੀਨ।'

ਗੁਰੂ ਸਾਹਿਬ ਦੀ ਯਾਦ ਵਿਚ ਮੁਕਤਸਰ ਵਿਖੇ ਬਹੁਤ ਸਾਰੇ ਗੁਰਦੁਆਰੇ ਸੁਭਾਇਮਾਨ ਹਨ, ਜੋ ਆਪ ਦੀ ਮੁਗਲੀਆ ਹਕੂਮਤ ਨਾਲ ਅੰਤਿਮ ਲੜਾਈ ਵਿਚ ਵਿਜੈ ਦੇ ਪ੍ਰਤੀਕ ਹਨ: ਗੁਰਦੁਆਰਾ ਟਿੱਬੀ ਸਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਮੁਗਲ ਸੈਨਾ ਉੱਤੇ ਤੀਰਾਂ ਦੇ ਵਾਰ ਕਰਦੇ ਰਹੇ; ਗੁਰਦੁਆਰਾ ਤੰਬੂ ਸਾਹਿਬ ਉਹ ਥਾਂ ਹੈ, ਜਿੱਥੇ ਝਾੜੀਆਂ ਉੱਤੇ ਸਿੰਘਾਂ ਨੇ ਆਪਣੇ ਪਰਨੇ-ਕਛਹਿਰੇ ਸੁੱਕਣੇ ਪਾ ਕੇ ਮੁਗਲਾਂ ਨੂੰ ਯੁੱਧ ਲਈ ਲਲਕਾਰਿਆ; ਗੁਰਦੁਆਰਾ ਟੁੱਟੀ ਗੰਢੀ ਵਿਖੇ ਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਸਾਹਵੇਂ ਬੇਦਾਵੇ ਦਾ ਕਾਗਜ਼ ਪਾੜਿਆ; ਗੁਰਦੁਆਰਾ ਸ਼ਹੀਦਗੰਜ ਵਿਖੇ ਗੁਰੂ ਜੀ ਨੇ ਆਪਣੇ ਹੱਥੀਂ ਚਾਲੀ ਮੁਕਤਿਆਂ ਦਾ ਸਸਕਾਰ ਕੀਤਾ।

ਮੈਂ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਮੇਲਾ ਮਾਘੀ ਦੇ ਦਿਨਾਂ (11 ਜਨਵਰੀ ਤੋਂ 15 ਜਨਵਰੀ) ਵਿਚ ਮੁਕਤਸਰ ਵਿਖੇ ਜੀਵਨ ਦੇ ਕਰੀਬ ਪੰਤਾਲੀ ਕੁ ਵਰ੍ਹੇ ਜਾਂਦਾ ਰਿਹਾ ਹਾਂ। ਮੇਰੇ ਪਿਤਾ ਗਿਆਨੀ ਕਰਤਾਰ ਸਿੰਘ (1921-2013) ਨੇ ਆਪਣੀ ਪੜ੍ਹਾਈ ਅਤੇ ਅਧਿਆਪਨ ਦਾ ਵਧੇਰੇ ਸਮਾਂ ਮੁਕਤਸਰ ਦੇ ਖ਼ਾਲਸਾ ਹਾਈ ਸਕੂਲ ਵਿਖੇ ਬਿਤਾਇਆ। ਇਸ ਸ਼ਹਿਰ ਨਾਲ ਖ਼ਾਸ ਲਗਾਓ ਹੋਣ ਕਰਕੇ ਉਨ੍ਹਾਂ ਨੇ ਆਪਣੇ ਨਾਂ ਨਾਲ 'ਮੁਕਤਸਰੀ' ਲਿਖਣਾ ਸ਼ੁਰੂ ਕਰ ਦਿੱਤਾ ਅਤੇ ਇਸ ਦੇ ਪ੍ਰਮਾਣ ਵਜੋਂ ਰਬੜ ਦੀ ਇੱਕ ਮੋਹਰ ਵੀ ਤਿਆਰ ਕਰਵਾਈ, ਜੋ ਅਜੇ ਤੱਕ ਮੇਰੇ ਕੋਲ ਸਾਂਭੀ ਹੋਈ ਹੈ। ਮੇਰੇ ਪਿਤਾ ਜੀ ਨੇ ਆਪਣੇ ਮੁੱਖ ਅਧਿਆਪਕ ਸ. ਇਕਬਾਲ ਸਿੰਘ ਦੀ ਸੰਗਤ ਵਿਚ ਪੰਜਵੀਂ ਵਿਚ ਪੜ੍ਹਦਿਆਂ ਹੀ ਮੇਲੇ ਦੇ ਦਿਨੀਂ ਸੰਗਤਾਂ ਦੀ ਸੇਵਾ ਵਿਚ ਜਾਣਾ ਸ਼ੁਰੂ ਕਰ ਦਿੱਤਾ ਸੀ। ਪਿੱਛੋਂ ਅਧਿਆਪਕ ਬਣਨ 'ਤੇ ਮੇਰੇ ਪਿਤਾ ਨੇ ਕੁਝ ਵਿਦਿਆਰਥੀਆਂ ਸਮੇਤ ਮੇਲੇ ਸਮੇਂ ਯਾਤਰੀਆਂ ਦੇ ਸਾਈਕਲ ਸੰਭਾਲਣ ਦੀ ਸੇਵਾ ਨਿਭਾਈ। ਹੌਲੀ-ਹੌਲੀ ਗੁਰਦੁਆਰੇ ਵੱਲੋਂ ਉਨ੍ਹਾਂ ਦੀ ਪੱਕੀ ਡਿਊਟੀ ਹੀ ਲੱਗ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਇਸ਼ਤਿਹਾਰਾਂ ਵਿਚ ਵੀ ਉਨ੍ਹਾਂ ਦਾ ਨਾਂ ਛਾਪਿਆ ਜਾਣ ਲੱਗ ਪਿਆ। ਸਰਕਾਰੀ ਸੇਵਾ ਵਿਚ ਆਉਣ ਅਤੇ ਸੇਵਾਮੁਕਤੀ ਪਿੱਛੋਂ ਵੀ ਉਹ ਮੇਲਾ ਮਾਘੀ ਮੁਕਤਸਰ ਵਿਖੇ ਪਹਿਲਾਂ ਸਾਈਕਲ ਅਤੇ ਪਿੱਛੋਂ ਸਾਮਾਨ ਸੰਭਾਲਣ ਦੀ ਸੇਵਾ ਲਈ ਜਾਂਦੇ ਰਹੇ। ਕਰੀਬ 70 ਕੁ ਸਾਲ ਦੀ ਉਮਰ ਤੱਕ ਉਨ੍ਹਾਂ ਨੇ ਨਿਰਵਿਘਨ ਇਹ ਸੇਵਾ ਨਿਭਾਈ, ਜਿਸ ਲਈ ਉਨ੍ਹਾਂ ਨੂੰ ਕਈ ਵਾਰੀ ਗੁਰਦੁਆਰੇ ਦੇ ਮੈਨੇਜਰ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਪਿੱਛੋਂ ਵਡੇਰੀ ਉਮਰ ਹੋਣ ਕਰਕੇ ਉਨ੍ਹਾਂ ਨੇ ਇਹ ਸੇਵਾ ਨਿਭਾਉਣ ਤੋਂ ਖਿਮਾ ਸਹਿਤ ਮੁਆਫ਼ੀ ਮੰਗ ਲਈ ਅਤੇ ਸਾਲ 2011 ਤੋਂ ਪਿੱਛੋਂ ਉਨ੍ਹਾਂ ਦਾ ਨਾਂ ਇਸ਼ਤਿਹਾਰਾਂ ਵਿਚ ਛਪਣਾ ਬੰਦ ਹੋ ਗਿਆ।

ਮੇਰੇ ਪਿਤਾ ਜੀ ਨੂੰ ਉਨ੍ਹਾਂ ਦੇ ਵਿਦਿਆਰਥੀ, ਆਂਢੀ-ਗੁਆਂਢੀ ਅਤੇ ਸ਼ਹਿਰ-ਵਾਸੀ 'ਗਿਆਨੀ ਜੀ' ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਨੇ ਵੱਖ-ਵੱਖ ਸਰਕਾਰੀ ਸਕੂਲਾਂ ਵਿਚ ਨੌਕਰੀ ਕਰਦਿਆਂ ਪਰਿਵਾਰ ਅਤੇ ਵਿਦਿਆਰਥੀਆਂ ਨਾਲ ਮੇਲਾ ਮਾਘੀ ਦੇ ਦਿਨੀਂ ਮੁਕਤਸਰ ਜਾਣ ਦੇ ਨੇਮ ਨੂੰ ਬਰਕਰਾਰ ਰੱਖਿਆ। ਕੋਟਕਪੂਰਾ ਅਤੇ ਗੋਨਿਆਣਾ ਮੰਡੀ ਵਿਖੇ ਨੌਕਰੀ ਕਰਦਿਆਂ ਅਸੀਂ ਪਰਿਵਾਰ ਸਮੇਤ ਪਿਤਾ ਜੀ ਨਾਲ ਰੇਲ ਗੱਡੀ ਰਾਹੀਂ ਮੁਕਤਸਰ ਜਾਂਦੇ ਸਾਂ। ਉੱਥੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰੇ ਵੱਲੋਂ ਸਰਾਂ ਵਿਚ ਕੀਤਾ ਜਾਂਦਾ ਸੀ ਅਤੇ ਅਸੀਂ ਹੇਠਾਂ ਪਰਾਲੀ ਉੱਤੇ ਬਿਸਤਰੇ ਵਿਛਾ ਕੇ ਸੌਂਦੇ ਸਾਂ। ਮੈਨੂੰ ਪਰਾਲੀ ਬਾਰੇ ਪਹਿਲੀ ਜਾਣਕਾਰੀ ਮੁਕਤਸਰ ਵਿਖੇ ਹੀ ਮਿਲੀ ਸੀ। ਉਨ੍ਹਾਂ ਦਿਨਾਂ ਵਿਚ ਦੋ ਤਰ੍ਹਾਂ ਦੀਆਂ ਰੇਲ-ਗੱਡੀਆਂ ਚੱਲਦੀਆਂ ਸਨ, ਜਿਨ੍ਹਾਂ ਨੂੰ ਆਮ ਲੋਕੀਂ ਵੱਡੀ ਗੱਡੀ ਅਤੇ ਛੋਟੀ ਗੱਡੀ ਕਹਿੰਦੇ ਸਨ। ਅਸਲ ਵਿਚ ਇਹ 'ਬਰਾਡਗੇਜ' ਅਤੇ 'ਨੈਰੋਗੇਜ' ਦਾ ਖੁੱਲ੍ਹਾ ਜਿਹਾ ਅਨੁਵਾਦ ਹੈ। ਇਨ੍ਹੀਂ ਦਿਨੀਂ ਛੋਟੀਆਂ ਗੱਡੀਆਂ (ਨੈਰੋਗੇਜ) ਬੰਦ ਹਨ, ਸਿਰਫ਼ ਵੱਡੀਆਂ ਗੱਡੀਆਂ ਹੀ ਚੱਲਦੀਆਂ ਹਨ।

ਕੋਟਕਪੂਰਾ ਨੇੜੇ ਪਿੰਡ ਲਾਲੇਆਣਾ ਦਾ ਪੰਡਤਾਂ ਦਾ ਇੱਕ ਮੁੰਡਾ ਜਗਨਨਾਥ, ਇੱਕ ਵਾਰ ਕਿਸੇ ਕਾਰਨ ਮੇਰੇ ਪਿਤਾ ਜੀ ਦੇ ਜਥੇ ਨਾਲ ਮੁਕਤਸਰ ਜਾਣੋਂ ਖੁੰਝ ਗਿਆ ਸੀ ਤੇ ਉਹ ਅਗਲੇ ਦਿਨ ਪਹੁੰਚਿਆ। ਮੈਨੂੰ ਅੱਜ ਕਰੀਬ ਪੰਤਾਲੀ ਸਾਲਾਂ ਬਾਅਦ ਵੀ ਇਨਬਿਨ ਯਾਦ ਹੈ ਕਿ ਉਹਨੇ ਬਿਨਾਂ ਟਿਕਟ ਸਫਰ ਕਰਨ ਦੀ ਸਾਰੀ ਘਟਨਾ ਪਿਤਾ ਜੀ ਨੂੰ ਸੁਣਾਈ ਸੀ ਕਿ ਰਾਹ ਵਿਚ ਇੱਕ ਥਾਂ ਟਿਕਟ-ਚੈਕਰ ਆ ਗਿਆ, ਤਾਂ ਜਗਨਨਾਥ ਨੇ ਟਿਕਟ ਨਾ ਲਈ ਹੋਣ ਦੀ ਵਜ੍ਹਾ ਦੱਸਦਿਆਂ ਬੇਝਿਜਕ ਹੋ ਕੇ ਚੈੱਕਰ ਨੂੰ ਕਿਹਾ ਸੀ, "ਮੈਂ ਤਾਂ ਗਿਆਨੀ ਜੀ ਨਾਲ ਮੇਲਾ ਮਾਘੀ ਮੁਕਤਸਰ ਵਿਖੇ ਸੇਵਾ ਕਰਨ ਜਾ ਰਿਹਾ ਹਾਂ।" ਚੈੱਕਰ ਨੇ ਪੁੱਛਿਆ ਸੀ, "ਕਿਹੜੇ ਗਿਆਨੀ ਜੀ?" ਮੁੰਡੇ ਨੇ ਹੁਸ਼ਿਆਰੀ ਨਾਲ ਜਵਾਬ ਦਿੱਤਾ ਸੀ, "ਹੈਂ, ਤੁਸੀਂ ਗਿਆਨੀ ਜੀ ਨੂੰ ਨਹੀਂ ਜਾਣਦੇ? ਉਨ੍ਹਾਂ ਨੂੰ ਤਾਂ ਸਾਰੀ ਦੁਨੀਆਂ ਜਾਣਦੀ ਹੈ..." ਤੇ ਚੈੱਕਰ ਨੇ ਜਗਨਨਾਥ ਨੂੰ ਬਿਨਾਂ ਟਿਕਟ ਸਫਰ ਕਰਨ ਦੀ ਆਗਿਆ ਦੇ ਦਿੱਤੀ ਸੀ।

ਉਨ੍ਹਾਂ ਦਿਨਾਂ ਵਿਚ ਹਫ਼ਤਾ-ਦਸ ਦਿਨ ਮੇਲੇ ਦਾ ਮਾਹੌਲ ਬਣਿਆ ਰਹਿੰਦਾ ਸੀ। ਦੂਰ-ਦੁਰਾਡੇ ਤੋਂ ਲੋਕੀਂ ਹੁੰਮ-ਹੁਮਾ ਕੇ ਮੇਲੇ ਵਿਚ ਸਜਧਜ ਕੇ ਜਾਂਦੇ ਸਨ। ਮੇਲੇ ਵਿਚ ਕਾਨਫਰੰਸਾਂ, ਝੂਲੇ, ਸਰਕਸਾਂ, ਜਾਦੂ ਦੇ ਸ਼ੋਅ, ਖਾਣ-ਪੀਣ ਦੀਆਂ ਦੁਕਾਨਾਂ, ਖਜਲਾ ਮਿਠਾਈ, ਰੈਗਜ਼ ਵਾਲੇ ਕੱਪੜੇ ਆਦਿ ਕਈ ਕੁਝ ਹੁੰਦਾ ਸੀ। ਮੈਂ ਪਹਿਲੀ ਵਾਰ ਖਜਲਾ ਮਿਠਾਈ ਮੁਕਤਸਰ ਦੇ ਮੇਲੇ ਵਿਚ ਹੀ ਵੇਖੀ ਅਤੇ ਖਾਧੀ ਸੀ। ਚਿੱਟੇ ਰੰਗ ਦੀ, ਪਾਥੀ ਜਿਹੇ ਆਕਾਰ ਦੀ ਅਜੀਬ ਮਿਠਾਈ ਵੇਖ ਕੇ ਮੈਂ ਦੰਗ ਰਹਿ ਗਿਆ ਸਾਂ। ਮੇਲੇ ਦੇ ਆਖ਼ਰੀ ਦਿਨਾਂ ਵਿਚ ਭੀੜ ਘਟਣ 'ਤੇ ਮੇਰੇ ਪਿਤਾ ਜੀ ਸਾਰੇ ਪਰਿਵਾਰ ਅਤੇ ਵਿਦਿਆਰਥੀਆਂ ਨੂੰ ਸਰਕਸ ਵਿਖਾ ਕੇ ਲਿਆਉਂਦੇ ਸਨ। ਮੈਂ ਆਪਣੇ ਜੀਵਨ ਵਿਚ ਪਹਿਲੀ ਵਾਰੀ ਸਰਕਸ (ਗਰੇਟ ਰੇਮਨ ਸਰਕਸ) ਮੁਕਤਸਰ ਦੇ ਮੇਲੇ ਵਿਚ ਹੀ ਵੇਖੀ ਸੀ। ਪਿਤਾ ਜੀ ਮੈਨੂੰ ਰਾਜਸੀ ਕਾਨਫ਼ਰੰਸਾਂ, ਖ਼ਾਸ ਕਰਕੇ ਧਾਰਮਿਕ ਇਕੱਠਾਂ ਵਿਚ ਵੀ ਲੈ ਕੇ ਜਾਂਦੇ ਤੇ ਮੈਨੂੰ ਸਟੇਜ ਉੱਤੇ ਭਾਸ਼ਣ ਕਰਨ ਦਾ ਪਹਿਲਾ ਮੌਕਾ ਮੇਲਾ ਮਾਘੀ ਮੁਕਤਸਰ ਵਿਖੇ ਹੀ ਮਿਲਿਆ ਸੀ।

ਅੱਜਕੱਲ੍ਹ ਮੁਕਤਸਰ ਦੇ ਮੇਲਾ ਮਾਘੀ ਤੇ ਉਹੋ ਜਿਹੀ ਸ਼ਰਧਾ ਅਤੇ ਚਾਅ ਵੇਖਣ ਨੂੰ ਨਹੀਂ ਮਿਲਦਾ। ਲੋਕਾਂ ਕੋਲ ਸਮੇਂ ਦੀ ਘਾਟ ਹੈ- ਉਹ ਕਾਹਲੀ ਵਿਚ ਆਉਂਦੇ ਨੇ ਤੇ ਕਾਹਲੀ ਵਿਚ ਹੀ ਮੁੜ ਜਾਂਦੇ ਨੇ। ਸੰਗਤ ਵਿਚ ਬੈਠਣ, ਗੁਰੂ ਜੱਸ ਸੁਣਨ, ਸੇਵਾ ਕਰਨ, ਲੰਗਰ 'ਚੋਂ ਪ੍ਰਸ਼ਾਦਾ ਛਕਣ ਆਦਿ ਦਾ ਨਾ ਨਵੀਂ ਪੀੜ੍ਹੀ ਨੂੰ ਸ਼ੌਕ ਹੈ ਤੇ ਨਾ ਹੀ ਵਿਸ਼ਵਾਸ। ਮੇਲਿਆਂ ਦਾ ਰੰਗ-ਢੰਗ ਬਦਲਦਾ ਜਾ ਰਿਹਾ ਹੈ। ਇੱਥੇ ਧਰਮ ਨਾਲੋਂ ਰਾਜਨੀਤੀ ਭਾਰੂ ਹੋ ਰਹੀ ਹੈ, ਜਿਸ ਕਰਕੇ ਲੋਕ ਪੁਰਾਣੇ ਸਰੋਕਾਰਾਂ ਨੂੰ ਤਿਆਗ ਰਹੇ ਹਨ। ਲੋਕੀਂ ਹੁਣ ਘਰੇ ਬੈਠੇ ਹੀ ਟੀ.ਵੀ. ਰਾਹੀਂ ਮੇਲੇ ਬਾਰੇ ਜਾਣਕਾਰੀ ਹਾਸਲ ਕਰ ਲੈਂਦੇ ਹਨ। ਮੇਰੇ ਪਿਤਾ ਜੀ ਨੇ ਮੈਨੂੰ ਸਿੱਖ-ਸਥਾਨਾਂ/ ਇਕੱਠਾਂ 'ਤੇ ਜਾਣ ਦਾ ਜੋ ਮੌਕਾ ਦਿੱਤਾ ਸੀ, ਉਹਨੂੰ ਮੈਂ ਆਪਣੇ ਪਰਿਵਾਰ ਨਾਲ ਅਜੇ ਵੀ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA


# ਪਤੰਗ ਦੀ ਕਹਾਣੀ



ਪਤੰਗ ਉਡਾਉਣ ਦੀ ਪ੍ਰਥਾ ਕਦੋਂ ਅਤੇ ਕਿਵੇਂ ਸ਼ੁਰੂ ਹੋਈ, ਇਸ ਬਾਰੇ ਕਾਫ਼ੀ ਵਿਸ਼ਵਾਸ ਹਨ। ਕਹਿੰਦੇ ਹਨ ਕਿ ਲਗਭਗ 2800 ਸਾਲ ਪਹਿਲਾਂ ਚੀਨ ਦੇ ਸ਼ਾਂਡੋਂਗ ਵਿਚ ਪਤੰਗ ਉਡਾਉਣ ਦਾ ਰੁਝਾਨ ਸ਼ੁਰੂ ਹੋਇਆ ਸੀ, ਜਿਸਨੂੰ ਪਤੰਗਧਰ ਵਜੋਂ ਵੀ ਜਾਣਿਆ ਜਾਂਦਾ ਹੈ। ਇੱਕ ਦੰਤਕਥਾ ਅਨੁਸਾਰ, ਪਤੰਗ ਉਡਾਉਣ ਦੀ ਪ੍ਰੇਰਨਾ ਇੱਕ ਚੀਨੀ ਕਿਸਾਨ ਤੋਂ ਮਿਲੀ, ਜਿਸਨੇ ਆਪਣੀ ਟੋਪੀ ਨੂੰ ਹਵਾ ਵਿਚ ਉੱਡਣ ਤੋਂ ਰੋਕਣ ਲਈ ਰਸੀ ਨਾਲ ਬੰਨ੍ਹਿਆ ਹੋਇਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਪਤੰਗ ਬਾਂਸ ਅਤੇ ਕਾਗਜ਼ ਨਾਲ ਬਣਿਆ ਸੀ। ਫਿਰ ਇਹ ਰੁਝਾਨ ਪੂਰੀ ਦੁਨੀਆਂ ਵਿਚ ਫੈਲ ਗਿਆ। ਤਾਮਿਲ ਦੀ ਤਨਦਾਨ ਰਾਮਾਯਾਨ ਦੇ ਅਨੁਸਾਰ, ਮਕਰ ਸੰਕ੍ਰਾਂਤੀ ਦੇ ਦਿਨ ਸ਼੍ਰੀਰਾਮ ਨੇ ਪਤੰਗ ਉਡਾਈ ਸੀ ਅਤੇ ਉਹ ਪਤੰਗ ਇੰਦ੍ਰਲੋਕ ਵਿਚ ਚਲੀ ਗਈ ਸੀ। ਬੱਸ ਉਦੋਂ ਹੀ ਪਤੰਗ ਉਡਾਉਣ ਦੀ ਪ੍ਰੰਪਰਾ ਚੱਲ ਜਾਂਦੀ ਹੈ। ਪ੍ਰਾਚੀਨ ਇਤਿਹਾਸ ਵਿਚ ਪਤੰਗ ਬਾਰੇ ਇੱਕ ਕਹਾਣੀ ਇਹ ਵੀ ਹੈ ਕਿ ਪਤੰਗ ਦੀ ਖੋਜ ਮੱਧਯੁਗੀ ਵਿਦਵਾਨ ਹਕੀਮ ਲੁਕਮਾਨ ਨੇ ਕੀਤੀ ਸੀ। ਉਨ੍ਹਾਂ ਨੇ ਪਤੰਗ ਉਡਾਉਣ ਦਾ ਸਮਾਂ ਸਵੇਰੇ-ਸਵੇਰੇ ਤੈਅ ਕੀਤਾ ਸੀ, ਕਿਉਂਕਿ ਉਹ ਮੰਨਦੇ ਸਨ ਕਿ ਸਵੇਰ ਦੀ ਤਾਜ਼ਗੀ ਅਤੇ ਧੁੱਪ ਵਿਚ ਸਰੀਰ ਸਿਹਤਮੰਦ ਰਹਿੰਦਾ ਹੈ। ਪਰ ਹਾਂ, 5ਵੀਂ ਸਦੀ ਈਸਾ ਪੂਰਵ ਵਿਚ ਪਤੰਗ ਉਡਾਉਣ ਦੇ ਉਦੇਸ਼ ਨੂੰ ਮਨੋਰੰਜਨ ਨਾਲ ਜੋੜਿਆ ਗਿਆ ਸੀ। ਪਤੰਗਬਾਜ਼ੀ ਨੂੰ ਪੁਰਾਣੇ ਸਮੇਂ ਵਿਚ ਗੁੱਡੀ ਜਾਂ ਚਾਂਗ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਨਵਾਬਾਂ ਦੇ ਪਤੰਗਬਾਜ਼ੀ ਦੀਆਂ ਕਹਾਣੀਆਂ ਉਦੋਂ ਬਹੁਤ ਮਸ਼ਹੂਰ ਹੋਈਆਂ ਸਨ। ਨਵਾਬ ਆਸਫੁੱਦਾਉਲਾ ਦੇ ਸ਼ਾਸਨ ਕਾਲ ਵਿਚ ਛੱਤਾਂ ’ਤੇ ਬਣੇ ਸ਼ੀਸ਼ਮਾਲ ਵਿਚ ਪਤੰਗ ਉਡਾਉਣ ਦੇ ਸਾਰੇ ਪ੍ਰਬੰਧ ਹੁੰਦੇ ਸਨ।

1800 ਦੇ ਆਸ-ਪਾਸ ਨਵਾਬ ਸਾਦਤ ਅਲੀ ਖਾਨ ਦੇ ਸਮੇਂ ਵਿਚ ਪਤੰਗਾਂ ਤੋਂ ਪੇਚ ਲੜਾਉਣ ਦਾ ਸਿਲਸੀਲਾ ਸ਼ੁਰੂ ਹੋਇਆ। ਕਹਿੰਦੇ ਹਨ ਕਿ ਉਸ ਸਮੇਂ ਆਪਣੀ ਪਤੰਗ ਤੋਂ ਨੌਨ ਪੇਚ ਕੱਟਣ ਵਾਲਿਆਂ ਨੂੰ ਨੌਸ਼ੇਖਾ ਦੀ ਉਪਾਧੀ ਤੋਂ ਵਿਭੂਸ਼ਿਤ ਕੀਤਾ ਜਾਂਦਾ ਸੀ। ਇਸ ਤਰ੍ਹਾਂ ਬਾਦਸ਼ਾਹ ਅਮਜਦ ਅਲੀ ਸ਼ਾਹ ਦੇ ਦਰਬਾਰ ਵਿਚ ਪਤੰਗ ਦੇ ਥੁੱਡ ਅਤੇ ਧਨੁਸ਼ ਬਣਾਏ ਜਾਣ ਲੱਗੇ। ਇੱਕ ਦਿਲਚਸਪ ਕਿੱਸਾ ਇਹ ਵੀ ਮਸ਼ਹੂਰ ਹੋਇਆ ਸੀ ਕਿ ਨਵਾਬਾਂ ਦੇ ਪਤੰਗ ਆਮ ਪਤੰਗਾਂ ਵਾਂਗ ਨਹੀਂ ਹੁੰਦੇ ਸਨ, ਇਨ੍ਹਾਂ ਪਤੰਗਾਂ ਨੂੰ ਚਮਕਦਾਰ ਰੰਗਾਂ ਅਤੇ ਦੁਲਹਨ ਵਾਂਗ ਸਜਾਇਆ ਜਾਂਦਾ ਸੀ, ਜਿਸ ਵਿਚ ਸੋਨੇ-ਚਾਂਦੀ ਦੀਆਂ ਤਾਰਾਂ ਅਤੇ ਤਾਰੇ ਵਰਤੇ ਜਾਂਦੇ ਸਨ। ਮਜ਼ੇਦਾਰ ਗੱਲ ਇਹ ਸੀ ਕਿ ਜਦੋਂ ਇਹ ਪਤੰਗ ਕੱਟ ਕੇ ਛੱਤ ’ਤੇ ਡਿੱਗਦੇ ਸਨ, ਉਸ ਦਿਨ ਘਰ ਵਿਚ ਪੁਲਾਵ ਬਣ ਜਾਂਦਾ ਸੀ।

*1800 ਦੇ ਆਸ-ਪਾਸ ਨਵਾਬ ਸਾਦਤ ਅਲੀ ਖਾਨ ਦੇ ਸਮੇਂ ਵਿਚ ਪਤੰਗਾਂ ਤੋਂ ਪੇਚ ਲੜਾਉਣ ਦਾ ਸਿਲਸੀਲਾ ਸ਼ੁਰੂ ਹੋਇਆ। ਕਹਿੰਦੇ ਹਨ ਕਿ ਉਸ ਸਮੇਂ ਆਪਣੀ ਪਤੰਗ ਤੋਂ ਨੌਨ ਪੇਚ ਕੱਟਣ ਵਾਲਿਆਂ ਨੂੰ ਨੌਸ਼ੇਖਾ ਦੀ ਉਪਾਧੀ ਤੋਂ ਵਿਭੂਸ਼ਿਤ ਕੀਤਾ ਜਾਂਦਾ ਸੀ। ਇਸ ਤਰ੍ਹਾਂ ਬਾਦਸ਼ਾਹ ਅਮਜਦ ਅਲੀ ਸ਼ਾਹ ਦੇ ਦਰਬਾਰ ਵਿਚ ਪਤੰਗ ਦੇ ਥੁੱਡ ਅਤੇ ਧਨੁਸ਼ ਬਣਾਏ ਜਾਣ ਲੱਗੇ। ਇੱਕ ਦਿਲਚਸਪ ਕਿੱਸਾ ਇਹ ਵੀ ਮਸ਼ਹੂਰ ਹੋਇਆ ਸੀ ਕਿ ਨਵਾਬਾਂ ਦੇ ਪਤੰਗ ਆਮ ਪਤੰਗਾਂ ਵਾਂਗ ਨਹੀਂ ਹੁੰਦੇ ਸਨ, ਇਨ੍ਹਾਂ ਪਤੰਗਾਂ ਨੂੰ ਚਮਕਦਾਰ ਰੰਗਾਂ ਅਤੇ ਦੁਲਹਨ ਵਾਂਗ ਸਜਾਇਆ ਜਾਂਦਾ ਸੀ, ਜਿਸ ਵਿਚ ਸੋਨੇ-ਚਾਂਦੀ ਦੀਆਂ ਤਾਰਾਂ ਅਤੇ ਤਾਰੇ ਵਰਤੇ ਜਾਂਦੇ ਸਨ। ਮਜ਼ੇਦਾਰ ਗੱਲ ਇਹ ਸੀ ਕਿ ਜਦੋਂ ਇਹ ਪਤੰਗ ਕੱਟ ਕੇ ਛੱਤ ’ਤੇ ਡਿੱਗਦੇ ਸਨ, ਉਸ ਦਿਨ ਘਰ ਵਿਚ ਪੁਲਾਵ ਬਣ ਜਾਂਦਾ ਸੀ।*

## ਤਿਉਹਾਰ ਇੱਕ ਤਰੀਕੇ ਨਾਲ ਕਈ

ਸਮੇਂ ਦੇ ਨਾਲ ਪਤੰਗ ਉਡਾਉਣਾ ਕਈ ਦੇਸ਼ਾਂ ਵਿਚ ਉਤਸ਼ਾਹ ਦਾ ਪ੍ਰਤੀਕ ਬਣ ਗਿਆ। ਗੁਜਰਾਤ ਦਾ ਪਤੰਗ ਉਤਸਵ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ। 7 ਜਨਵਰੀ ਤੋਂ 15 ਜਨਵਰੀ ਤੱਕ ਅੰਤਰਰਾਸ਼ਟਰੀ ਪਤੰਗ ਫੈਸਟੀਵਲ ਹੁੰਦਾ ਹੈ, ਜਿੱਥੇ ਜਪਾਨ, ਮਲੇਸ਼ੀਆ, ਚੀਨ ਅਤੇ ਸਿੰਗਾਪੁਰ ਦੇ ਕਈ ਵਿਦੇਸ਼ੀ ਲੋਕ ਇਸ ਤੂਫ਼ਾਨੀ ਦਾ ਆਨੰਦ ਲੈਣ ਲਈ ਆਉਂਦੇ ਹਨ। ਤੇਲੰਗਾਨਾ ਦਾ ਪਤੰਗ ਤਿਉਹਾਰ ਵੀ ਮਸ਼ਹੂਰ ਹੈ, ਜਿੱਥੇ ਕਈ ਦੇਸ਼ਾਂ ਦੇ ਲੋਕ ਹਿੱਸਾ ਲੈਂਦੇ ਹਨ। ਇਸ ਤਿਉਹਾਰ ਦੀ ਖਾਸ ਗੱਲ ਇਹ ਵੀ ਹੈ ਕਿ ਇਸ ਤਿਉਹਾਰੀ ਵਿਚ ਸਵੀਟ ਫੈਸਟੀਵਲ ਵੀ ਆਯੋਜਿਤ ਕੀਤਾ ਜਾਂਦਾ ਹੈ, ਜਿਸ ਵਿਚ ਲਗਭਗ ਇੱਕ ਹਜ਼ਾਰ ਤਰ੍ਹਾਂ ਦੀਆਂ ਮਿਠਾਈਆਂ ਦਾ ਆਨੰਦ ਮਾਣਿਆ ਜਾ ਸਕਦਾ ਹੈ। ਜੈਪੁਰ ਦੇ ਇੰਟਰਨੈਸ਼ਨਲ ਕਾਈਟ ਫੈਸਟੀਵਲ ਵਿਚ ਵੀ ਕਈ ਵਿਦੇਸ਼ੀ ਪਤੰਗਬਾਜ਼ੀ ਦਾ ਹੁਨਰ ਦਿਖਾਉਣ ਲਈ ਆਉਂਦੇ ਹਨ।

## ਤਿਉਹਾਰ ਦੀ ਵਿਸ਼ਵਵਿਆਪੀ ਧੂਮ

ਪਤੰਗ ਉਡਾਉਣ ਦੇ ਸ਼ੌਕੀਨ ਭਾਰਤ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਘੱਟ ਨਹੀਂ ਹਨ। ਚੀਨ ਦੇ ਵੇਈ ਫਾਂਗ ਸ਼ਹਿਰ ਵਿਚ ਅਪ੍ਰੈਲ ਵਿਚ ਪਤੰਗ ਫੈਸਟੀਵਲ ਦਾ ਜਸ਼ਨ ਮਨਾਇਆ ਜਾਂਦਾ ਹੈ। ਲੋਕ ਉੱਚੀਆਂ ਪਤੰਗਾਂ ਨੂੰ ਦੇਖਣ ਲਈ ਆਉਂਦੇ ਹਨ, ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਉੱਚੀ ਉੱਡਦੀਆਂ ਪਤੰਗਾਂ ਦੀ ਨਿਗਰਾਨੀ ਨਾਲ ਉਨ੍ਹਾਂ ਦੀਆਂ ਅੱਖਾਂ ਹਮੇਸ਼ਾ ਚੰਗੀਆਂ ਹੁੰਦੀਆਂ ਹਨ। ਯੂ.ਕੇ. ਵਿਚ ਅਗਸਤ ਦੇ ਦੂਜੇ ਹਫ਼ਤੇ ਪਤੰਗਾਂ ਦਾ ਤਿਉਹਾਰ ਹੁੰਦਾ ਹੈ, ਜਿੱਥੇ 3ਡੀ ਪਤੰਗਾਂ ਦਾ ਕ੍ਰੇਜ਼ ਜ਼ਿਆਦਾ ਹੁੰਦਾ ਹੈ। ਆਸਟ੍ਰੇਲੀਆ ਵਿਚ ਸਤੰਬਰ ਵਿਚ ਸਭ ਤੋਂ ਵੱਡਾ ਪਤੰਗੋਤ ਮਨਾਇਆ ਜਾਂਦਾ ਹੈ। ਗਵਾਟੇਮਾਲਾ ਵਿਚ ਪਤੰਗਾਂ ਦਾ ਤਿਉਹਾਰ 15 ਤੋਂ 20 ਮੀਟਰ ਚੌੜੇ ਉੱਚੇ ਪਤੰਗਾਂ ਲਈ ਮਸ਼ਹੂਰ ਹੈ। ਇੰਡੋਨੇਸ਼ੀਆ ਵਿਚ ਅਕਤੂਬਰ ਦੇ ਤੀਜੇ ਹਫ਼ਤੇ ਮਨਾਇਆ ਜਾਣ ਵਾਲਾ ਕਾਈਟ ਫੈਸਟੀਵਲ ਲੰਬੇ ਚੌੜੇ ਪਤੰਗਾਂ ਤੋਂ ਇਲਾਵਾ 100 ਮੀਟਰ ਲੰਬੇ ਪੁੱਛਣ ਕਾਰਨ ਬੱਚਿਆਂ ਵਿਚ ਬਹੁਤ ਪਿਆਰਾ ਹੈ। ਦੱਖਣੀ ਅਫ਼ਰੀਕਾ ਅਤੇ ਇਟਲੀ ਵਿਚ ਵੀ ਪਤੰਗਾਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਅਮਰੀਕਾ ਵਿਚ, ਜਿਲਕਰ ਕਾਈਟ ਫੈਸਟੀਵਲ ਮਾਰਚ ਵਿਚ ਮਨਾਇਆ ਜਾਂਦਾ ਹੈ।

## ਅਲਬੇਲੇ ਕਹਾਣੀਆਂ

ਸ਼ੁਰੂ ਵਿਚ ਪਤੰਗਾਂ ਨੂੰ ਸੁਨੇਹਿਆਂ ਦੇ ਆਦਾਨ-ਪ੍ਰਦਾਨ ਲਈ ਉਡਾਇਆ ਜਾਂਦਾ ਸੀ। ਜਪਾਨ ਵਿਚ ਇੱਕ ਪਤੰਗਬਾਜ਼ ਦੇ ਇੱਕੋ ਲਾਈਨ ਵਿਚ ਸਭ ਤੋਂ ਵੱਧ 11,284 ਪਤੰਗ ਉਡਾਉਣ ਦਾ ਰਿਕਾਰਡ ਹੈ। ਇਹ ਵੀ ਕਹਿੰਦੇ ਹਨ ਕਿ ਹਰ ਹਫਤੇ ਦੇ ਅੰਤ ਵਿਚ ਦੁਨੀਆਂ ਵਿਚ ਕਿਤੇ ਨਾ ਕਿਤੇ ਪਤੰਗ ਤਿਉਹਾਰ ਹੁੰਦਾ ਹੈ। 180 ਘੰਟੇ ਨਿਰੰਤਰ ਉੱਚਾਈ ’ਤੇ ਪਤੰਗ ਉਡਾਉਣ ਦਾ ਰਿਕਾਰਡ ਹੈ। ਕਾਗਜ਼ ਦੀ ਖੋਜ ਤੋਂ 1000 ਸਾਲ ਪਹਿਲਾਂ, ਬਾਂਸ ਦੇ ਕੱਪੜਿਆਂ ਨਾਲ ਬਣੀਆਂ ਪਤੰਗਾਂ ਬਣਾਈਆਂ ਗਈਆਂ ਸਨ। ਸਭ ਤੋਂ ਵੱਡਾ ਪਤੰਗ 630 ਵਰਗ ਮੀਟਰ ਅਤੇ ਲੰਮਾ ਪਤੰਗ 1034 ਮੀਟਰ ਦਾ ਬਣਾਇਆ ਗਿਆ ਸੀ। 1760 ਵਿਚ ਜਦੋਂ ਜਪਾਨ ਵਿਚ ਪਤੰਗਬਾਜ਼ੀ ਨੂੰ ਰੋਕ ਦਿੱਤਾ ਗਿਆ ਸੀ, ਤਾਂ ਅਜਿਹਾ ਇੱਕ ਵਾਕ ਵੀ ਹੋਇਆ ਸੀ ਕਿਉਂਕਿ ਲੋਕ ਕੰਮ ਕਰਨ ਦੀ ਬਜਾਏ ਜ਼ਿਆਦਾ ਪਤੰਗ ਉਡਾਉਂਦੇ ਸਨ।

ਐਸੋਚੇਮ ਦੇ ਅਨੁਸਾਰ, ਭਾਰਤ ਵਿਚ 1200 ਕਰੋੜ ਰੁਪਏ ਦਾ ਪਤੰਗ ਬਾਜ਼ਾਰ ਹੈ। ਦੇਸ਼ ਭਰ ਵਿਚ 70 ਹਜ਼ਾਰ ਤੋਂ ਵੱਧ ਕਾਰੀਗਰ ਪਤੰਗ ਬਾਜ਼ਾਰ ਨਾਲ ਜੁੜੇ ਹੋਏ ਹਨ। ਪਰ 2020 ਵਿਚ ਮੰਦੀ ਦਾ ਮਾਹੌਲ ਸੀ। ਇੱਕ ਵੱਡੇ ਆਕਾਰ ਦੀ ਚੱਕਰ ਵਿਚ ਲਗਭਗ 900 ਮੀਟਰ ਮੰਜਾ ਹੁੰਦਾ ਹੈ।

## ਕਵਿਤਾਵਾਂ ਵਿਚ ਪਤੰਗ

ਇੱਕ ਸਮਾਂ ਸੀ ਜਦੋਂ ਮਨੋਰੰਜਨ ਦੇ ਸਾਧਨਾਂ ਵਿਚ ਪਤੰਗ ਉਡਾਉਣ ਦਾ ਸ਼ੌਕ ਜਨੂੰਨ ਵਾਂਗ ਸੀ। ਪਰ ਸਮੇਂ ਦੀ ਘਾਟ ਅਤੇ ਘਰਾਂ ਵਿਚ ਫਲੈਟ ਸੱਭਿਆਚਾਰ ਦੇ ਕਾਰਨ ਖੁੱਲ੍ਹੀਆਂ ਥਾਵਾਂ ਦੀ ਘਾਟ ਵਰਗੇ ਕਾਰਨਾਂ ਕਰਕੇ ਪਤੰਗਬਾਜ਼ੀ ਕੁਝ ਘੱਟ ਗਈ ਹੈ। ਹਾਲਾਂਕਿ, ਭਾਰਤ ਦੀ ਪਤੰਗਬਾਜ਼ੀ ਦੀ ਪ੍ਰਸਿੱਧੀ ਦੀਆਂ ਅਜਿਹੀਆਂ ਮਸ਼ਹੂਰ ਕਹਾਣੀਆਂ ਹੋਈਆਂ ਕਿ ਕਈ ਕਵੀਆਂ ਨੇ ਇਸ ਸਾਦੇ ਹਵਾ ਵਿਚ ਉੱਡਣ ਵਾਲੇ ਪਤੰਗਾਂ ਨੂੰ ਆਪਣੇ ਗੀਤਾਂ ਅਤੇ ਕਵਿਤਾਵਾਂ ਵਿਚ ਸਥਾਨ ਦਿੱਤਾ।


## ਜ਼ਿੰਦਗੀ ਜੀਉਣ ਦੀ ਕਲਾ

ਇਹ ਛੋਟਾ ਜਿਹਾ ਮਨੋਰੰਜਨ ਮੰਤਰ, ਜੋ ਕਿ ਇੱਕ ਰੱਸੀ ’ਤੇ ਉੱਡਦਾ ਹੈ, ਸਾਨੂੰ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਦਾ ਹੈ। ਇੱਕ ਡੋਰ ’ਤੇ ਭਰੋਸਾ ਕਰਕੇ ਅਸਮਾਨ ਨੂੰ ਛੂਹਣ ਦੀ ਪ੍ਰੇਰਣਾ ਪਤੰਗ ਤੋਂ ਸਿੱਖੀ ਜਾ ਸਕਦੀ ਹੈ। ਪਤੰਗਬਾਜ਼ ਪਤੰਗ ਦੇ ਹੇਠਾਂ ਆਉਣ ’ਤੇ ਹਵਾ ਦਾ ਰੁਝਾਨ ਪਛਾਣ ਕੇ ਫਿਰ ਉਡਾਉਂਦਾ ਹੈ। ਜਿਵੇਂ ਹੀ ਸਫਲਤਾ ਮਿਲਦੀ ਹੈ, ਉਹ ਬੇਪ੍ਰਵਾਹ ਉੱਡਦਾ ਹੈ। ਯਾਨੀ ਇੱਕ-ਦੋ ਵਾਰ ਨਾਕਾਮੀ ਮਿਲਣ ’ਤੇ ਵੀ ਪਤੰਗਬਾਜ਼ ਦੇ ਉਤਸ਼ਾਹ ਵਿਚ ਕੋਈ ਕਮੀ ਨਹੀਂ ਆਉਂਦੀ। ਪਤੰਗ ਆਪਣੇ ਸਹੀ ਬੰਨ੍ਹੇ ਹੋਏ ਤਲਾਮਾਂ ਦੇ ਕਾਰਨ ਹਵਾ ਵਿਚ ਸੰਤੁਲਨ ਬਣਾਉਂਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਮਨੁੱਖਾਂ ਨੂੰ ਆਪਣੇ ਰਿਸ਼ਤਿਆਂ ਵਿਚ ਸੰਤੁਸ਼ਟੀ ਬਣਾਉਣ ਲਈ ਪ੍ਰੇਰਿਤ ਕਰਦੀ ਹੈ। ਅਸਮਾਨ ਵਿਚ ਉੱਡ ਰਹੇ ਦੂਜੇ ਪਤੰਗਾਂ ਤੋਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ, ਪਤੰਗ ਆਪਣੇ ਬਚਾਅ ਲਈ ਦਿਮਾਗੀ ਲੜਾਈ ਲੜਦਾ ਹੈ। ਉਹ ਦੂਜੀ ਪਤੰਗ ਨੂੰ ਕੱਟ ਕੇ ਫਿਰ ਉੱਚੀ ਉੱਡਦੀ ਹੈ, ਅਤੇ ਉੱਚੀ ਉਡਾਣ ਤੋਂ ਬਾਅਦ ਪਤੰਗਬਾਜ਼ ਨੂੰ ਬਹੁਤ ਸਾਰੀਆਂ ਖੁਸ਼ੀਆਂ ਦਿੰਦੀ ਹੈ। ਯਾਨੀ ਕਿ ਇਹ ਛੋਟੀ ਜਿਹੀ ਪਤੰਗ ਮਨੁੱਖਾਂ ਨੂੰ ਕਿੰਨਾ ਕੁਝ ਸਿਖਾਉਂਦੀ ਹੈ।

## ਕੁਝ ਗੱਲਾਂ

ਪਤੰਗ ਉਡਾਉਣ ਦਾ ਸਥਾਨ ਚੁਣਦੇ ਸਮੇਂ ਛੱਤਾਂ ਦੀਆਂ ਮੁੰਡਰਾਂ ਦਾ ਖਾਸ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਚੀਨ ਦੀ ਡੋਰ ਕਦੇ ਨਾ ਵਰਤੋ, ਕਿਉਂਕਿ ਡੋਰ ਨੂੰ ਪੱਕਾ ਕਰਨ ਲਈ ਕੱਚ ਦੀ ਵਰਤੋਂ ਕਰਨਾ ਜਾਨਲੇਵਾ ਹੋ ਸਕਦਾ ਹੈ। ਪਤੰਗ ਉਡਾਉਣ ਤੋਂ ਪਹਿਲਾਂ ਜੇਕਰ ਕੋਈ ਚਮੜੀ ਦੀ ਸਮੱਸਿਆ ਹੋਵੇ, ਤਾਂ ਸਨਸਕ੍ਰੀਨ ਅਤੇ ਗੌਗਲਸ ਦੀ ਵਰਤੋਂ ਕਰ ਸਕਦੇ ਹਨ।

# ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਕਿ ਪੰਨਾ?



ਜਸਵਿੰਦਰ ਸਿੰਘ ਰੁਪਾਲ
ਲੁਧਿਆਣਾ
+91-98147-15796
ਪੰਜਾਬ ਮੇਲ USA



ਮਨੁੱਖਤਾ ਦੇ ਚਾਨਣ ਮੁਨਾਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ ਵਿਚ ਸ਼ਰਧਾ ਅਤੇ ਵਿਸ਼ਵਾਸ਼ ਰੱਖਣ ਵਾਲੀ ਸਿੱਖ ਕੌਮ ਨੇ ਬਹੁਤ ਸਤਿਕਾਰ ਦਿੱਤਾ ਸੀ, ਦੇ ਰਹੀ ਹੈ ਅਤੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਭਵਿੱਖ ਵਿਚ ਵੀ ਇਹ ਸਤਿਕਾਰ ਦਿੰਦੀ ਰਹੇਗੀ। ਕੋਈ ਸ਼ੱਕ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ ਅਤੇ ਇਨ੍ਹਾਂ ਦੀ ਆਨ, ਸ਼ਾਨ ਲਈ ਹਰ ਗੁਰਸਿੱਖ ਆਪਣੇ ਤਨੋਂ, ਮਨੋਂ ਪੂਰੀ ਵਾਹ ਲਗਾਉਂਦਾ ਹੈ ਅਤੇ ਲੋੜ ਪੈਣ 'ਤੇ ਇਸਦੇ ਸਤਿਕਾਰ ਅਤੇ ਆਨ, ਸ਼ਾਨ ਦੀ ਖਾਤਰ ਆਪਣੀਆਂ ਜਾਨਾਂ 'ਤੇ ਖੇਡਣ ਤੋਂ ਵੀ ਗੁਰਸਿੱਖ ਕਦੇ ਪਿੱਛੇ ਨਹੀਂ ਰਹੇ। ਇਸ 'ਤੇ ਮਾਣ ਕੀਤਾ ਜਾ ਸਕਦਾ ਹੈ ਅਤੇ ਸਾਰੀ ਦੁਨੀਆਂ ਨੂੰ ਸਾਡੇ ਇਸ ਸਤਿਕਾਰ ਬਾਰੇ ਗਿਆਨ ਵੀ ਹੈ।

ਪਰ ਗੁਰਬਾਣੀ ਸਾਨੂੰ ਕੀ ਸਮਝਾ ਰਹੀ ਹੈ, ਸਾਡਾ ਇਤਿਹਾਸ ਸਾਨੂੰ ਕੀ ਸਿਖਾ ਰਿਹਾ ਹੈ? ਉਸ ਨੂੰ ਭੁੱਲ ਕੇ ਜੋ ਅਸੀਂ ਕੁਝ ਰੀਤਾਂ ਨੂੰ, ਮਰਿਯਾਦਾ ਨੂੰ ਹੀ ਸਭ ਕੁਝ ਸਮਝ ਕੇ ਉਸ 'ਤੇ ਬੇਲੋੜਾ ਵਿਵਾਦ ਕਰਦੇ ਹਾਂ ਅਤੇ ਗਿਆਨ ਨੂੰ ਗੁਰੂ ਨਾ ਮੰਨ ਕੇ ਸਿਰਫ ਉਸਦੇ ਕਿਤਾਬੀ ਰੂਪ ਨੂੰ ਗੁਰੂ ਮੰਨ ਕੇ ਵਿਚਰਦੇ ਹਾਂ, ਤਾਂ ਗਿਆਨ ਤੋਂ ਸੇਧ ਲੈਣ ਵਾਲੇ ਅਤੇ ਗੁਰਬਾਣੀ ਅਤੇ ਇਤਿਹਾਸ ਦੀ ਸੋਝੀ ਰੱਖਣ ਵਾਲੇ ਹਰ ਹਿਰਦੇ ਨੂੰ ਦੁੱਖ ਲੱਗਦਾ ਹੈ। ਅੱਜ ਆਪਾਂ ਸਿਰਫ ਇਸ ਪੱਖ 'ਤੇ ਕੇਂਦਰਿਤ ਹੋਵਾਂਗੇ ਕਿ ਕੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਨੂੰ ਅੰਗ ਕਹਿਣਾ ਜਾਇਜ਼ ਹੈ?

**ਪ੍ਰਗਟ ਗੁਰਾਂ ਕੀ ਦੇਹ ਦਾ ਸੰਕਲਪ :-** ਇਸ ਬਿਰਤੀ ਦਾ ਆਰੰਭ ਗੁਰੂ ਮਾਨਿਓ ਗ੍ਰੰਥ ਦੇ ਸੰਕਲਪ ਨੂੰ ਠੀਕ ਤਰ੍ਹਾਂ ਨਾ ਸਮਝੇ ਜਾਣ ਤੋਂ ਪੈਦਾ ਹੋਇਆ ਹੈ। ਜੇ ਆਪਾਂ ਇਸ ਦੇ ਪਿਛੋਕੜ ਵੱਲ ਧਿਆਨ ਦੇਈਏ, ਤਾਂ ਅੱਜ ਵੀ ਅਰਦਾਸ ਦੇ ਅਖੀਰ 'ਤੇ ਪੜ੍ਹਿਆ ਜਾਣ ਵਾਲਾ ਹੇਠ ਲਿਖਿਆ ਦੋਹਿਰਾ ਵਿਚਾਰਨਾ ਜ਼ਰੂਰੀ ਹੈ:-

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ॥
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹ॥.........

ਇਹ ਗੱਲ ਤਾਂ ਭਰੋਸੇ ਨਾਲ ਆਖੀ ਜਾ ਸਕਦੀ ਹੈ ਅਤੇ ਇਤਿਹਾਸਕ ਸਬੂਤ ਵੀ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦੀ ਤਾਕੀਦ ਕੀਤੀ ਸੀ ਅਤੇ ਇਹ ਵੀ ਸੱਚ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਉਸੇ ਤਰ੍ਹਾਂ ਮੱਥਾ ਟੇਕਿਆ ਸੀ, ਜਿਵੇਂ ਪਹਿਲੇ ਗੁਰੂ ਸਾਹਿਬਾਨ, ਗੁਰਗੱਦੀ ਦੇਣ ਸਮੇਂ ਗੱਦੀ ਦੇ ਅਧਿਕਾਰੀ ਨੂੰ ਮੱਥਾ ਟੇਕਦੇ ਸਨ।

ਸ਼ਾਇਦ ਸਾਰੇ ਸਿੱਖਾਂ ਨੂੰ ਇਸ ਗੱਲ ਦਾ ਇਲਮ ਨਹੀਂ ਕਿ ਉਪਰੋਕਤ ਸਤਰਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਚਾਰੀਆਂ ਹੋਈਆਂ ਨਹੀਂ ਹਨ। ਇਹ ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ 'ਤੇ ਆਧਾਰਿਤ ਹਨ। ਭਾਈ ਪ੍ਰਹਿਲਾਦ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਰਹੇ ਹਨ। ਉਨ੍ਹਾਂ ਵਲੋਂ ਲਿਖੇ ਰਹਿਤਨਾਮੇ ਵਿਚ ਇਹ ਪੰਕਤੀਆਂ ਕੁਝ ਫਰਕ ਨਾਲ ਇਸ ਤਰ੍ਹਾਂ ਹਨ:-

ਪੰਥ ਚਲਯੋ ਹੈ ਜਗਤ ਮੈ ਗੁਰ ਨਾਨਕ ਪ੍ਰਸਾਦਿ॥
ਰਹਤ ਬਤਾਈਏ ਖਾਲਸੇ ਸੁਣ ਭਾਈ ਪ੍ਰਹਲਾਦ॥
........................
ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ॥
........................
ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹ॥
ਜੋ ਸਿਖ ਮੋ ਮਿਲਬੋ ਚਹੈ ਖੋਜ ਇਨਹੁ ਮਹਿ ਲੇਹੁ॥

-------------------------

ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ 1867 ਈਸਵੀ ਵਿਚ ਛਪਿਆ। (ਭਾਸ਼ਾ ਵਿਭਾਗ ਪੰਜਾਬ) ਉਸ ਦੇ ਪੰਨਾ 353 'ਤੇ ਉਕਤ ਦੋਹਿਰਾ ਇਸ ਤਰ੍ਹਾਂ ਲਿਖਿਆ ਹੈ:-

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈਂ ਲੇਹ॥
ਜਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ॥
ਜਗਮਗ ਜੋਤ ਬਿਰਾਜਹੀ ਸ੍ਰੀ ਗੁਰੁ ਗ੍ਰੰਥ ਮਝਾਰ॥
ਜੋ ਦਰਸਿਯੋ ਚਹਿ ਗੁਰੂ ਕੇ ਸੋ ਦਰਸੈ ਗੁਰੁ ਗ੍ਰੰਥ॥
ਪਢੈ ਸੁਨੈ ਸਾਰਥ ਲਹੈ ਪਰਮਾਰਥ ਕੋ ਪੰਥ॥

-------------------------

ਭਾਈ ਪ੍ਰਹਲਾਦ ਸਿੰਘ ਜੀ ਦੇ ਰਹਿਤਨਾਮੇ ਵਿਚ ਵੀ ਕਾਫੀ ਤਬਦੀਲੀਆਂ ਹੁੰਦੀਆਂ ਆਈਆਂ ਹਨ ਅਤੇ ਭਾਈ ਕਾਹਨ ਸਿੰਘ ਨਾਭਾ ਜੀ ਦੇ ਅਨੁਸਾਰ ਗਿਆਨੀ ਗਿਆਨ ਸਿੰਘ ਜੀ ਦਾ "ਪੰਥ ਪ੍ਰਕਾਸ਼" ਵੀ ਰਤਨ ਸਿੰਘ ਭੰਗੂ, ਕਵਿ ਨਿਹਾਲ ਸਿੰਘ ਅਤੇ ਹੋਰ ਲਿਖਾਰੀਆਂ ਦੀਆਂ ਲਿਖਤਾਂ ਤੋਂ ਚੋਰੀ ਕਰਕੇ ਤਿਆਰ ਕੀਤਾ ਹੋਇਆ ਹੈ।

ਵਧੇਰੇ ਵਿਸਥਾਰ ਵਿਚ ਨਾ ਜਾਈਏ, ਤਾਂ ਪਹਿਲੀ ਗੱਲ ਕਿ ਦੋਵੇਂ ਸਰੋਤ ਪ੍ਰਮਾਣਿਤ ਨਹੀਂ ਹਨ। ਦੂਜੀ ਗੱਲ ਜੋ ਨਜ਼ਰ ਆ ਰਹੀ ਹੈ ਕਿ ਗਿਆਨੀ ਗਿਆਨ ਸਿੰਘ ਨੇ ਗੁਰੂ ਖਾਲਸਾ ਮਾਨੀਅਹਿ ਨੂੰ ਗੁਰੂ ਗ੍ਰੰਥ ਜੀਂ ਮਾਨਿਓ ਕਰ ਦਿੱਤਾ ਹੈ। ਹੇਠਾਂ ਦਿੱਤੀ ਹੋਰ ਵਿਚਾਰ ਤੋਂ ਸਪੱਸ਼ਟ ਹੋ ਜਾਏਗਾ ਕਿ ਗੁਰੂ ਖਾਲਸਾ ਠੀਕ ਸੀ ਜਾਂ ਗੁਰੂ ਗ੍ਰੰਥ?

ਕੋਈ ਸ਼ੱਕ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ ਅਤੇ ਇਨ੍ਹਾਂ ਦੀ ਆਨ, ਸ਼ਾਨ ਲਈ ਹਰ ਗੁਰਸਿੱਖ ਆਪਣੇ ਤਨੋਂ, ਮਨੋਂ ਪੂਰੀ ਵਾਹ ਲਗਾਉਂਦਾ ਹੈ ਅਤੇ ਲੋੜ ਪੈਣ 'ਤੇ ਇਸਦੇ ਸਤਿਕਾਰ ਅਤੇ ਆਨ, ਸ਼ਾਨ ਦੀ ਖਾਤਰ ਆਪਣੀਆਂ ਜਾਨਾਂ 'ਤੇ ਖੇਡਣ ਤੋਂ ਵੀ ਗੁਰਸਿੱਖ ਕਦੇ ਪਿੱਛੇ ਨਹੀਂ ਰਹੇ। ਇਸ 'ਤੇ ਮਾਣ ਕੀਤਾ ਜਾ ਸਕਦਾ ਹੈ ਅਤੇ ਸਾਰੀ ਦੁਨੀਆਂ ਨੂੰ ਸਾਡੇ ਇਸ ਸਤਿਕਾਰ ਬਾਰੇ ਗਿਆਨ ਵੀ ਹੈ।

**ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਬਚਨ :-** ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਨੰਦੇੜ ਵਿਖੇ ਸਿੱਖਾਂ ਨੇ ਪੁੱਛਿਆ ਸੀ ਕਿ ਤੁਹਾਡੇ ਤੋਂ ਬਾਅਦ ਸਾਡੀ ਅਗਵਾਈ ਕੌਣ ਕਰੇਗਾ? ਤਾਂ ਗੁਰੂ ਜੀ ਨੇ ਫੁਰਮਾਇਆ ਸੀ, "ਮੇਰਾ ਸਰੀਰ ਖਾਲਸੇ ਵਿਚ ਅਤੇ ਆਤਮਾ ਗੁਰੂ ਗ੍ਰੰਥ ਜੀ ਵਿਚ।"

ਦੋ ਸਰੋਤਾਂ ਦਾ ਹੋਰ ਜ਼ਿਕਰ ਕਰਨਾ ਜ਼ਰੂਰੀ ਹੈ।

ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਗੁਰਬਾਣੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਲਿਖਿਆ ਹੈ:-

ਮੇਰਾ ਰੂਪ ਗ੍ਰੰਥ ਜੀ ਜਾਣ॥
ਇਸ ਮੈ ਭੇਤ ਨਹੀਂ ਕੁਛ ਮਾਨ॥
ਅਤੇ ਇਸੇ ਵਿਚ ਅੱਗੇ ਲਿਖਿਆ ਹੈ
ਤੀਸਰਾ ਰੂਪ ਸਿੱਖ ਹੈ ਮੋਰ॥
ਗੁਰਬਾਣੀ ਰਤ ਜਿਹ ਨਿਸਿ ਭੋਰ॥

ਇਸ ਵਿਚ ਗ੍ਰੰਥ ਨੂੰ ਗੁਰੂ ਕਿਹਾ ਹੈ ਪਰ ਤੀਸਰਾ ਰੂਪ ਸਿੱਖ ਨੂੰ ਵੀ ਕਿਹਾ ਗਿਆ ਹੈ।

ਕਵੀ ਸੈਨਾਪਤਿ ਦੁਆਰਾ ਲਿਖੀ ਗੁਰੂ ਸ਼ੋਭਾ ਅਨੁਸਾਰ:-

ਭਰਮ ਭੇਖ ਤੇ ਰਹੇ ਨਿਆਰਾ॥
ਸੋ ਖਾਲਸਾ ਸਤਿਗੁਰੂ ਹਮਾਰਾ॥

ਜੋ ਖਾਲਸਾ ਗੁਰਬਾਣੀ ਅਨੁਸਾਰ ਜੀਵਨ ਜਿਊ ਰਿਹਾ ਹੈ, ਭਰਮ ਭੇਖ ਤੋਂ ਦੂਰ ਹੈ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਆਪਣਾ ਰੂਪ ਹੀ ਨਹੀਂ, ਸਗੋਂ ਆਪਣਾ ਸਤਿਗੁਰੂ ਵੀ ਆਖਦੇ ਹਨ।

**ਗ੍ਰੰਥ ਸਾਹਿਬ ਜੀ ਵਿਚ ਤਤਕਰਾ :-** ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਸੰਪੂਰਨ ਕਰਵਾਇਆ, ਤਾਂ ਉਸ ਦੇ ਆਰੰਭ ਵਿਚ ਉਨ੍ਹਾਂ ਨੇ ਤਤਕਰਾ ਵੀ ਲਿਖਵਾਇਆ। ਉਨ੍ਹਾਂ ਨੇ ਉਸ ਤਤਕਰੇ ਵਿਚ ਸ਼ਬਦ "ਪੰਨਾ" ਵਰਤਿਆ ਹੈ ਅਤੇ ਇਹੀ ਪ੍ਰਥਾ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਾਲੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬੀੜ ਸਮੇਂ ਵੀ ਵਰਤੀ ਗਈ ਸੀ।

ਕੀ ਗੁਰੂ ਅਰਜਨ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਣੀ ਦਾ ਸਤਿਕਾਰ ਨਹੀਂ ਕਰਦੇ ਸਨ? ਜਾਂ ਅਸੀਂ ਆਪਣੇ ਆਪ ਨੂੰ ਉਨ੍ਹਾਂ ਤੋਂ ਵੀ ਵੱਡਾ ਸ਼ਰਧਾਲੂ ਮੰਨਦੇ ਹਾਂ? ਸੋ, ਸ਼ਰਧਾਲੂ ਸਿੱਖਾਂ ਤੋਂ ਮੁਆਫੀ ਮੰਗਦਾ ਹੋਇਆ ਬੇਨਤੀ ਕਰਦਾ ਹਾਂ ਕਿ ਗੁਰਬਾਣੀ ਸ਼ਬਦਾਂ ਦਾ ਜ਼ਿਕਰ ਕਰਨ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਹੀ ਲਿਖੋ ਅਤੇ ਬੋਲੋ। ਅੰਗ ਕਹਿਣ ਨਾਲ ਅਸੀਂ ਜਾਣੇ-ਅਣਜਾਣੇ ਵਿਚ ਇੱਕ ਵੱਡਾ ਗੁਨਾਹ ਕਰ ਰਹੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਦੇ ਬਰਾਬਰ ਤੁਲਨਾ ਦੇ ਰਹੇ ਹਾਂ। ਜਦੋਂਕਿ ਗੁਰਬਾਣੀ ਅਨੁਸਾਰ ਸ਼ਬਦ ਸਾਡਾ ਗੁਰੂ ਹੈ। ਉਸ ਸ਼ਬਦ ਤੋਂ ਅਸੀਂ ਗਿਆਨ ਲੈਣਾ ਹੈ। ਉਸ ਨੂੰ ਹਿਰਦੇ ਵਿਚ ਵਸਾਉਣਾ ਹੈ। (ਸਾਡੇ ਵਿਰੋਧੀ ਨੇ ਸਾਡੀ ਇਹੀ ਰਗ 'ਤੇ ਹੱਥ ਧਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅੱਗਾਂ ਲਗਵਾਈਆਂ ਹਨ ਜਾਂ ਪੱਤਰੇ ਪਾੜਨ ਦੀ ਘਟੀਆ ਕੋਸ਼ਿਸ਼ ਕੀਤੀ ਹੈ।)

**ਅੰਗ ਗ੍ਰੰਥ ਦੇ ਜਾਂ ਪੰਥ ਦੇ? -** ਗੁਰੂ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮਾ ਕਿਹਾ ਸੀ ਅਤੇ ਖਾਲਸੇ ਨੂੰ ਆਪਣਾ ਸਰੀਰ। ਹੁਣ ਅੰਗ ਤਾਂ ਸਰੀਰ ਦੇ ਹੁੰਦੇ ਹਨ, ਆਤਮਾ ਦੇ ਤਾਂ ਅੰਗ ਨਹੀਂ ਹੁੰਦੇ। ਖਾਲਸਾ ਆਪਣੇ ਅੰਗਾਂ ਦੀ ਵਧੀਆ ਸੰਭਾਲ ਕਰ ਰਿਹਾ ਹੈ, ਕੋਈ ਸ਼ੱਕ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦੇ ਪੁਸਤਕ ਰੂਪ ਦੇ ਪੰਨਿਆਂ ਨੂੰ ਜਦੋਂ ਅੰਗ ਆਖਾਂਗੇ, ਤਾਂ ਅਸੀਂ ਅਚੇਤ ਹੀ ਗੁਰੂ ਗ੍ਰੰਥ ਜੀ ਨੂੰ ਇੱਕ ਮੂਰਤੀ ਵਾਂਗ ਸਿੱਧ ਕਰ ਰਹੇ ਹੋਵਾਂਗੇ। ਗੁਰੂ ਗ੍ਰੰਥ ਨੂੰ ਦੇਹ ਮੰਨਣ ਦੇ ਇਸ ਸੰਕਲਪ ਨੇ ਹੀ ਸਿੱਖਾਂ ਦੇ ਇੱਕ ਹਿੱਸੇ ਵਲੋਂ ਕੜਾਹ ਪ੍ਰਸ਼ਾਦਿ ਦੀ ਦੇਗ ਨੂੰ ਕਿਰਪਾਨ ਭੇਟ ਕਰਨ ਸਮੇਂ ਅਰਦਾਸ ਵਿਚ "ਆਪ ਜੀ ਨੂੰ ਭੋਗ ਲੱਗੇ" ਕਹਿਣ ਲਗਾ ਦਿੱਤਾ ਹੈ। ਇਸੇ ਸੋਚ ਨੇ ਗਰਮੀਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੱਖੇ, ਕੂਲਰ ਅਤੇ ਏ.ਸੀ. ਵਿਚ ਰੱਖਿਆ ਅਤੇ ਸਰਦੀਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਤੇ ਕੰਬਲ, ਰਜਾਈਆਂ ਦਿੰਦੇ ਦੇਖਦੇ ਹਾਂ। ਪਿੱਛੇ ਜਿਹੇ ਸੁਣਨ ਵਿਚ ਆਇਆ ਸੀ (ਠੀਕ ਜਾਂ ਗਲਤ?) ਕਿ ਇੰਗਲੈਂਡ ਵਿਚ ਅਜਿਹਾ ਸਰੂਪ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੇ ਪੰਨਿਆਂ ਨੂੰ ਪਾਣੀ ਨਾਲ ਧੋਤਾ ਵੀ ਜਾ ਸਕੇਗਾ। ਅਜਿਹੀਆਂ ਗੱਲਾਂ ਕਰਨ ਨਾਲ ਅਸੀਂ ਗੁਰਬਾਣੀ ਦਾ ਸਤਿਕਾਰ ਕਰ ਰਹੇ ਹੋਵਾਂਗੇ ਜਾਂ ਅਪਮਾਨ?

ਸੋ ਸਾਨੂੰ ਲੋੜ ਤੋਂ ਵੱਧ ਸ਼ਰਧਾ ਨੂੰ ਛੱਡ ਦੇਣਾ ਚਾਹੀਦਾ ਹੈ। ਗੁਰਬਾਣੀ-ਗੁਰੂ ਸ਼ਰਧਾ ਨਾਲੋਂ ਗਿਆਨ ਨੂੰ ਉੱਚਾ ਦਰਜਾ ਦਿੰਦਾ ਹੈ। ਹੋਰ ਬਹੁਤ ਮਸਲੇ ਵਿਚਾਰ ਕਰਨ ਵਾਲੇ ਹਨ, ਸਤਿਕਾਰ ਨਾਲ ਸੰਬੰਧਿਤ, ਪਰ ਇਸ ਸਮੇਂ ਇੱਕ ਨੁਕਤੇ 'ਤੇ ਹੀ ਕੇਂਦਰਿਤ ਹਾਂ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਨੂੰ ਪੰਨਾ ਹੀ ਆਖਣਾ ਚਾਹੀਦਾ ਹੈ, ਅੰਗ ਨਹੀਂ। ਇੱਕ ਸਵਾਲ ਮਨ ਵਿਚ ਹੋਰ ਇਹ ਵੀ ਆਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਹੜੀ ਬਾਣੀ ਕੰਪਿਊਟਰ ਵਿਚ, ਲੈਪਟਾਪ ਵਿਚ ਅਤੇ ਮੋਬਾਇਲ ਵਿਚ ਹੈ, ਉਸ ਦੇ ਪੰਨਿਆਂ ਨੂੰ ਅੰਗ ਕਿਵੇਂ ਆਖੋਗੇ? ਉਥੇ ਏ.ਸੀ. ਅਤੇ ਕੰਬਲ ਦੀ ਵਰਤੋਂ ਕਿਵੇਂ ਕਰੋਗੇ?



ਰਮੇਸ਼ ਬੱਗਾ ਚੋਹਲਾ
ਲੁਧਿਆਣਾ
ਮੋ: 94631-32719
ਪੰਜਾਬ ਮੇਲ USA


## (1 ਮਾਘ (14 ਜਨਵਰੀ) ਨੂੰ ਮਨਾਏ ਜਾ ਰਹੇ ਸਾਲਾਨਾ ਸਮਾਗਮ 'ਤੇ)

# ਗੁਰਦੁਆਰਾ ਭਾਈ ਹੰਦਾਲ ਜੀ ਜੰਡਿਆਲਾ ਗੁਰੂ

ਸਿੱਖ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਜਗਤ ਗੁਰੂ ਨਾਨਕ ਦੇਵ ਜੀ ਨੇ ਬਹੁਤ ਸਾਰੇ ਵੱਡਮੁੱਲੇ ਅਤੇ ਅਣਥੱਕ (ਉਦਾਸੀਆਂ ਦੇ ਰੂਪ ਵਿਚ) ਯਤਨ ਕੀਤੇ ਸਨ। ਉਨ੍ਹਾਂ ਨੇ ਦੇਸ਼-ਵਿਦੇਸ਼ ਦਾ ਰਟਣ ਕਰਕੇ ਲੋਕਾਈ ਨੂੰ ਧਰਮ ਦੇ ਅਸਲੀ ਅਰਥ (ਸ਼ੁਭ ਅਮਲਾਂ 'ਤੇ ਆਧਾਰਿਤ) ਤੋਂ ਗਿਆਤ ਕਰਵਾਇਆ। ਧਰਮ ਪ੍ਰਚਾਰ ਦੇ ਇਸ ਮਹਾਨ ਕਾਰਜ ਦੀ ਲੜੀ ਨੂੰ ਬਾਕੀ ਗੁਰੂ ਸਾਹਿਬਾਨ ਵੱਲੋਂ ਵੀ ਜਾਰੀ ਰੱਖਿਆ ਗਿਆ। ਆਪੋ ਆਪਣੇ ਸਮੇਂ 'ਤੇ ਸਮਰੱਥਾ ਮੁਤਾਬਿਕ ਗੁਰੂ ਸਾਹਿਬਾਨ ਵੱਲੋ ਇਸ ਸਰਵ-ਸਾਂਝੀ ਵਿਚਾਰਧਾਰਾ ਦੇ ਫੈਲਾਅ ਲਈ ਵਿਸ਼ੇਸ਼ ਅਤੇ ਸਾਰਥਿਕ ਯਤਨ ਕੀਤੇ ਗਏ। ਇਨ੍ਹਾਂ ਯਤਨਾਂ ਵਿਚ ਹੀ ਸ਼ਾਮਲ ਹੈ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਗੁਰਮਤਿ ਦੇ ਪ੍ਰਚਾਰ ਹਿੱਤ ਕੀਤੀ ਗਈ 22 ਮੰਜੀਆਂ ਦੀ ਸਥਾਪਨਾ ਅਤੇ ਉਨ੍ਹਾਂ ਦੇ ਮੰਜੀਦਾਰਾਂ ਉਰਫ਼ ਪ੍ਰਚਾਰਕਾਂ ਦੀ ਨਿਯੁਕਤੀ। ਇਨ੍ਹਾਂ ਨਿਯੁਕਤੀਆਂ ਵਿਚ ਇੱਕ ਨਿਯੁਕਤੀ ਜ਼ਿਲ੍ਹਾ ਅੰਮ੍ਰਿਤਸਰ ਦੇ ਇਤਿਹਾਸਕ ਕਸਬੇ ਜੰਡਿਆਲਾ ਗੁਰੂ ਦੇ ਵਸਨੀਕ ਭਾਈ ਹੰਦਾਲ ਜੀ ਦੀ ਵੀ ਹੈ।

ਸਿੱਖੀ ਦੇ ਪ੍ਰਚਾਰ ਲਈ ਮੰਜੀਦਾਰ ਵੱਜੋਂ ਨਿਯੁਕਤ ਕੀਤੇ ਗਏ ਭਾਈ ਹੰਦਾਲ ਜੀ ਗੁਰੂ ਅਮਰਦਾਸ ਜੀ ਦੇ ਅਨਿੰਨ ਸੇਵਕ ਸਨ, ਜਿਨ੍ਹਾਂ ਨੂੰ ਮੰਜੀਦਾਰ ਦੀ ਸੇਵਾ ਸੌਂਪਣ ਤੋਂ ਪਹਿਲਾਂ ਗੁਰੂ ਸਾਹਿਬ ਵੱਲੋਂ ਗੁਰਮਤਿ ਦੀ ਪੂਰਨ ਸਿਖਲਾਈ ਦਿੱਤੀ ਗਈ ਸੀ।



*ਕਸਬਾ ਜੰਡਿਆਲਾ ਗੁਰੂ ਵਿਖੇ ਸਥਾਪਿਤ ਗੁਰਦੁਆਰਾ ਬਾਬਾ ਹੰਦਾਲ ਜੀ। (ਫੋਟੋ: ਡਾ. ਬਲਜੀਵਨ ਚੋਹਲਾ ਐੱਮ.ਡੀ. (ਰਜਿੰਦਰਾ ਹਸਪਤਾਲ, ਪਟਿਆਲਾ)*

ਸਿੱਖ ਧਰਮ ਦੇ ਮੁੱਖ ਪ੍ਰਚਾਰਕਾਂ ਵੱਜੋਂ ਸਤਿਕਾਰੇ ਜਾਂਦੇ ਭਾਈ ਹੰਦਾਲ ਜੀ ਦਾ ਜਨਮ ਕਸਬਾ ਜੰਡਿਆਲਾ ਦੇ ਵਸਨੀਕ ਭਾਈ ਗਾਜੀ ਅਤੇ ਮਾਤਾ ਸੁੱਖੀ ਦੇ ਘਰ ਹੋਇਆ। ਭਾਈ ਹੰਦਾਲ ਜੀ ਦਾ ਵਿਆਹ ਹਮਜ਼ੇ ਚਾਹਲ ਦੀ ਪੁੱਤਰੀ ਬੀਬੀ ਉੱਤਮੀ ਨਾਲ ਹੋਇਆ। ਇਨ੍ਹਾਂ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਬਿੱਧੀ ਚੰਦ ਰੱਖਿਆ ਗਿਆ।

ਇਕ ਵਾਰ ਭਾਈ ਹੰਦਾਲ ਜੀ ਤੀਸਰੇ ਨਾਨਕ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ-ਦੀਦਾਰੇ ਕਰਨ ਲਈ ਸ੍ਰੀ ਗੋਇੰਦਵਾਲ ਸਾਹਿਬ ਆਏ ਅਤੇ ਦਰਸ਼ਨ ਕਰਕੇ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਇਥੇ ਰਹਿ ਕੇ ਉਨ੍ਹਾਂ ਨੇ ਗੁਰੂ ਸਾਹਿਬ ਕੋਲੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ ਅਤੇ ਸਿੱਖੀ ਦੀ ਕਮਾਈ (ਸੇਵਾ ਤੇ ਸਿਮਰਨ ਰਾਹੀਂ) ਆਰੰਭ ਕਰ ਦਿੱਤੀ। ਭਾਈ ਹੰਦਾਲ ਜੀ ਰੋਜ਼ਾਨਾ ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ ਦ੍ਰਿੜ੍ਹ ਕਰਦੇ ਅਤੇ ਉਸ ਦੇ ਅਨੁਸਾਰ ਆਪਣਾ ਜੀਵਨ ਢਾਲਣ ਦਾ ਅਭਿਆਸ ਕਰਦੇ। ਗੁਰੂ ਅਮਰਦਾਸ ਜੀ ਦੀ ਕਿਰਪਾ ਅਤੇ ਆਪਣੀ ਲਗਨ ਨਾਲ ਭਾਈ ਸਾਹਿਬ ਹੁਣ ਪੂਰੀ ਤਰ੍ਹਾਂ ਗੁਰਮਤਿ ਦੇ ਗਿਆਤਾ ਬਣ ਗਏ ਸਨ। ਉਨ੍ਹਾਂ ਦੀ ਸੂਝ-ਬੂਝ ਅਤੇ ਅਭਿਆਸੀ ਜੀਵਨ ਨੂੰ ਦੇਖ ਕੇ ਤੀਸਰੇ ਪਾਤਸ਼ਾਹ ਵੱਲੋਂ ਉਨ੍ਹਾਂ ਨੂੰ ਜੰਡਿਆਲੇ ਦੇ ਇਲਾਕੇ ਦੀ ਮੰਜੀ ਉਰਫ਼ ਸਟੇਜ ਸੌਂਪ ਦਿੱਤੀ ਗਈ।

ਮੰਜੀਦਾਰ ਬਣਨ ਤੋਂ ਬਾਅਦ ਭਾਈ ਹੰਦਾਲ ਜੀ ਮਾਝੇ ਦੇ ਇਸ ਖੇਤਰ ਵਿਚ ਗੁਰਮਿਤ ਦਾ ਪ੍ਰਚਾਰ ਅਤੇ ਸਿੱਖੀ ਦੀ ਚੜ੍ਹਦੀਕਲਾ ਲਈ ਵੱਡੇ ਉਪਰਾਲੇ ਕਰਨ ਲੱਗੇ। ਭਾਈ ਸਾਹਿਬ ਦੇ ਉਪਰਾਲਿਆਂ ਦੀ ਬਦੌਲਤ ਜੰਡਿਆਲਾ ਹੁਣ ਗੁਰੂ ਕਾ ਅਖਵਾਉਣ ਲੱਗ ਪਿਆ। ਉਨ੍ਹਾਂ ਵੱਲੋਂ ਕੀਤੇ ਜਾ ਰਹੇ ਗੁਰਮਤਿ ਪ੍ਰਚਾਰ ਦੇ ਸਦਕਾ ਸੰਗਤ ਵਿਚ ਸਿੱਖੀ ਦੇ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਵਿਚ ਦਿਨ-ਬ-ਦਿਨ ਵਾਧਾ ਹੋਣ ਲੱਗਾ।

ਸ੍ਰੀ ਗੁਰੂ ਅਮਰਦਾਸ ਜੀ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਸੋਢੀ ਪਾਤਸਾਹ ਸ੍ਰੀ ਗੁਰੂ ਰਾਮਦਾਸ ਜੀ ਗੁਰਤਾ-ਗੱਦੀ 'ਤੇ ਬਿਰਜਮਾਨ ਹੋਏ। ਇਸ ਸਮੇਂ ਸਾਰੇ ਮੰਜੀਦਾਰ ਆਪੋ-ਆਪਣੀਆਂ ਮੰਜੀਆਂ 'ਤੇ ਗੁਰਮਤਿ ਦਾ ਪ੍ਰਚਾਰ ਬਹੁਤ ਹੀ ਸੁਚੱਜੇ ਢੰਗ ਅਤੇ ਨਾਮ ਦੇ ਰੰਗ ਨਾਲ ਕਰ ਰਹੇ ਸਨ। ਮੰਜੀਦਾਰਾਂ ਵੱਲੋਂ ਆਪਣੇ ਪ੍ਰਚਾਰ ਦੀ ਰਿਪੋਰਟ ਸਮੇਂ-ਸਮੇਂ ਗੁਰੂ-ਦਰਬਾਰ ਵਿਚ ਪਹੁੰਚਾਈ ਜਾਂਦੀ ਸੀ ਅਤੇ ਗੁਰੂ-ਘਰ ਦੀ ਖੁਸ਼ੀ ਪ੍ਰਾਪਤ ਕੀਤੀ ਜਾਂਦੀ ਸੀ।

ਭਾਈ ਹੰਦਾਲ ਜੀ ਵੀ ਇੱਕ ਦਿਨ ਆਪਣੇ ਇਲਾਕੇ ਜੰਡਿਆਲਾ ਗੁਰੂ ਦੀ (ਪ੍ਰਚਾਰ ਸੰਬੰਧੀ) ਰਿਪੋਰਟ ਦੇਣ ਲਈ ਸ੍ਰੀ ਗੁਰੂ ਰਾਮਦਾਸ ਜੀ ਦੇ ਕੋਲ ਸ੍ਰੀ ਗੋਇੰਦਵਾਲ ਸਾਹਿਬ ਗਏ। ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਤਨ-ਮਨ ਨਿਹਾਲ ਹੋ ਗਿਆ। ਰਿਪੋਰਟ ਦੇ ਕੇ ਉਹ ਗੁਰੂ ਕਾ ਲੰਗਰ ਬਣਾਉਣ ਦੀ ਸੇਵਾ ਵਿਚ ਜੁੱਟ ਗਏ।

ਇੱਕ ਦਿਨ ਭਾਈ ਹੰਦਾਲ ਜੀ ਗੁਰੂ ਕੇ ਲੰਗਰ ਵਿਚ ਆਟਾ ਗੁੰਨਣ ਦੀ ਸੇਵਾ ਕਰ ਰਹੇ ਸਨ ਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨਿਗਰਾਨੀ ਹਿੱਤ ਲੰਗਰ ਵਿਚ ਆ ਗਏ। 'ਹੱਥ ਕਾਰ ਵੱਲ ਦਿਲ ਯਾਰ ਵੱਲ' ਦੀ ਕਹਾਵਤ ਅਨੁਸਾਰ ਸੇਵਾ ਦੇ ਨਾਲ-ਨਾਲ ਭਾਈ ਸਾਹਿਬ ਮੁੱਖ 'ਚੋਂ ਨਿਰੰਜਣ-ਨਿਰੰਜਣ ਉਚਾਰ ਰਹੇ ਸਨ। ਇਸ ਧੁਨ ਵਿਚ ਏਨੇ ਮਗਨ ਹੋ ਗਏ ਕਿ ਉਨ੍ਹਾਂ ਨੂੰ ਗੁਰੂ ਸਾਹਿਬ ਦੀ ਆਮਦ ਦਾ ਪਤਾ ਹੀ ਨਹੀਂ ਚੱਲਿਆ। ਅਚਾਨਕ ਜਦੋਂ ਗੁਰੂ ਸਾਹਿਬ ਨੂੰ ਦੇਖਿਆ, ਤਾਂ ਆਟੇ ਵਾਲੇ ਲਿਬੜੇ ਹੱਥ ਪਿੱਛੇ ਕਰਕੇ ਚਰਣੀਂ ਢਹਿ ਪਏ। ਭਾਈ ਹੰਦਾਲ ਜੀ ਦੀ ਸਤਿਕਾਰਤ ਭਾਵਨਾ ਨੂੰ ਦੇਖ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਮੋਢਿਆਂ ਤੋਂ ਫੜ ਕੇ ਉਪਰ ਉਠਾਇਆ ਅਤੇ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ। ਗੁਰੂ ਸਾਹਿਬ ਨੇ ਭਾਈ ਸਾਹਿਬ ਵੱਲੋਂ ਸਿੱਖੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਨ੍ਹਾਂ ਸੇਵਾਵਾਂ ਨੂੰ ਨਿਰਵਿਘਨ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।

ਕੁੱਝ ਦਿਨ ਗੁਰੂ-ਘਰ ਦੀ ਸੇਵਾ ਕਰਨ ਤੋਂ ਬਾਅਦ ਆਪ ਵਾਪਸ ਜੰਡਿਆਲੇ ਆ ਗਏ। ਜੰਡਿਆਲਾ ਗੁਰੂ ਵਿਖੇ ਆ ਕੇ ਭਾਈ ਸਾਹਿਬ ਫਿਰ ਮੰਜੀ 'ਤੇ ਬੈਠ ਗਏ ਅਤੇ ਗੁਰਮਤਿ ਦੇ ਪ੍ਰਚਾਰ ਦੀ ਵਾਗਡੋਰ ਸੰਭਾਲ ਲਈ।

ਭਾਈ ਹੰਦਾਲ ਜੀ ਅਕਾਲ-ਪੁਰਖ ਨੂੰ ਨਿਰੰਜਣ ਦੇ ਨਾਮ ਨਾਲ ਯਾਦ ਕਰਦੇ ਸਨ, ਜਿਸ ਤੋਂ ਜੰਡਿਆਲਾ ਗੁਰੂ ਵਿਖੇ ਨਿਰੰਜਣੀ ਸੰਪ੍ਰਦਾਇ ਦਾ ਮੁੱਢ ਬੱਝਦਾ ਹੈ। ਭਾਈ ਸਾਹਿਬ ਇਸ ਸੰਪ੍ਰਦਾਇ ਦੇ ਮੋਢੀ ਮੰਨੇ ਜਾਂਦੇ ਹਨ। ਇਸ ਸੰਪ੍ਰਦਾਇ ਦਾ ਇੱਕ ਪੈਰੋਕਾਰ ਹਰਭਗਤ ਨਿਰੰਜਣੀ ਵੀ ਹੋਇਆ ਹੈ, ਜਿਸ ਨੇ ਸਿੱਖ ਇਤਿਹਾਸ ਵਿਚ ਇੱਕ ਨਾਂਹ-ਪੱਖੀ ਅਤੇ ਨਿੰਦਣਯੋਗ (ਭਾਈ ਤਾਰੂ ਸਿੰਘ ਨੂੰ ਸ਼ਹੀਦ ਕਰਵਾਉਣ ਵਾਲੀ) ਭੂਮਿਕਾ ਨਿਭਾਈ ਸੀ।

ਸਿੱਖੀ ਸਿਧਾਤਾਂ 'ਤੇ ਪਹਿਰਾ ਦਿੰਦਿਆਂ ਅਤੇ ਸੰਗਤ ਨੂੰ ਇਨ੍ਹਾਂ ਨਾਲ ਜੋੜਨ ਦੀ ਸੇਵਾ ਕਰਦਿਆਂ ਭਾਈ ਹੰਦਾਲ ਜੀ ਸੰਮਤ 1705 ਮੁਤਾਬਿਕ 1648 ਈ. ਵਿਚ ਅਕਾਲ ਚਾਲਾਣਾ ਕਰ ਗਏ। ਇੱਕ ਮੰਜੀਦਾਰ/ਪ੍ਰਚਾਰਕ ਦੀ ਹੈਸੀਅਤ ਵਿਚ ਉਨ੍ਹਾਂ ਵੱਲੋਂ ਨਿਭਾਏ ਇਤਿਹਾਸਕ ਰੋਲ ਨੂੰ ਕਦੇ ਭਲਾਇਆ ਨਹੀਂ ਜਾ ਸਕਦਾ।

---

# ਮਾਂ ਬੋਲੀ ਦਾ ਮੰਦਰ

## ਮਿੰਨੀ ਕਹਾਣੀ







-ਡਾ. ਅਮਰਜੀਤ ਟਾਂਡਾ
"ਸੰਪਰਕ+61-412913021
ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ
ਪੰਜਾਬ ਮੇਲ USA


ਪਿੰਡ ਪੋਹਨ ਵਾਲੇ ਦੇ ਦਰੱਖਤਾਂ ਹੇਠ ਇਕ ਬਜ਼ੁਰਗ ਔਰਤ ਬੈਠੀ ਸੀ — ਬੀਬੀ ਗਿਆਨੋ। ਉਸ ਦੀਆਂ ਅੱਖਾਂ ਵਿਚ ਸਮੇਂ ਦੀ ਧੁੰਦ ਸੀ, ਪਰ ਉਸ ਦੀ ਬੋਲੀ ਵਿਚ ਅਜੇ ਵੀ ਰੌਸ਼ਨੀ ਦੀ ਮਹਿਕ ਸੀ। ਹੱਥਾਂ ਵ੍ਹਿਚ ਪੁਰਾਣੀ ਤਖ਼ਤੀ ਸੀ, ਜਿਸ ਉੱਤੇ "ੴ" ਲਿਖਿਆ ਸੀ। ਉਹੀ ਪਹਿਲਾ ਅੱਖਰ, ਜਿਸ ਨਾਲ ਉਸ ਨੇ ਆਪਣੇ ਪੋਤੇ ਅਰਨਵ ਨੂੰ ਪੜ੍ਹਨਾ ਸਿਖਾਇਆ ਸੀ।

ਰੁਖਾਂ ਦੀ ਛਾਂ ਹੇਠੋਂ ਬੱਸ ਦੀ ਆਵਾਜ਼ ਆਈ। ਅਰਨਵ ਸ਼ਹਿਰ ਤੋਂ ਵਾਪਸ ਆ ਰਿਹਾ ਸੀ — ਗਲ਼ ਵਿਚ ਹੈਡਫੋਨ, ਮੂੰਹ 'ਤੇ ਅਜਨਬੀ ਲਹਿਜ਼ਾ। ਨਾਨੀ ਨੇ ਪੁੱਛਿਆ, "ਪੜ੍ਹਾਈ ਠੀਕ ?"

ਉਸ ਨੇ ਹੱਸ ਕੇ ਕਿਹਾ, "ਆਲ ਗੁੱਡ, ਨਾਨੀ।"

ਬੀਬੀ ਨੇ ਚੁੱਪ ਰਹਿ ਕੇ ਅਸਮਾਨ ਵੱਲ ਵੇਖਿਆ, ਜਿੱਥੇ ਯਾਦਾਂ ਦੀਆਂ ਪਤੰਗਾਂ ਉਡਦੀਆਂ ਸਨ। "ਜਿਹੜੀ ਬੋਲੀ ਵਿਚ **lullaby** ਗਾ ਕੇ ਇਸਨੂੰ ਸੁਤਾਇਆ ਸੀ," ਉਸ ਨੇ ਸੋਚਿਆ, "ਉਹ ਹੁਣ ਇਸ ਲਈ ਪਰਾਈ ਹੋ ਗਈ।"

ਕੁਝ ਹਫ਼ਤਿਆਂ ਬਾਅਦ ਬੀਬੀ ਗਿਆਨੋ ਬੀਮਾਰ ਪਈ। ਦੇਹਾਂਤ ਵੇਲੇ ਉਸ ਨੇ ਅਰਨਵ ਦਾ ਹੱਥ ਫੜਿਆ–

"ਮਾਂ ਬੋਲੀ ਸਿਰਫ਼ ਜ਼ੁਬਾਨ ਨਹੀਂ, ਤੇਰੇ ਅੰਦਰ ਦਾ ਰਾਹ ਹੈ। ਜਦ ਤੂੰ ਇਸਨੂੰ ਭੁੱਲੇਂਗਾ, ਤੂੰ ਆਪਣੇ ਆਪ ਤੋਂ ਦੂਰ ਹੋ ਜਾਵੇਂਗਾ।"

ਉਹ ਚਲੀ ਗਈ। ਪਰ ਉਸ ਦੀ ਆਵਾਜ਼ ਅਰਨਵ ਦੇ ਦਿਲ ਵਿਚ ਅੱਖਰ ਬਣ ਗਈ। ਉਸ ਨੇ ਪਹਿਲੀ ਵਾਰ ਗੂਗਲ ਖੋਲ੍ਹਿਆ - **Learn Punjabi alphabets**। ਹਰੇਕ ਅੱਖਰ ਨਾਨੀ ਦੀ ਯਾਦ ਵਰਗਾ ਸੀ — ਜੀਵੰਤ ਤੇ ਚਿਰੰਤਨ।

ਸਾਲ ਬੀਤੇ। ਅਰਨਵ ਹੁਣ ਸਿਡਨੀ 'ਚ ਸੀ, ਜਿੱਥੇ ਉਸ ਨੇ "**Punjabi for Kids Abroad**" ਸਕੂਲ ਸ਼ੁਰੂ ਕੀਤਾ। ਕਲਾਸ ਦੇ ਪਹਿਲੇ ਦਿਨ ਉਸ ਨੇ ਬੋਰਡ ਉੱਤੇ ਲਿਖਿਆ — "ਸਤ ਸ੍ਰੀ ਅਕਾਲ।" ਬੱਚਿਆਂ ਦੇ ਚਿਹਰੇ ਖਿੜੇ। ਉਨ੍ਹਾਂ ਨੂੰ ਸਮਝ ਆਉਣ ਲੱਗ ਪਿਆ ਕਿ ਇਹ ਸਿਰਫ਼ ਸਲਾਮ ਨਹੀਂ — ਸੱਚ ਦਾ ਸੁਨੇਹਾ ਹੈ।

ਹਰੇਕ ਅੱਖਰ ਨਾਲ ਅਰਨਵ ਕਹਾਣੀ ਜੋੜਦਾ:

"'ਕ' ਕੌਰ ਦੀ ਸ਼ਾਨ ਹੈ, 'ਗ' ਗੁਰੂ ਦੀ ਗਿਆਨ ਜੋਤ, 'ਪ' ਪਿੰਡ ਦਾ ਪਿਆਰ।"

ਜਦ ਬੱਚਿਆਂ ਨੇ ਠੀਕ ਉਚਾਰਨ ਸਿੱਖ ਲਏ, ਉਨ੍ਹਾਂ ਦੀਆਂ ਅੱਖਾਂ ਵੀ ਉਮੀਦ ਨਾਲ ਚਮਕਣ ਲੱਗੀਆਂ।

ਇਕ ਦਿਨ ਇੱਕ ਛੋਟੀ ਕੁੜੀ, ਮਿਸ਼ਾ ਨੇ ਪੁੱਛਿਆ —

"ਸਰ, ਜਦ ਮੈਂ ਪੰਜਾਬੀ ਬੋਲਦੀ ਹਾਂ, ਮੈਨੂੰ ਆਪਣੀ ਦਾਦੀ ਯਾਦ ਆਉਂਦੀ ਹੈ — ਕਿਉਂ ?"

ਅਰਨਵ ਮੁਸਕਰਾਇਆ, "ਕਿਉਂਕਿ ਬੋਲੀ ਰੂਹ ਦਾ ਸੂਰਜ ਹੈ — ਜਿੱਥੇ ਯਾਦ ਰਹਿੰਦੀ ਹੈ, ਉਥੇ ਪਿਆਰ ਜਗਦਾ ਰਹਿੰਦਾ ਹੈ।"

ਅਰਨਵ ਦੀਆਂ ਕਲਾਸਾਂ ਤੋਂ ਬੋਲੀ ਦਾ ਪ੍ਰਕਾਸ਼ ਬਾਹਰ ਫੈਲ ਗਿਆ। ਵਿਦੇਸ਼ੀ ਧਰਤੀ 'ਤੇ ਪੰਜਾਬੀ ਬੋਲਣ ਵਾਲੇ ਬੱਚੇ ਹੋਣੇ ਹੀ ਇਕ ਜਿੱਤ ਸੀ। ਪਰ ਅਰਨਵ ਦਾ ਦਿਲ ਫਿਰ ਵੀ ਪਿੰਡ ਦੀ ਮਿੱਟੀ ਵੱਲ ਖਿੱਚਦਾ ਰਿਹਾ।

ਇਕ ਸਵੇਰ ਉਹ ਵਾਪਸ ਆ ਗਿਆ — ਉਹੀ ਪਿੰਡ, ਉਹੀ ਘਰ, ਪਰ ਬੀਬੀ ਗਿਆਨੋ ਦੀ ਆਵਾਜ਼ ਦੀ ਗੂੰਜ ਖੰਡਰਾਂ ਤੋਂ ਵੀ ਪਵਿੱਤਰ ਸੀ।

ਉਸ ਨੇ ਮੁੱਠ ਵਿਚ ਮਿੱਟੀ ਫੜੀ ਤੇ ਕਿਹਾ, "ਇਥੇ ਬੀਬੀ ਦਾ ਵੇੜਾ ਸੀ, ਹੁਣ ਇਥੇ ਮਾਂ ਬੋਲੀ ਦਾ ਮੰਦਰ ਹੋਵੇਗਾ।"

ਉਹੀ ਥਾਂ ਉੱਤੇ ਉਸ ਨੇ ਇਕ ਢਾਂਚਾ ਬਣਾਇਆ — ਕੋਈ ਗੁਰਦੁਆਰਾ ਨਹੀਂ, ਕੋਈ ਸਕੂਲ ਨਹੀਂ — ਇਹ ਆਵਾਜ਼ ਦਾ ਅਸਥਾਨ ਸੀ।

"ਮਾਂ ਬੋਲੀ ਮੰਦਰ" — ਐਸਾ ਨਾਮ ਪਿਆ।

ਇੱਥੇ ਲੋਕ ਸੋਚਦੇ ਨਹੀਂ ਸਨ, ਸੁਣਦੇ ਸਨ। ਬੱਚੇ ਸ਼ਬਦਾਂ ਦੀ ਸੇਵਾ ਕਰਦੇ, ਜਵਾਨ ਲਿਪੀ ਲਿਖਦੇ ਤੇ ਬਜ਼ੁਰਗ ਆਪਣੇ ਅਨੁਭਵਾਂ ਦੀਆਂ ਬੋਲੀਆਂ ਦੱਸਦੇ। ਇੱਕੋ ਭਾਵ — ਆਪਣੀ ਬੋਲੀ ਨਾਲ ਦਿਲੀ ਜੋੜ।

ਇੱਕ ਸਮੇਂ ਵਿਦੇਸ਼ ਤੋਂ ਜਵਾਨ ਆਏ ਤੇ ਕਹਿਣ ਲੱਗੇ —

"ਅਸੀਂ ਵੀ ਆਪਣੀ ਧਰਤੀ 'ਤੇ ਅਜਿਹਾ ਮੰਦਰ ਬਣਾਉਣਾ ਚਾਹੁੰਦੇ ਹਾਂ।"

ਅਰਨਵ ਨੇ ਹੱਸ ਕੇ ਕਿਹਾ, "ਮੰਦਰ ਢਾਂਚਾ ਨਹੀਂ, ਅਹਿਸਾਸ ਹੈ। ਜਿਹੜੀ ਜਗ੍ਹਾ ਤੁਸੀਂ ਆਪਣੀ ਮਾਂ ਬੋਲੀ ਨਾਲ ਸ਼ੁਰੂ ਕਰੋਗੇ, ਓਥੇ ਹੀ ਉਹ ਮੰਦਰ ਬਣ ਜਾਂਦੀ ਹੈ।"

ਉਸ ਰਾਤ ਜਦ ਅਰਨਵ ਮੰਦਰ ਦੀ ਛੱਤ 'ਤੇ ਬੈਠਾ ਸੀ, ਚੰਦ ਚੜ੍ਹ ਰਿਹਾ ਸੀ। ਹਵਾ ਨਾਲ ਇੱਕ ਮਿੱਠੀ ਖੁਸ਼ਬੂ ਵਗ ਰਹੀ ਸੀ। ਉਹ ਮੁਸਕਰਾਇਆ ਤੇ ਹੌਲੀ ਆਵਾਜ਼ ਵਿਚ ਕਿਹਾ —

"ਮਾਂ ਬੋਲੀ ਹੁਣ ਆਪਣੀ ਮਿੱਟੀ ਵਿਚ ਮੁੜ ਆ ਗਈ ਹੈ। ਇਹ ਘਰ ਨਹੀਂ, ਇਕ ਜੋਤ ਹੈ — ਜੋ ਹਰ ਮਨੁੱਖ ਦੇ ਅੰਦਰ ਜਗ ਸਕਦੀ ਹੈ।"

ਦੀਵਾਰ ਉੱਤੇ ਉਹੀ ਤਖ਼ਤੀ ਚਮਕ ਰਹੀ ਸੀ — "ੴ"।

ਅਰਨਵ ਦੀਆਂ ਅੱਖਾਂ ਨਮ ਸਨ, ਪਰ ਮਨ ਸ਼ਾਂਤ ਸੀ।

ਉਹ ਜਾਣਦਾ ਸੀ ਕਿ ਹੁਣ ਮਾਂ ਬੋਲੀ ਕਦੇ ਵੀ ਮਰ ਨਹੀਂ ਸਕਦੀ, ਜਦ ਤੱਕ ਕਿਸੇ ਇਕ ਦੀ ਰੂਹ ਉਸ ਨਾਲ ਜੀਉਂਦੀ ਰਹੇਗੀ।

ਇਹ ਸਿਰਫ਼ ਮਾਂ ਬੋਲੀ ਦੀ ਪ੍ਰੇਮ ਕਥਾ ਨਹੀਂ, ਸਦੀ ਰਹੀ ਜੜ੍ਹਾਂ ਨਾਲ਼ ਇਕ ਜਿਊਂਦਾ ਸੰਬੰਧ ਹੈ। "ਮਾਂ ਬੋਲੀ ਦਾ ਮੰਦਰ" ਇੱਕ ਪੁੱਤਰ ਦੀ ਯਾਤਰਾ ਹੈ — ਜੋ ਆਪਣੇ ਅੰਦਰੋਂ ਖੋਈ ਹੋਈ ਆਵਾਜ਼ ਦੁਬਾਰਾ ਲੱਭਦਾ ਹੈ, ਤੇ ਉਸਨੂੰ ਦੁਨੀਆਂ ਤੱਕ ਪਹੁੰਚਾਉਂਦਾ ਹੈ।

ਇਹ ਉਸ ਪੀੜ੍ਹੀ ਦੀ ਵੀ ਅਭਿਵਿਅੰਜਨਾ ਹੈ, ਜਿਸ ਨੇ ਪ੍ਰਗਤੀ ਦੇ ਨਾਮ 'ਤੇ ਬੋਲੀਆਂ ਨਾਲ ਆਪਣਾ ਸਬੰਧ ਕੱਟ ਲਿਆ, ਪਰ ਦਿਲ ਦੇ ਕਿਸੇ ਗਹਿਰੇ ਕੋਨੇ 'ਚ ਉਸ ਮਿੱਠੇ ਅੱਖਰਾਂ ਦਾ ਸੁਰ ਅਜੇ ਵੀ ਜੀਉਂਦਾ ਹੈ।

ਅਰਨਵ ਦੀ ਯਾਤਰਾ ਪਿੰਡ ਦੀ ਮਿੱਟੀ ਤੋਂ ਵਿਦੇਸ਼ੀ ਸ਼ਹਿਰਾਂ ਤੱਕ ਜਾਂਦੀ ਹੈ — ਪਰ ਆਖ਼ਿਰਕਾਰ ਉਸ ਦੇ ਰੂਹਾਨੀ ਘਰ ਵਿਚ ਮੁੜ ਆਉਂਦੀ ਹੈ। ਇਹ ਘਰ ਸਿਰਫ਼ ਇਕ ਥਾਂ ਨਹੀਂ, ਇਕ ਆਵਾਜ਼ ਹੈ, ਜੋ ਹਰ ਪੰਜਾਬੀ ਦੇ ਅੰਦਰ ਬੋਲਦੀ ਹੈ।

ਜਦ ਤੱਕ ਮਾਂ ਬੋਲੀ ਨਾਲ ਸਬੰਧ ਜੀਉਂਦਾ ਹੈ, ਪਹਿਚਾਣ ਵੀ ਅਮਰ ਰਹਿੰਦੀ ਹੈ।

ਬੋਲੀ ਮਨੁੱਖ ਦੀ ਰੂਹ ਦੀ ਪਹਿਲੀ ਆਵਾਜ਼ ਹੈ। ਇਸ ਕਹਾਣੀ ਵਿਚ ਉਹ ਬਚਪਨ ਦੀ ਮਾਂ ਬੋਲੀ ਮੁੜ ਜਗਣ ਦੀ ਪ੍ਰਕ੍ਰਿਆ ਹੈ। ਵਿਦੇਸ਼ੀ ਜੀਵਨ ਵਿਚ ਪੀੜ੍ਹੀਆਂ ਦੇ ਦਰਮਿਆਨ ਭਾਸ਼ਾ ਦਾ ਫਾਸਲਾ, ਤੇ ਉਸ ਖਾਈ ਨੂੰ ਪਿਆਰ ਨਾਲ ਪਾਰ ਕਰਨ ਦੀ ਕੋਸ਼ਿਸ਼।

ਮਾਂ ਬੋਲੀ ਮੰਦਰ "ਸਿਰਫ਼ ਸਿੱਖਿਆ ਦਾ ਸਥਾਨ ਨਹੀਂ, ਆਤਮਿਕ ਜਾਗਰਣ ਦਾ ਪ੍ਰਤੀਕ ਹੈ — ਜਿੱਥੇ ਮਨੁੱਖ ਆਪਣੀ ਭੁੱਲੀ ਹੋਈ ਅਸਲੀਅਤ ਨਾਲ਼ ਮਿਲਦਾ ਹੈ"।

ਤਖ਼ਤੀ ਉੱਤੇ ਲਿਖਿਆ "ੴ" ਸਿਰਜਣ ਦਾ ਆਰੰਭ ਹੈ — ਵਾਹਿਗੁਰੂ ਦੀ ਏਕਤਾ, ਜੋ ਹਰੇਕ ਅੱਖਰ ਵਿਚ ਵੱਸਦੀ ਹੈ। ਬੀਬੀ ਗਿਆਨੋ ਪੀੜ੍ਹੀ ਦਰ ਪੀੜ੍ਹੀ ਚੱਲਦੇ ਸੱਭਿਆਚਾਰਕ ਵਿਰਾਸਤ ਦੀ ਜੀਵਤ ਰੂਹ ਹੈ।

ਅਰਨਵ ਦਾ ਪਰਿਵਰਤਨ ਵਿਦੇਸ਼ੀ ਤਕਨੀਕੀ ਦਿਲਚਸਪੀ ਤੋਂ ਰੂਹਾਨੀ ਜੜ੍ਹ ਵੱਲ ਮੁੜਨਾ ਦਰਸਾਉਂਦਾ ਹੈ।

ਮਾਂ ਬੋਲੀ ਨੂੰ ਜਗਾਉਣਾ ਸਿਰਫ਼ ਸ਼ਬਦਾਂ ਨੂੰ ਬਚਾਉਣਾ ਨਹੀਂ — ਇਹ ਜੀਵਨ ਦੀਆਂ ਜੜ੍ਹਾਂ ਨੂੰ ਜ਼ਿੰਦਾ ਰੱਖਣ ਦਾ ਉੱਦਮ ਹੈ। ਜਿਹੜੀ ਬੋਲੀ ਆਪਣੇ ਘਰ ਦੀ ਬਾਰੀ ਖਿੜਕੀ ਨਾਲ ਜੁੜੀ ਰਹਿੰਦੀ ਹੈ, ਉਹੀ ਮਨੁੱਖ ਨੂੰ ਉਸਦਾ ਅਸਲੀ ਆਕਾਸ਼ ਦਿਖਾਉਂਦੀ ਹੈ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA

# "ਨਫ਼ਰਤ" ਦੇ ਅੰਗ-ਸੰਗ ਦੇਸ਼ ਮਹਾਨ

ਨਸਲਵਾਦ, ਨਫ਼ਰਤੀ ਭਾਸ਼ਣਾਂ ਅਤੇ ਬਿਆਨਾਂ ਉੱਤੇ, ਕਿਸੇ ਸਰਕਾਰੀ ਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਸੁਪਰੀਮ ਕੋਰਟ ਦੀਆਂ ਤਿੱਖੀਆਂ ਟਿਪੱਣੀਆਂ ਨਾਲ ਕੀ ਲਗਾਮ ਲਗਾਈ ਜਾ ਸਕਦੀ ਹੈ?

ਜੇਕਰ ਅਜਿਹਾ ਹੁੰਦਾ ਤਾਂ ਨਸਲੀ ਨਫ਼ਰਤ ਅਪਰਾਧ ਵਿਚ ਤ੍ਰਿਪੁਰਾ ਦੇ 24 ਵਰ੍ਹਿਆਂ ਦੇ ਵਿਦਿਆਰਥੀ ਏਂਜੇਲ ਚਕਮਾ ਦੀ ਸਾਲ 2025 ਨੂੰ ਜਾਨ ਨਾ ਜਾਂਦੀ। ਸਾਲ 2014 ਵਿਚ ਅਰੁਣਾਂਚਲ ਪ੍ਰਦੇਸ਼ ਦੇ ਵਿਦਿਆਰਥੀ ਨੀਦੋ ਤਾਨੀਅਮ ਦੀ ਦਿੱਲੀ ਵਿਚ ਨਸਲੀ ਨਫ਼ਰਤ ਨਾਲ ਹੋਈ ਮੌਤ ਦੇ 11 ਵਰ੍ਹਿਆਂ ਬਾਅਦ ਵੀ ਕੁਝ ਨਹੀਂ ਬਦਲਿਆ, ਜਦਕਿ ਇਸ ਵਾਰਦਾਤ ਬਾਅਦ ਸਰਕਾਰ ਵੱਲੋਂ ਬੇਜ਼ਬਰੂਆ ਸੰਮਤੀ ਬਣਾਈ ਸੀ। ਉਸ ਸਮਿਤੀ ਦੀਆਂ ਸਿਫ਼ਾਰਸ਼ਾਂ ਸ਼ਾਇਦ ਦੇਸ਼ ਦੀ ਰਾਜਧਾਨੀ ਤੱਕ ਸੀਮਤ ਰਹਿ ਗਈਆਂ। ਨੀਦੋ ਤੋਂ ਬਾਅਦ ਏਂਜੇਲ ਚਕਮਾ ਦੀ ਮੌਤ ਨੇ ਸਰਕਾਰੀ ਵਿਵਸਥਾ ਦੇ ਖੋਖਲੇਪਨ ਨੂੰ ਜੱਗ ਜ਼ਾਹਿਰ ਕੀਤਾ ਹੈ। ਇਸ ਘਟਨਾ ਨੇ ਚਿਤਾਵਨੀ ਦਿੱਤੀ ਹੈ ਕਿ ਦੇਸ਼ ਵਿਚ ਰੰਗ-ਰੂਪ, ਜਾਤੀ, ਨਸਲ ਅਤੇ ਧਰਮ ਨੂੰ ਲੈ ਕੇ ਨਫ਼ਰਤੀ ਵਰਤਾਰਾ ਡੂੰਘਾਈ ਤੱਕ ਲੋਕ ਮਨਾਂ 'ਚ ਘਰ ਕਰ ਚੁੱਕਾ ਹੈ। ਲੋਕਤੰਤਰਿਕ ਤਰੀਕੇ ਨਾਲ ਚੁਣੇ ਗਏ ਲੋਕ ਪ੍ਰਤੀਨਿਧਾਂ ਤੋਂ ਲੈ ਕੇ ਮਜ਼ਹਬੀ ਨੇਤਾ ਤੱਕ ਨਸਲੀ ਮਾਨਸਿਕਤਾ ਦੇ ਸ਼ਿਕਾਰ ਹਨ। ਸਾਲ 2023 ਵਿਚ 107 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਉੱਤੇ ਨਫ਼ਰਤੀ ਭਾਸ਼ਣ ਦੇ ਮਾਮਲੇ ਦਰਜ ਹੋਏ।

ਏ.ਡੀ.ਆਰ. (ਐਸੋਸੀਏਸ਼ਨ ਆਫ਼ ਡੈਮੋਕਰੇਟਿਕ ਰਿਫਾਰਮਜ਼) ਦੀ 2023 ਦੀ ਰਿਪੋਰਟ ਅਨੁਸਾਰ 4748 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਿਚ ਜਿਹੜੇ 107 ਵਿਧਾਇਕਾਂ ਸੰਸਦ ਮੈਂਬਰਾਂ 'ਤੇ ਨਫ਼ਰਤੀ ਭਾਸ਼ਣਾਂ ਦੇ ਮੁਕੱਦਮੇ ਦਰਜ ਹਨ, ਉਨ੍ਹਾਂ ਵਿਚੋਂ 22 ਭਾਜਪਾ ਦੇ ਮੈਂਬਰ ਹਨ। ਇਨ੍ਹਾਂ ਵਿਚੋਂ ਜ਼ਿਆਦਾ ਬਿਹਾਰ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਦੇ ਵਿਧਾਇਕ ਅਤੇ ਸਾਂਸਦ ਹਨ, ਜਿਨ੍ਹਾਂ ਉੱਤੇ ਨਫ਼ਰਤੀ ਭਾਸ਼ਣਾਂ ਦੇ ਮਾਮਲੇ ਦਰਜ ਹਨ। ਸ਼ਿਵ ਸੈਨਾ, ਤ੍ਰਿਣਮੂਲ ਕਾਂਗਰਸ, ਡੀ.ਐੱਮ.ਕੇ. ਅਤੇ ਕਾਂਗਰਸ ਸਿਆਸੀ ਦਲ ਦੇ ਵਿਧਾਇਕਾਂ, ਸੰਸਦ ਮੈਂਬਰਾਂ ਉੱਤੇ ਰਿਪੋਰਟ ਅਨੁਸਾਰ ਮਾਮਲੇ ਦਰਜ ਕੀਤੇ ਮਿਲਦੇ ਹਨ।

ਨਫ਼ਰਤੀ ਭਾਸ਼ਣ ਅਤੇ ਲਿਖਤਾਂ ਦੇ ਉਦਾਹਰਨ ਧਰਮ ਉੱਤੇ ਆਧਾਰਿਤ ਹਨ। ਨਫ਼ਰਤ ਦੇ ਹੋਰ ਕਾਰਨ ਨਸਲ, ਭਾਸ਼ਾ ਅਤੇ ਜਾਤੀ ਹੈ। ਅਸਲ ਵਿਚ ਇਹ ਸਭ ਕੁਝ ਧਰਮ ਨਿਰਪੱਖਤਾ ਦੇ ਪਤਨ ਨਾਲ ਪੈਦਾ ਹੋਇਆ ਹੈ। ਇੱਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਭਾਰਤ ਦਾ ਵਿਚਾਰ ਨਾਗਰਿਕਤਾ ਦੀ ਨੀਂਹ ਉੱਤੇ ਰੱਖਿਆ ਗਿਆ ਹੈ, ਨਾ ਕਿ ਧਰਮ, ਨਸਲ, ਜਾਤੀ ਜਾਂ ਭਾਸ਼ਾ ਉੱਤੇ। ਨਫ਼ਰਤ ਫੈਲਾਉਣ ਵਾਲੇ ਮੁੱਖ ਦੋਸ਼ੀ, ਮਹੱਤਵਪੂਰਨ ਅਹੁਦਿਆਂ 'ਤੇ ਬੈਠੇ ਨੇਤਾ ਅਤੇ ਰਾਜ-ਭਾਗ ਸੰਭਾਲਣ ਵਾਲੇ ਕੁਝ ਸ਼ਕਤੀਸ਼ਾਲੀ ਸੰਗਠਨ ਹਨ। ਉਨ੍ਹਾਂ ਦੇ ਸ਼ਬਦ, ਕੰਮ ਜਾਂ ਚੁੱਪ ਨਫ਼ਰਤ ਫੈਲਾਉਣ ਵਾਲਿਆਂ ਨੂੰ ਜ਼ੁਲਮ ਕਰਨ ਲਈ ਉਤਸ਼ਾਹਤ ਕਰਦੇ ਹਨ।

ਸਭ ਤੋਂ ਸਪੱਸ਼ਟ ਨਫ਼ਰਤ ਭਾਰਤ 'ਚ ਘੱਟ ਗਿਣਤੀ ਮੁਸਲਮਾਨਾਂ, ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਧਾਰਮਿਕ ਸਥਾਨਾਂ ਦੇ ਖ਼ਿਲਾਫ਼ ਦਿਖਦੀ ਹੈ। ਖੋਖਲਾ ਤਰਕ ਦਿੱਤਾ ਜਾਂਦਾ ਹੈ ਕਿ ਮੁਸਲਮਾਨਾਂ ਨੇ ਭਾਰਤ ਉੱਤੇ ਹਮਲੇ ਕੀਤੇ ਅਤੇ ਕਈ ਥਾਵਾਂ 'ਤੇ 6 ਸਦੀਆਂ ਰਾਜ ਕੀਤਾ ਅਤੇ ਹਿੰਦੂਆਂ ਦੇ ਲਈ ਹੁਣ ਅਧਿਕਾਰ ਸਥਾਪਿਤ ਕਰਨ ਦਾ ਸਮਾਂ ਹੈ। ਨਫ਼ਰਤ ਦਾ ਦੂਜਾ ਨਿਸ਼ਾਨਾ ਈਸਾਈ ਭਾਈਚਾਰਾ ਬਣਦਾ ਹੈ। ਕਈ ਥਾਈਂ ਦੇਸ਼ 'ਚ ਗਿਰਜ਼ਾਂ ਘਰਾਂ ਦੀ ਤੋੜ-ਫੋੜ ਹੁੰਦੀ ਹੈ। ਬਿਨਾਂ ਸ਼ੱਕ ਦੇਸ਼ ਦੀ ਵੱਡੀ ਗਿਣਤੀ ਜਨਤਾ ਡਾ. ਏ.ਪੀ.ਜੇ.ਅਬਦੁਲ ਕਲਾਮ ਅਤੇ ਮਦਰ ਟੇਰੇਸਾ ਦਾ ਆਦਰ ਕਰਦੀ ਹੈ, ਪਰ ਇੱਕ ਛੋਟਾ ਜਿਹਾ ਵਰਗ ਮੁਸਲਮਾਨਾਂ ਅਤੇ ਈਸਾਈਆਂ ਖ਼ਿਲਾਫ਼ ਨਫ਼ਰਤ ਫੈਲਾਉਂਦਾ ਹੈ।



**ਸਭ ਤੋਂ ਸਪੱਸ਼ਟ ਨਫ਼ਰਤ ਭਾਰਤ 'ਚ ਘੱਟ ਗਿਣਤੀ ਮੁਸਲਮਾਨਾਂ, ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਧਾਰਮਿਕ ਸਥਾਨਾਂ ਦੇ ਖ਼ਿਲਾਫ਼ ਦਿਖਦੀ ਹੈ। ਖੋਖਲਾ ਤਰਕ ਦਿੱਤਾ ਜਾਂਦਾ ਹੈ ਕਿ ਮੁਸਲਮਾਨਾਂ ਨੇ ਭਾਰਤ ਉੱਤੇ ਹਮਲੇ ਕੀਤੇ ਅਤੇ ਕਈ ਥਾਵਾਂ 'ਤੇ 6 ਸਦੀਆਂ ਰਾਜ ਕੀਤਾ ਅਤੇ ਹਿੰਦੂਆਂ ਦੇ ਲਈ ਹੁਣ ਅਧਿਕਾਰ ਸਥਾਪਿਤ ਕਰਨ ਦਾ ਸਮਾਂ ਹੈ। ਨਫ਼ਰਤ ਦਾ ਦੂਜਾ ਨਿਸ਼ਾਨਾ ਈਸਾਈ ਭਾਈਚਾਰਾ ਬਣਦਾ ਹੈ।**

ਕਦੇ ਦੇਸ਼ ਵਿਚ ਧਰਮ ਨਿਰਪੱਖ ਸ਼ਬਦ ਆਮ ਬੋਲਚਾਲ ਵਿਚ ਵਰਤੋਂ 'ਚ ਆਉਂਦਾ ਸੀ। ਅੱਜ ਇਹ ਸ਼ਬਦ ਗ਼ਾਇਬ ਹੋ ਰਿਹਾ ਹੈ। ਧਰਮ ਨਿਰਪੱਖਤਾ ਦਾ ਅਰਥ ਹੀ ਬਦਲ ਦਿੱਤੇ ਗਏ ਹਨ। ਮੂਲ ਰੂਪ ਵਿਚ ਧਰਮ ਨਿਰਪੱਖਤਾ ਦਾ ਅਰਥ ਰਾਜ ਅਤੇ ਧਰਮ ਦਾ ਆਪਸੀ ਅਲਗਾਓ ਸੀ, ਭਾਵ ਧਰਮ ਅਤੇ ਰਾਜਨੀਤੀ ਵੱਖੋ-ਵੱਖਰੇ ਹਨ। ਲੇਕਿਨ ਬਾਅਦ ਵਿਚ ਇਸ ਦਾ ਅਰਥ ਇਹ ਹੋ ਗਿਆ ਕਿ ਇੱਕ ਧਰਮ ਨਿਰਪੱਖ ਵਿਅਕਤੀ ਦੇ ਮੂਲ ਤਰਕ ਅਤੇ ਮਾਨਵਤਾਵਾਦ ਉੱਤੇ ਆਧਾਰਿਤ ਹੁੰਦੇ ਹਨ, ਨਾ ਕਿ ਧਾਰਮਿਕ ਸਿਧਾਂਤਾਂ ਉੱਤੇ। ਪਰ ਦਹਾਕੇ 'ਚ ਖ਼ਾਸ ਕਰਕੇ ਧਰਮ ਅਤੇ ਰਾਜਨੀਤੀ ਰਲਗਡ ਕਰ ਦਿੱਤੇ ਗਏ ਹਨ। ਰਾਮ ਮੰਦਰ ਦੀ ਉਸਾਰੀ 'ਚ ਸਰਕਾਰਾਂ ਦੀ ਭੂਮਿਕਾ, ਦੇਸ਼ ਵਿਚ ਘੱਟ ਗਿਣਤੀਆਂ ਨਾਲ ਵਰਤਾਓ, ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਧਰਮ ਪ੍ਰਤੀ ਭੂਮਿਕਾ, ਪਿਛਲੇ ਸਮੇਂ ਬਾਬਰੀ ਮਸਜਿਦ ਦਾ ਢਹਿ-ਢੇਰੀ ਕਰਨਾ, ਮੁਸਲਿਮ ਧਾਰਮਿਕ ਸਿਆਸੀ ਨੇਤਾਵਾਂ ਵੱਲੋਂ ਪੱਛਮੀ ਬੰਗਾਲ 'ਚ ਬਾਬਰੀ ਮਸਜ਼ਿਦ ਦੀ ਉਸਾਰੀ ਦਾ ਐਲਾਨ ਅਤੇ ਸੈਂਕੜੇ ਹੋਰ ਇਹੋ ਜਿਹੀਆਂ ਘਟਨਾਵਾਂ ਨੇ ਦੇਸ਼ 'ਚ ਨਫ਼ਰਤੀ ਮਾਹੌਲ ਸਿਰਜਨ 'ਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸਾਲ 2025 'ਚ ਤਾਂ ਨਫ਼ਰਤੀ ਸ਼ਬਦ ਦੇ ਬੋਲਬਾਲੇ ਨੇ "ਸਿੰਦੂਰ" ਸ਼ਬਦ ਨੂੰ ਫਿੱਕਾ ਕਰ ਦਿੱਤਾ। "ਰੋਜ਼ਗਾਰ" ਦੀ ਮੰਗ ਜ਼ੋਰ ਤਾਂ ਫੜੀ, ਅਰਥ ਵਿਵਸਥਾ ਅਤੇ ਅਮਰੀਕੀ ਟੈਰਿਫ ਸ਼ਬਦ ਨੇ ਵੀ ਦੇਸ਼ 'ਚ ਕੁਹਰਾਮ ਮਚਾਇਆ, ਪਰ 'ਨਫ਼ਰਤ' ਸ਼ਬਦ ਨੇ ਵਿਸ਼ਵ ਭਰ 'ਚ ਭਾਰਤ ਦੀ ਭੂਮਿਕਾ, ਦਿੱਖ, ਕਾਰਗੁਜ਼ਾਰੀ ਉੱਤੇ ਵੱਡੇ ਕਾਲੇ ਧੱਬੇ ਵਿਖੇਰੇ।

ਲਾਅ ਕਮਿਸ਼ਨ ਆਫ਼ ਇੰਡੀਆ ਦੀ 267 ਵੀਂ ਰਿਪੋਰਟ, ਜੋ 2017 'ਚ ਛਾਪੀ ਗਈ, ਉਸ ਅਨੁਸਾਰ ਨਫ਼ਰਤੀ ਭਾਸ਼ਣ ਦਾ ਅਰਥ ਨਸਲ, ਧਰਮ, ਜਾਤ, ਲਿੰਗ ਆਦਿ ਦੇ ਆਧਾਰਿਤ 'ਤੇ ਸਮੂਹਾਂ ਦੇ ਵਿਰੁੱਧ ਨਫ਼ਰਤ ਪ੍ਰਸਾਰਤ ਕਰਨ ਜਾਂ ਮਾਹੌਲ ਵਿਗਾੜਨ ਦੇ ਉਦੇਸ਼ ਨਾਲ ਬੋਲੇ ਜਾਂ ਲਿਖੇ ਸ਼ਬਦ, ਸੰਕੇਤ ਜਾਂ ਦ੍ਰਿਸ਼ ਦਰਸਾਉਣਾ ਹੈ। ਇਸ ਸਭ ਕੁੱਝ ਨੂੰ ਰੋਕਣ ਲਈ 2022 'ਚ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਸ਼ਹੀਨ ਅਬਦੁਲਾ ਬਨਾਮ ਭਾਰਤ ਸੰਘ ਅਤੇ ਹੋਰ ਨੇ ਵਧਦੀ ਨਫ਼ਰਤ ਦੀ ਸਥਿਤੀ ਨੂੰ ਧਿਆਨ 'ਚ ਰੱਖਦਿਆਂ ਪੁਲਿਸ ਨੂੰ ਉਪਚਾਰਿਕ ਸ਼ਿਕਾਇਤਾਂ ਦੀ ਉਡੀਕ ਕੀਤੇ ਬਿਨਾਂ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ। ਸਾਲ 2018 ਤਹਿਸੀਨ ਐੱਸ. ਪੂਨਾਵਾਲਾ ਬਨਾਮ ਭਾਰਤ ਸੰਘ ਮਾਮਲੇ 'ਤੇ ਸੁਪਰੀਮ ਕੋਰਟ ਨੇ ਨਫ਼ਰਤ ਪੂਰਨ ਭਾਸ਼ਣ ਤੋਂ ਪ੍ਰੇਰਿਤ ਭੀੜ ਦੀ ਹਿੰਸਾ ਦੇ ਪ੍ਰਾਵਾਧਾਨ ਲਈ ਆਈ.ਪੀ.ਸੀ.ਸੀ. ਧਾਰਾ 153 ਅਤੇ 295 (ਅ) ਦੇ ਤਹਿਤ ਦਿਸ਼ਾ-ਨਿਰਦੇਸ਼ ਦਿੱਤੇ, ਜਿਸ ਵਿਚ ਭੀੜ ਵੱਲੋਂ ਹੱਤਿਆ ਅਤੇ ਗਊ ਰਖ਼ਸ਼ਕਾਂ ਦੀ ਰੋਕਥਾਮ ਤਹਿਤ ਇੱਕ ਜ਼ਿਲ੍ਹਾ ਨੋਡਲ ਅਧਿਕਾਰੀ ਦੀ ਨਿਯੁਕਤੀ ਕੀਤੀ। ਇਸ ਤਰ੍ਹਾਂ ਪ੍ਰਵਾਸੀ ਭਲਾਈ ਸੰਗਠਨ ਬਨਾਮ ਭਾਰਤ ਸੰਘ 2014 ਮਾਮਲੇ 'ਤੇ ਸੁਪਰੀਮ ਕੋਰਟ ਨੇ ਲਾਅ ਕਮਿਸ਼ਨ ਤੋਂ ਨਫ਼ਰਤ ਭਰਪੂਰ ਭਾਸ਼ਣ ਨੂੰ ਪ੍ਰਭਾਵਿਤ ਕਰਨ ਅਤੇ ਇਸਦੇ ਨਿਵਾਰਨ ਵਾਸਤੇ ਚੋਣ ਕਮਿਸ਼ਨ ਨੂੰ ਤਕੜਿਆਂ ਕਰਨ ਦੇ ਤਰੀਕੇ ਦਰਸਾਉਣ ਲਈ ਕਿਹਾ।

ਇਸੇ ਤਰ੍ਹਾਂ 2015 'ਚ ਬਣਾਈ ਵਿਸ਼ਵਾਨਾਥਨ ਸਮਿਤੀ ਨੇ ਧਰਮ, ਨਸਲ, ਜਾਤ, ਜਨਮ ਅਸਥਾਨ ਦੇ ਆਧਾਰ 'ਤੇ ਅਪਰਾਧਾਂ ਨੂੰ ਉਕਸਾਉਣ ਲਈ ਦੋ ਸਾਲ ਤੱਕ ਦੀ ਕੈਦ ਅਤੇ 5000 ਰੁਪਏ ਜੁਰਮਾਨੇ ਦੇ ਨਾਲ ਆਈ.ਪੀ.ਸੀ. ਦੀ ਧਾਰਾ 153 ਉ(ਬੀ) ਅਤੇ 505 ਏ ਜੋੜਨ ਦਾ ਪ੍ਰਸਤਾਵ ਦਿੱਤਾ ਅਤੇ ਜੁਰਮਾਨੇ ਦਾ ਪ੍ਰਾਵਾਧਾਨ ਕੀਤਾ ਅਤੇ ਆਈ.ਪੀ.ਸੀ. ਦੀ ਧਾਰਾ 509 ਏ (ਕਿਸੇ ਵਿਸ਼ੇਸ਼ ਜਾਤ ਦਾ ਅਪਮਾਨ ਕਰਨਾ) ਵਿਚੋਂ ਸੋਧ ਕਰਕੇ ਤਿੰਨ ਸਾਲ ਤੱਕ ਦੀ ਕੈਦ ਅਤੇ ਜ਼ੁਰਮਾਨੇ ਦਾ ਪ੍ਰਾਵਾਧਾਨ ਕੀਤਾ।

ਪਰ ਇਨ੍ਹਾਂ ਸਮਿਤੀਆਂ ਦੀਆਂ ਸਿਫ਼ਾਰਸ਼ਾਂ ਨੂੰ ਦਿੱਲੀ ਤੋਂ ਬਿਨਾਂ ਹੋਰ ਥਾਵਾਂ ਉੱਤੇ ਲਾਗੂ ਹੀ ਨਹੀਂ ਕੀਤਾ ਗਿਆ, ਹਾਲਾਂਕਿ ਦਿੱਲੀ ਤੋਂ ਬਾਹਰ ਵੀ ਨਸਲੀ ਅਪਰਾਧ ਹੋ ਰਹੇ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਤੀਜੇ ਕਾਰਜਕਾਲ ਦੇ ਸ਼ੁਰੂ ਦੇ ਪਹਿਲੇ ਸਾਲ 2024-2025 ਵਿਚ ਇੱਕ ਰਿਪੋਰਟ ਅਨੁਸਾਰ 947 ਮਾਮਲੇ ਮੁਸਲਿਮ ਅਤੇ ਈਸਾਈ ਘੱਟ ਗਿਣਤੀ ਵਿਰੁੱਧ ਰਿਪੋਰਟ ਹੋਏ ਹਨ, ਜਿਸ ਵਿਚ ਭੜਕਾਹਟ ਅਤੇ ਨਫ਼ਰਤੀ ਭਾਸ਼ਣ ਮੁਲ ਦੇ ਮਾਮਲੇ ਸ਼ਾਮਲ ਹਨ। ਐਸੋਸੀਏਸ਼ਨ ਫ਼ਾਰ ਪ੍ਰੋਟੈਕਸ਼ਨ ਆਫ਼ ਸਿਵਲ ਰਾਈਟਸ ਅਤੇ ਕੁਇੱਲ ਫਾਉਂਡੇਸ਼ਨ ਵੱਲੋਂ 7 ਜੂਨ 2024 ਤੋਂ 7 ਜੂਨ 2025 ਤੱਕ ਦੀ ਰਿਪੋਰਟ ਵਿਚ ਹੋਈਆਂ ਇਨ੍ਹਾਂ ਘਟਨਾਵਾਂ ਵਿਚ ਬਹੁਤੀਆਂ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨਾਲ ਸੰਬੰਧਤ ਹਨ। ਇਸ ਵਿਚ ਮੁਸਲਿਮਾਂ ਅਤੇ ਈਸਾਈ ਭਾਈਚਾਰੇ ਨਾਲ ਸੰਬੰਧਤ ਲੋਕ ਪ੍ਰਭਾਵਤ ਹੋਏ। ਨਫ਼ਰਤੀ ਅਪਰਾਧ 602 ਅਤੇ 345 ਨਫ਼ਰਤੀ ਭਾਸ਼ਣ ਇਸ ਰਿਪੋਰਟ ਵਿਚ ਨੋਟ ਕੀਤੇ ਗਏ ਹਨ। ਰਿਪੋਰਟ ਦੱਸਦੀ ਹੈ ਕਿ ਇਸ ਇੱਕ ਵਰ੍ਹੇ 'ਚ ਇਨ੍ਹਾਂ 419 ਘਟਨਾਵਾਂ 'ਚ 1504 ਲੋਕ ਪ੍ਰਭਾਵਤ ਹੋਏ ਅਤੇ 85 ਹਮਲੇ ਰਿਕਾਰਡ ਕੀਤੇ ਗਏ। ਦੱਸਿਆ ਗਿਆ ਕਿ 25 ਮੁਸਲਿਮ ਇਨ੍ਹਾਂ ਘਟਨਾਵਾਂ 'ਚ ਮਾਰੇ ਗਏ ਅਤੇ 173 ਇਨ੍ਹਾਂ ਦੁਰਘਟਨਾਵਾਂ 'ਚ ਜ਼ਖ਼ਮੀ ਹੋਏ। ਇਹ ਘਟਨਾਵਾਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਝਾਰਖੰਡ, ਜਿੱਥੇ ਭਾਜਪਾ ਵਾਲਿਆਂ ਦਾ ਰਾਜ ਹੈ, ਹੋਈਆਂ ਨੋਟ ਕੀਤੀਆਂ। ਮੁੱਖ ਤੌਰ 'ਤੇ ਇਹ ਘਟਨਾਵਾਂ ਚੋਣਾਂ ਦੌਰਾਨ ਹੋਈਆਂ ਹਿੰਸਾ ਦੌਰਾਨ ਵਾਪਰੀਆਂ। ਜਿਹੜੀਆਂ ਮੁੱਖ ਤੌਰ 'ਤੇ ਨਫ਼ਰਤੀ ਭਾਸ਼ਣਾਂ ਦਾ ਸਿੱਟਾ ਸਨ। ਜੋ ਕਿ ਧਰਮਾਂ, ਜਾਤਾਂ ਦੇ ਵਿਰੁੱਧ ਦਿੱਤੇ ਗਏ, ਜਿਹੜੇ ਦੰਗਿਆਂ ਅਤੇ ਕਤਲੇਆਮ ਦਾ ਕਾਰਨ ਬਣੇ। ਇਨ੍ਹਾਂ ਨਫ਼ਰਤੀ ਘਟਨਾਵਾਂ ਵਿਚ ਔਰਤਾਂ ਅਤੇ ਬੱਚਿਆਂ ਤੱਕ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਇਨ੍ਹਾਂ ਘਟਨਾਵਾਂ ਵਿਚ 13 ਫ਼ੀਸਦੀ ਐੱਫ.ਆਈ.ਆਰ. ਹੀ ਦਰਜ ਹੋਈਆਂ।

ਇੱਥੇ ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਕੀ ਚੋਣਾਂ ਜਿੱਤਣ ਲਈ ਨਫ਼ਰਤੀ ਭਾਸ਼ਣ ਜ਼ਰੂਰੀ ਹਨ? ਕੀ ਨਫ਼ਰਤੀ ਭਾਸ਼ਣਾਂ ਦੇ ਸਿੱਟੇ ਵਜੋਂ ਪੈਦਾ ਹੋਈ ਹਿੰਸਾ ਲਈ ਕੀ ਰਾਜ-ਭਾਗ ਕਰ ਰਹੇ ਜਾਂ ਨਫ਼ਰਤ ਫੈਲਾਉਣ ਵਾਲੇ ਨੇਤਾ ਜ਼ਿੰਮੇਵਾਰ ਨਹੀਂ ਹਨ? ਜੇਕਰ ਇਸ ਕਿਸਮ ਦੀ ਨਫ਼ਰਤੀ ਹਿੰਸਾ ਜਾਰੀ ਰਹਿੰਦੀ ਹੈ ਦੇਸ਼ ਮਹਾਨ ਵਿਚ, ਤਾਂ ਕੀ ਭਾਰਤ ਟੁੱਟ ਨਹੀਂ ਜਾਏਗਾ? ਕੀ ਬਹੁ ਕੌਮੀ ਖਿੱਤੇ ਭਾਰਤ ਦਾ ਟੁੱਟਣਾ ਜਾਂ ਹਿੰਦੂ ਰਾਸ਼ਟਰ ਬਨਣ ਨਾਲ ਭਾਰਤ ਦੇਸ਼ ਦਾ ਨਾਸ ਨਹੀਂ ਮਾਰਿਆ ਜਾਏਗਾ, ਜਿਵੇਂ ਕਿ ਪਾਕਿਸਤਾਨ, ਬੰਗਲਾ ਦੇਸ਼ ਵਿਚ ਹੋਇਆ ਹੈ।

ਭਾਰਤ ਵਰਗੇ ਦੇਸ਼ ਨੂੰ ਚਲਾਉਣ ਲਈ ਜਮਹੂਰੀ, ਧਰਮ-ਨਿਰਪੱਖ ਤੇ ਸੰਘਵਾਦੀ ਸੋਚ ਦੀ ਲੋੜ ਹੈ, ਕਿਉਂਕਿ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਵੱਖ-ਵੱਖ ਭਾਸ਼ਾਵਾਂ ਅਤੇ ਸੱਭਿਆਚਾਰ 'ਤੇ ਆਧਾਰਿਤ ਕੌਮੀਅਤਾਂ ਵਸਦੀਆਂ ਹਨ। ਕੱਟੜਵਾਦੀ ਨਫ਼ਰਤੀ ਸੋਚ ਵਸਦੇ-ਰਸਦੇ ਭਾਰਤ ਦੀ ਤਬਾਹੀ ਵੱਲ ਵਧਦੇ ਭੈੜੇ ਕਦਮਾਂ ਦੀ ਨਿਸ਼ਾਨੀ ਹੈ। ਉਂਞ ਇਹ ਗੱਲ ਸਮਝਣ ਵਾਲੀ ਹੈ ਕਿ ਭਾਈਚਾਰਕ ਸਾਂਝ ਦੀ ਮਜ਼ਬੂਤੀ ਬਿਨਾਂ ਕੋਈ ਦੇਸ਼ ਤਰੱਕੀ ਨਹੀਂ ਕਰ ਸਕਦਾ।

ਧਰਮ, ਜਾਤ, ਨਸਲ ਅਤੇ ਭਾਸ਼ਾ ਆਧਾਰਿਤ ਰਾਜਨੀਤੀ ਕਿਸੇ ਵੀ ਸਮਾਜ ਅਤੇ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਜਿੱਥੇ - ਜਿੱਥੇ ਵੀ ਇਹ ਹੈ ਉਹ ਦੇਸ਼ ਪਛੜੇ ਹੋਏ ਹਨ।

ਅੱਜ ਦੇਸ਼ ਵਿਚ ਜੋ ਹਾਲਾਤ ਨਫ਼ਰਤੀ ਵਰਤਾਰੇ ਨਾਲ ਬਣ ਰਹੇ ਹਨ, ਉਨ੍ਹਾਂ ਨੂੰ ਠੱਲ੍ਹ ਪਾਉਣ ਦੀ ਲੋੜ ਹੈ, ਇਸ ਸੰਬੰਧੀ ਜਿੱਥੇ ਕਾਨੂੰਨੀ ਚਾਰਾਜੋਈ ਹੋਣੀ ਜ਼ਰੂਰੀ ਹੈ, ਉੱਥੇ ਦੇਸ਼ ਦੇ ਹਾਕਮਾਂ ਨੂੰ ਸੌੜੀ ਸੋਚ ਤਿਆਗ ਕੇ ਦੇਸ਼ ਦੀ ਤਰੱਕੀ, ਲੋਕਾਂ ਦੀ ਭਲਾਈ ਲਈ ਕੰਮ ਕਰਨ ਨੂੰ ਪਹਿਲ ਦੇਣੀ ਹੋਏਗੀ, ਕਿਉਂਕਿ ਹਾਕਮ ਸੋਚ ਬਦਲੇ ਬਿਨਾਂ ਦੇਸ਼ 'ਚ ਨਫ਼ਰਤ ਖ਼ਤਮ ਨਹੀਂ ਹੋ ਸਕਦੀ। ਕਰਨਾਟਕ ਸਰਕਾਰ ਨੇ ਨਫ਼ਰਤੀ ਭਾਸ਼ਣ ਅਤੇ ਨਫ਼ਰਤੀ ਅਪਰਾਧ ਰੋਕ ਬਿੱਲ-2025 ਪਾਸ ਕਰਨ ਲਈ ਪਹਿਲਕਦਮੀ ਕੀਤੀ ਹੈ, ਜਿਸ ਵਿਚ ਸੰਗਠਨਾਤਮਕ ਜਵਾਬਦੇਹੀ ਦਾ ਪ੍ਰਾਵਾਧਾਨ ਕੀਤਾ ਗਿਆ ਹੈ, ਜਿਸਦੇ ਤਹਿਤ ਜ਼ਿੰਮੇਵਾਰ ਪੁਜੀਸ਼ਨਾਂ 'ਤੇ ਬੈਠੇ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਜੇਕਰ ਨਫ਼ਰਤੀ ਭਾਸ਼ਣ ਉਨ੍ਹਾਂ ਦੇ ਸੰਗਠਨ ਨਾਲ ਜੁੜਿਆ ਹੈ, ਇਹ ਬਿੱਲ ਰਾਜ ਸਰਕਾਰ ਨੂੰ ਆਨਲਾਈਨ ਨਫ਼ਰਤੀ ਸਮੱਗਰੀ ਨੂੰ ਬਲਾਕ ਕਰਨ ਜਾਂ ਹਟਾਉਣ ਦਾ ਹੱਕ ਦਿੰਦਾ ਹੈ, ਜਿਸ ਨਾਲ ਨਫ਼ਰਤੀ ਭਾਸ਼ਣ ਦੇ ਨਫ਼ਰਤੀ ਪ੍ਰਸਾਰ ਨੂੰ ਰੋਕਿਆ ਜਾ ਸਕੇ।

ਅਸਲ ਵਿਚ ਤਾਂ ਇਹੋ ਜਿਹਾ ਕਾਨੂੰਨ ਦੇਸ਼ ਪੱਧਰ 'ਤੇ ਬਣਾਉਣ ਅਤੇ ਲਾਗੂ ਕਰਨ ਦੀ ਲੋੜ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਇੰਞ ਹੋ ਸਕੇਗਾ? ਕੀ ਨਫ਼ਰਤੀ ਭਾਸ਼ਣਾਂ ਨੂੰ ਨਾ ਰੋਕ ਕੇ ਜਾਂ ਵੱਡੇ ਨੇਤਾਵਾਂ ਦੇ ਨਫ਼ਰਤੀ ਭਾਸ਼ਣਾਂ ਪ੍ਰਤੀ ਚੁੱਪੀ ਧਾਰ ਕੇ ਦੇਸ਼ ਦਾ ਚੋਣ ਕਮਿਸ਼ਨ ਜਾਂ ਹੋਰ ਸੰਬੰਧਤ ਰਾਜ ਅਧਿਕਾਰੀ ਇੰਨਾ ਹੌਸਲਾ ਕਰ ਸਕਣਗੇ, ਕਿਉਂਕਿ ਮੌਜੂਦਾ ਹਾਕਮਾਂ ਨੇ ਦੇਸ਼ ਦੀਆਂ ਖ਼ੁਦਮੁਖਤਾਰ ਸੰਸਥਾਵਾਂ ਦਾ ਲੱਕ ਤੋੜ ਦਿੱਤਾ ਹੋਇਆ ਹੈ।

ਭਾਰਤੀ ਸੁਪਰੀਮ ਕੋਰਟ ਨੇ ਹੇਟ ਸਪੀਚ (ਨਫ਼ਰਤ ਭਰੇ ਭਾਸ਼ਣ) ਉੱਤੇ ਸਖ਼ਤ ਰੁਖ਼ ਅਪਨਾਉਂਦੇ ਹੋਏ ਕਿਹਾ ਹੈ ਕਿ ਇਹੋ ਜਿਹੀਆਂ ਘਟਨਾਵਾਂ ਉੱਤੇ ਐੱਫ.ਆਈ.ਆਰ. ਦਰਜ ਹੋਣੀਆਂ ਚਾਹੀਦੀਆਂ ਹਨ, ਭਲੇ ਹੀ ਸ਼ਿਕਾਇਤ ਨਾ ਵੀ ਹੋਵੇ ਅਤੇ ਹਰ ਵਿਅਕਤੀ ਦਾ ਸਨਮਾਨ ਕਰਦੇ ਹੋਏ ਇਸਨੂੰ ਰੋਕਣਾ ਜ਼ਰੂਰੀ ਹੈ। ਅਧਿਕਾਰੀਆਂ ਨੂੰ ਕਾਰਵਾਈ ਵਿਚ ਹਿਚਕਚਾਹਟ ਨਹੀਂ ਦਿਖਾਉਣੀ ਚਾਹੀਦੀ, ਕਿਉਂਕਿ ਇਹ ਦੇਸ਼ ਦੇ ਧਰਮ ਨਿਰਪੱਖ ਤਾਣੇ-ਬਾਣੇ ਦੇ ਲਈ ਖ਼ਤਰਾ ਹੈ। ਕੋਰਟ ਨੇ ਪੁਲਿਸ ਦੀ ਆਈ.ਪੀ.ਸੀ. ਧਾਰਾ-153 ਏ, 153 ਬੀ, 295 ਏ ਅਤੇ 505 ਦੇ ਹਵਾਲੇ ਤਹਿਤ ਹੁਕਮ ਦਿੱਤੇ ਹਨ, ਲੇਕਿਨ ਨਾਲ ਹੀ ਨਾਲ ਇਹ ਵੀ ਕਿਹਾ ਹੈ ਕਿ ਉਹ ਹਰ ਘਟਨਾ ਉੱਤੇ ਕਾਨੂੰਨ ਨਹੀਂ ਬਣਾ ਸਕਦੀ ਅਤੇ ਨਾਗਰਿਕਾਂ ਨੂੰ ਵੀ ਆਪਣੀ ਸੀਮਾ ਸਮਝਣੀ ਚਾਹੀਦੀ ਹੈ।

ਪਰ ਸਵਾਲਾਂ ਦਾ ਸਵਾਲ ਤਾਂ ਉੱਥੇ ਹੀ ਖੜ੍ਹਾ ਹੈ, ਕੀ ਦੇਸ਼ ਦੀ ਹਾਕਮ ਧਿਰ ਨਫ਼ਰਤੀ ਵਰਤਾਰੇ ਨੂੰ ਰੋਕਣ ਲਈ ਕਦਮ ਚੁੱਕਣ ਲਈ ਤਿਆਰ ਹੈ ਜਾਂ ਨਹੀਂ। ਸੰਕੇਤ ਚੰਗੇ ਨਹੀਂ ਹਨ।



ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,
ਉੱਬਾ ਭਵਨ, ਆਰੀਆਨਗਰ,
ਹਿਸਾਰ (ਹਰਿਆਣਾ)-127045
(ਫ.) 7015375570 (ਟੌਕ+ਵਟਸਐਪ)
ਪੰਜਾਬ ਮੇਲ USA


# "ਡੇਟਾ ਬ੍ਰੋਕਰੇਜ ਅਤੇ ਕ੍ਰੈਡਿਟ ਰਸ਼: ਪ੍ਰਾਈਵੇਟ ਬੈਂਕਾਂ ਦਾ ਨਵਾਂ ਲੋਕਤੰਤਰ"




**ਬਹੁਤ ਸਾਰੀਆਂ ਮੋਬਾਈਲ ਐਪਲੀਕੇਸ਼ਨਾਂ ਹਨ, ਜੋ ਸਾਡੀ ਸੰਪਰਕ ਸੂਚੀ, ਸੁਨੇਹਿਆਂ, ਸਥਾਨ ਅਤੇ ਇੱਥੋਂ ਤੱਕ ਕਿ ਸਾਡੀਆਂ ਫੋਟੋਆਂ ਤੱਕ ਪਹੁੰਚ ਮੰਗਦੀਆਂ ਹਨ। ਅਤੇ ਅਸੀਂ, ਸਹੂਲਤ ਦੇ ਨਾਮ 'ਤੇ, ਉਨ੍ਹਾਂ ਨੂੰ ਸਹਿਮਤੀ ਦਿੰਦੇ ਹਾਂ। ਬਾਅਦ ਵਿਚ ਇਹ ਜਾਣਕਾਰੀ ਵੱਖ-ਵੱਖ ਵਿਚੋਲਿਆਂ ਦੁਆਰਾ ਨਿੱਜੀ ਬੈਂਕਾਂ ਅਤੇ ਵਿਕਰੀ ਏਜੰਟਾਂ ਨੂੰ ਵੇਚ ਦਿੱਤੀ ਜਾਂਦੀ ਹੈ।**

"ਹੈਲੋ ਸਰ/ਮੈਡਮ, ਕੀ ਤੁਸੀਂ ਨਿੱਜੀ ਕਰਜ਼ਾ ਲੈਣਾ ਚਾਹੋਗੇ?"

ਕਦੇ ਦੁਪਹਿਰ ਦੀ ਨੀਂਦ ਦੌਰਾਨ, ਕਦੇ ਮੀਟਿੰਗ ਦੌਰਾਨ, ਕਦੇ ਮੰਦਰ ਦੇ ਬਾਹਰ, ਅਤੇ ਕਦੇ ਗੱਡੀ ਚਲਾਉਂਦੇ ਸਮੇਂ – ਇਹ ਆਵਾਜ਼ ਹੁਣ ਸਾਡੀ ਜ਼ਿੰਦਗੀ ਵਿਚ ਇੱਕ ਲਾਜ਼ਮੀ ਪਿਛੋਕੜ ਬਣ ਗਈ ਹੈ।

ਇਹ ਸਿਰਫ਼ ਇੱਕ ਆਵਾਜ਼ ਨਹੀਂ ਹੈ, ਸਗੋਂ ਇੱਕ ਨਕਲੀ ਜ਼ੁਲਮ ਹੈ – ਇਹ ਐਲਾਨ ਕਰਨਾ ਕਿ ਸਾਡੇ ਨਾਮ, ਟੈਲੀਫੋਨ ਨੰਬਰ ਅਤੇ ਜ਼ਰੂਰਤਾਂ ਹੁਣ ਬਾਜ਼ਾਰ ਦੀ ਜਾਇਦਾਦ ਹਨ।

ਜਦੋਂ ਸਰਕਾਰਾਂ 'ਡਿਜ਼ੀਟਲ ਇੰਡੀਆ' ਦੇ ਨਾਅਰੇ ਲਗਾਉਂਦੀਆਂ ਹਨ, ਉਸੇ ਸਮੇਂ ਨਿੱਜੀ ਬੈਂਕ ਸਾਡੀ ਜ਼ਿੰਦਗੀ ਦੀ ਸ਼ਾਂਤੀ ਕਿਸ਼ਤਾਂ ਵਿਚ ਵੇਚਣ ਲਈ ਆਉਂਦੇ ਹਨ।

ਉਨ੍ਹਾਂ ਨੂੰ ਸਾਡੇ ਟੈਲੀਫੋਨ ਨੰਬਰ ਕੌਣ ਦਿੰਦਾ ਹੈ?

ਅੱਜ ਹਰ ਜਾਗਰੂਕ ਨਾਗਰਿਕ ਦੇ ਮਨ ਵਿਚ ਇਹ ਸਵਾਲ ਉੱਠਦਾ ਹੈ – ਪ੍ਰਾਈਵੇਟ ਬੈਂਕਾਂ ਜਾਂ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਸਾਡਾ ਮੋਬਾਈਲ ਨੰਬਰ, ਨਾਮ ਅਤੇ ਹੋਰ ਨਿੱਜੀ ਜਾਣਕਾਰੀ ਕਿੱਥੋਂ ਪ੍ਰਾਪਤ ਕਰਦੀਆਂ ਹਨ?

ਜਵਾਬ ਸਾਦਾ ਹੈ — ਅਸੀਂ ਖੁਦ, ਅਣਜਾਣੇ ਵਿਚ, ਇਹ ਜਾਣਕਾਰੀ ਬਾਜ਼ਾਰ ਨੂੰ ਸੌਂਪ ਦਿੰਦੇ ਹਾਂ। ਜਦੋਂ ਅਸੀਂ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰਦੇ ਸਮੇਂ ਇਸਨੂੰ ਪੜ੍ਹੇ ਬਿਨਾਂ "ਮੈਂ ਸਹਿਮਤ ਹਾਂ" 'ਤੇ ਕਲਿੱਕ ਕਰਦੇ ਹਾਂ, ਕਿਸੇ ਆਨਲਾਈਨ ਸ਼ਾਪਿੰਗ ਵੈੱਬਸਾਈਟ 'ਤੇ ਆਪਣਾ ਮੋਬਾਈਲ ਨੰਬਰ ਦਰਜ ਕਰਦੇ ਹਾਂ, ਜਾਂ ਕਿਸੇ ਨੌਕਰੀ ਪੋਰਟਲ 'ਤੇ ਆਪਣੇ ਵੇਰਵੇ ਭਰਦੇ ਹਾਂ, ਤਾਂ ਅਸੀਂ ਆਪਣੀ ਗੋਪਨੀਯਤਾ ਬਾਜ਼ਾਰ ਨੂੰ ਸੌਂਪ ਦਿੰਦੇ ਹਾਂ।

ਬਹੁਤ ਸਾਰੀਆਂ ਮੋਬਾਈਲ ਐਪਲੀਕੇਸ਼ਨਾਂ ਹਨ, ਜੋ ਸਾਡੀ ਸੰਪਰਕ ਸੂਚੀ, ਸੁਨੇਹਿਆਂ, ਸਥਾਨ ਅਤੇ ਇੱਥੋਂ ਤੱਕ ਕਿ ਸਾਡੀਆਂ ਫੋਟੋਆਂ ਤੱਕ ਪਹੁੰਚ ਮੰਗਦੀਆਂ ਹਨ। ਅਤੇ ਅਸੀਂ, ਸਹੂਲਤ ਦੇ ਨਾਮ 'ਤੇ, ਉਨ੍ਹਾਂ ਨੂੰ ਸਹਿਮਤੀ ਦਿੰਦੇ ਹਾਂ। ਬਾਅਦ ਵਿਚ ਇਹ ਜਾਣਕਾਰੀ ਵੱਖ-ਵੱਖ ਵਿਚੋਲਿਆਂ ਦੁਆਰਾ ਨਿੱਜੀ ਬੈਂਕਾਂ ਅਤੇ ਵਿਕਰੀ ਏਜੰਟਾਂ ਨੂੰ ਵੇਚ ਦਿੱਤੀ ਜਾਂਦੀ ਹੈ।

ਇਹ "ਡੇਟਾ ਬ੍ਰੋਕਰਿੰਗ" ਦਾ ਇੱਕ ਰੂਪ ਹੈ, ਜਿਸ ਵਿਚ ਇੱਕ ਵਿਅਕਤੀ ਦੀ ਨਿੱਜਤਾ ਨੂੰ ਇੱਕ ਕੀਮਤੀ ਵਸਤੂ ਵਜੋਂ ਨਿਲਾਮ ਕੀਤਾ ਜਾਂਦਾ ਹੈ।

## ਸਰਕਾਰੀ ਬੈਂਕ ਅਜਿਹੀ ਦਲੇਰੀ ਕਿਉਂ ਨਹੀਂ ਕਰਦੇ?

ਜਦੋਂ ਕਿ ਪ੍ਰਾਈਵੇਟ ਬੈਂਕ ਦਿਨ-ਰਾਤ ਮੋਬਾਈਲ ਫੋਨਾਂ 'ਤੇ ਕਰਜ਼ੇ ਦੀਆਂ ਪੇਸ਼ਕਸ਼ਾਂ ਭੇਜਦੇ ਹਨ, ਜਨਤਕ ਖੇਤਰ ਦੇ ਬੈਂਕ ਮੁਕਾਬਲਤਨ ਸ਼ਾਂਤ ਅਤੇ ਰਵਾਇਤੀ ਢੰਗ ਨਾਲ ਕੰਮ ਕਰਦੇ ਹਨ।

ਅੱਜ ਵੀ, ਸਰਕਾਰੀ ਬੈਂਕਾਂ ਨੂੰ ਕਰਜ਼ਾ ਲੈਣ ਲਈ ਬਹੁਤ ਸਾਰੇ ਕਾਗਜ਼ਾਤ, ਦਸਤਾਵੇਜ਼ਾਂ ਦੀ ਪ੍ਰਮਾਣਿਕਤਾ, ਗਾਰੰਟਰਾਂ ਅਤੇ ਕਈ ਤਰ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਲੋੜ ਹੁੰਦੀ ਹੈ। ਇਹ ਬੈਂਕ ਵਿਕਰੀ ਨੂੰ ਨਹੀਂ, ਸੇਵਾ ਨੂੰ ਤਰਜੀਹ ਦਿੰਦੇ ਹਨ।

ਉਨ੍ਹਾਂ ਕੋਲ ਪ੍ਰਾਈਵੇਟ ਬੈਂਕਾਂ ਵਾਂਗ ਵੱਡੇ ਮਾਰਕੀਟਿੰਗ ਬਜਟ ਨਹੀਂ ਹਨ, ਅਤੇ ਨਾ ਹੀ ਏਜੰਟਾਂ ਨੂੰ ਕਮਿਸ਼ਨ ਦੇਣ ਲਈ ਇੰਨੀ ਮੁਕਾਬਲੇਬਾਜ਼ੀ ਹੈ। ਇਸ ਲਈ ਉਹ ਬਿਨਾਂ ਪੁੱਛੇ ਕਿਸੇ ਨੂੰ ਫ਼ੋਨ ਨਹੀਂ ਕਰਦੇ।

ਇਹੀ ਕਾਰਨ ਹੈ ਕਿ ਤੁਹਾਨੂੰ ਕਦੇ ਵੀ ਕਿਸੇ ਵੀ ਸਰਕਾਰੀ ਬੈਂਕ ਤੋਂ "ਤੁਰੰਤ ਕਰਜ਼ਾ ਸਹੂਲਤ" ਦੀ ਪੇਸ਼ਕਸ਼ ਕਰਨ ਦਾ ਫੋਨ ਨਹੀਂ ਆਉਂਦਾ, ਜਦੋਂ ਕਿ ਪ੍ਰਾਈਵੇਟ ਬੈਂਕ ਤੁਹਾਨੂੰ ਗਾਹਕ ਨਾਲੋਂ "ਲਾਭਕਾਰੀ ਮੌਕੇ" ਵਜੋਂ ਵਧੇਰੇ ਦੇਖਦੇ ਹਨ।

## ਨਾ ਕਰਜ਼ਾ, ਨਾ ਗਰੀਬਾਂ ਲਈ ਕੋਈ ਮੰਗ - ਕਿਉਂ?

ਉਹ ਲੋਕ ਜੋ ਸੱਚਮੁੱਚ ਆਰਥਿਕ ਤੌਰ 'ਤੇ ਪਛੜੇ ਹੋਏ ਹਨ, ਜਿਨ੍ਹਾਂ ਨੂੰ ਕਰਜ਼ੇ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਨ੍ਹਾਂ ਨੂੰ ਨਾ ਤਾਂ ਕੋਈ ਫੋਨ ਆਉਂਦਾ ਹੈ ਅਤੇ ਨਾ ਹੀ ਕੋਈ ਬੈਂਕ ਪ੍ਰਤੀਨਿਧੀ ਉਨ੍ਹਾਂ ਦੇ ਦਰਵਾਜ਼ੇ 'ਤੇ ਆਉਂਦਾ ਹੈ।

ਅਜਿਹੇ ਲੋਕਾਂ ਦਾ "ਕ੍ਰੈਡਿਟ ਸਕੋਰ" ਨਹੀਂ ਹੁੰਦਾ, ਉਨ੍ਹਾਂ ਦੀ ਆਮਦਨ ਅਨਿਯਮਿਤ ਹੁੰਦੀ ਹੈ, ਅਤੇ ਉਨ੍ਹਾਂ ਕੋਲ ਕੋਈ ਜਾਇਦਾਦ ਜਾਂ ਬੈਂਕਿੰਗ ਇਤਿਹਾਸ ਨਹੀਂ ਹੁੰਦਾ। ਇਸ ਲਈ ਬੈਂਕ ਉਨ੍ਹਾਂ ਨੂੰ ਇੱਕ ਜ਼ੋਖਮ ਸਮਝਦੇ ਹਨ, ਇੱਕ ਸੰਭਾਵਨਾ ਨਹੀਂ।




ਇਸ ਦੇ ਨਾਲ ਹੀ, ਉਹ ਲੋਕ ਜੋ ਪਹਿਲਾਂ ਹੀ ਸਮੇਂ ਸਿਰ ਕਰਜ਼ਾ ਵਾਪਸ ਕਰ ਚੁੱਕੇ ਹਨ, ਉਹ ਲੋਕ ਜੋ ਆਨਲਾਈਨ ਖਰੀਦਦਾਰੀ ਕਰਦੇ ਹਨ ਜਾਂ ਵਧੇਰੇ ਆਮਦਨ ਵਾਲੇ – ਇਹ ਨਿੱਜੀ ਬੈਂਕਾਂ ਲਈ "ਨਿਸ਼ਾਨਾ" ਹਨ।

ਇਸ ਤਰ੍ਹਾਂ ਕਰਜ਼ਾ ਸਹੂਲਤਾਂ ਉਨ੍ਹਾਂ ਤੱਕ ਨਹੀਂ ਪਹੁੰਚਦੀਆਂ, ਜਿਨ੍ਹਾਂ ਨੂੰ ਅਸਲ ਵਿਚ ਉਨ੍ਹਾਂ ਦੀ ਲੋੜ ਹੈ, ਸਗੋਂ ਉਨ੍ਹਾਂ ਤੱਕ ਪਹੁੰਚਦੀਆਂ ਹਨ, ਜੋ ਪਹਿਲਾਂ ਹੀ ਅਮੀਰ ਹਨ।

## ਕੀ ਇਹ ਕਾਲ ਮਾਨਸਿਕ ਪਰੇਸ਼ਾਨੀ ਨਹੀਂ ਹੈ?

ਇਹ ਸਵਾਲ ਹੁਣ ਸਿਰਫ਼ ਰਾਏ ਦਾ ਮਾਮਲਾ ਨਹੀਂ ਰਿਹਾ, ਇਹ ਇੱਕ ਅਸਲ ਅਨੁਭਵ ਬਣ ਗਿਆ ਹੈ।

ਜ਼ਿਆਦਾਤਰ ਲੋਕ ਦਿਨ ਵਿਚ ਚਾਰ ਤੋਂ ਪੰਜ ਵਾਰ ਅਣਚਾਹੇ ਕਾਲਾਂ ਤੋਂ ਪਰੇਸ਼ਾਨ ਹੁੰਦੇ ਹਨ।

"ਨਮਸਤੇ, ਤੁਹਾਨੂੰ 5 ਲੱਖ ਰੁਪਏ ਤੱਕ ਦਾ ਕਰਜ਼ਾ ਮਨਜ਼ੂਰ ਹੋ ਗਿਆ ਹੈ..."

"ਬਸ ਇੱਕ ਦਸਤਾਵੇਜ਼ ਜਮ੍ਹਾਂ ਕਰੋ ਅਤੇ ਅੱਜ ਹੀ ਪੈਸੇ ਪ੍ਰਾਪਤ ਕਰੋ..."

"ਤੁਹਾਡਾ ਕਰਜ਼ਾ ਪਹਿਲਾਂ ਹੀ ਮਨਜ਼ੂਰ ਹੋ ਗਿਆ ਹੈ, ਬਸ ਆਖਰੀ ਪੜਾਅ ਬਾਕੀ ਹੈ..."

ਇਨ੍ਹਾਂ ਕਾਲਾਂ ਨੂੰ ਰੱਦ ਕਰਨ ਤੋਂ ਬਾਅਦ ਵੀ, ਸ਼ਾਂਤੀ ਨਹੀਂ ਮਿਲਦੀ। ਜੇਕਰ ਇੱਕ ਨੰਬਰ ਡਿਸਕਨੈਕਟ ਹੋ ਜਾਂਦਾ ਹੈ, ਤਾਂ ਦੂਜੀ ਕਾਲ ਆਉਣੀ ਸ਼ੁਰੂ ਹੋ ਜਾਂਦੀ ਹੈ। 'ਕਿਰਪਾ ਕਰਕੇ ਮੈਨੂੰ ਪਰੇਸ਼ਾਨ ਨਾ ਕਰੋ' ਸੇਵਾ (ਡੀ.ਐੱਨ.ਡੀ.) ਨੂੰ ਸਰਗਰਮ ਕਰਨ ਦੇ ਬਾਵਜੂਦ, ਇਹ ਕਾਲਾਂ ਆਉਂਦੀਆਂ ਰਹਿੰਦੀਆਂ ਹਨ।

ਇਹ "ਵਿੱਤੀ ਮਾਨਸਿਕ ਹਿੰਸਾ" ਦਾ ਇੱਕ ਰੂਪ ਹੈ, ਜਿਸ ਨਾਲ ਇੱਕ ਵਿਅਕਤੀ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਕੋਈ ਮੌਕਾ ਗੁਆ ਰਿਹਾ ਹੈ ਜਾਂ ਕਰਜ਼ਾ ਨਾ ਲੈਣ 'ਤੇ ਵਿੱਤੀ ਤੌਰ 'ਤੇ ਪਿੱਛੇ ਰਹਿ ਰਿਹਾ ਹੈ।

## ਡਾਟਾ ਕੌਣ ਵੇਚ ਰਹੇ ਹਨ?

ਨਿੱਜਤਾ ਦੀ ਇਹ ਚੋਰੀ ਸਿਰਫ਼ ਬੈਂਕਾਂ ਦੁਆਰਾ ਹੀ ਨਹੀਂ ਕੀਤੀ ਜਾਂਦੀ। ਇਸਦੇ ਪਿੱਛੇ ਇੱਕ ਵੱਡਾ ਅਤੇ ਸੰਗਠਿਤ ਸਿਸਟਮ ਹੈ, ਜਿਸ ਵਿਚ ਮੋਬਾਈਲ ਸੇਵਾ ਪ੍ਰਦਾਤਾ ਕੰਪਨੀਆਂ, ਵੱਖ-ਵੱਖ ਮੋਬਾਈਲ ਐਪਲੀਕੇਸ਼ਨਾਂ, ਨੌਕਰੀ ਖੋਜ ਪੋਰਟਲ, ਬੀਮਾ ਵਿਕਰੇਤਾ, ਈ-ਕਾਮਰਸ ਕੰਪਨੀਆਂ ਅਤੇ ਇੱਥੋਂ ਤੱਕ ਕਿ ਕੁਝ ਸਰਕਾਰੀ ਵੈੱਬਸਾਈਟਾਂ ਵੀ ਸ਼ਾਮਲ ਹੋ ਸਕਦੀਆਂ ਹਨ।

ਇਹ ਸੰਸਥਾਵਾਂ ਕਈ ਤਰੀਕਿਆਂ ਨਾਲ ਸਾਡੇ ਨਿੱਜੀ ਵੇਰਵੇ ਇਕੱਠੇ ਕਰਦੀਆਂ ਹਨ ਅਤੇ ਫਿਰ ਅਕਸਰ ਉਨ੍ਹਾਂ ਨੂੰ ਖੁੱਲ੍ਹੇ ਬਾਜ਼ਾਰ ਵਿਚ ਵੇਚਦੀਆਂ ਹਨ।

ਕਈ ਵਾਰ ਬੈਂਕ ਦੇ ਪ੍ਰਤੀਨਿਧੀ ਤੁਹਾਨੂੰ ਫ਼ੋਨ ਕਰਦੇ ਹਨ ਅਤੇ ਤੁਹਾਡੇ ਪਿਤਾ ਦਾ ਨਾਮ, ਤੁਹਾਡੀ ਜਨਮ ਮਿਤੀ, ਤੁਹਾਡੀ ਨੌਕਰੀ, ਅਤੇ ਇੱਥੋਂ ਤੱਕ ਕਿ ਤੁਹਾਡੀ ਮਹੀਨਾਵਾਰ ਆਮਦਨ ਵੀ ਦੱਸਦੇ ਹਨ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸਾਡੀ ਨਿੱਜੀ ਜ਼ਿੰਦਗੀ ਹੁਣ ਇੱਕ ਜਨਤਕ ਪਲੇਟਫਾਰਮ 'ਤੇ ਵਿਕਰੀ ਲਈ ਇੱਕ ਵਸਤੂ ਬਣ ਗਈ ਹੈ।

## ਸਰਕਾਰ ਕੀ ਕਰ ਰਹੀ ਹੈ?


ਸਰਕਾਰ ਨੇ ਸਾਲ 2023 ਵਿਚ 'ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਬਿੱਲ' ਪਾਸ ਕੀਤਾ ਸੀ। ਇਸ ਅਨੁਸਾਰ, ਕਿਸੇ ਵੀ ਸੰਗਠਨ ਨੂੰ ਤੁਹਾਡੀ ਇਜਾਜ਼ਤ ਤੋਂ ਬਿਨਾਂ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਰਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਪਰ ਅਮਲ ਵਿਚ, ਇਹ ਬਿੱਲ ਅਜੇ ਵੀ ਕਾਗਜ਼ਾਂ ਤੱਕ ਸੀਮਤ ਹੈ। ਨਾ ਤਾਂ ਕਾਲਾਂ ਰੁਕੀਆਂ ਹਨ, ਨਾ ਹੀ ਡੇਟਾ ਦੀ ਦਲਾਲੀ ਰੁਕੀ ਹੈ। ਜਦੋਂ ਤੱਕ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਲਈ ਸਖ਼ਤ ਜੁਰਮਾਨੇ ਅਤੇ ਸਪੱਸ਼ਟ ਨਿਯੰਤਰਣ ਨਹੀਂ ਹੁੰਦੇ, ਨਾਗਰਿਕਾਂ ਦੀ ਨਿੱਜਤਾ ਸਿਰਫ਼ ਇੱਕ ਹਾਸੋਹੀਣੀ ਧਾਰਨਾ ਹੀ ਰਹੇਗੀ।

# ਦੁੱਲਾ ਭੱਟੀ, ਜਿਸ ਦਾ ਵਰਨਣ ਕੀਤੇ ਬਗੈਰ ਲੋਹੜੀ ਦੇ ਗੀਤ ਅਧੂਰੇ ਹਨ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA

ਪੰਜਾਬ ਦੇ ਚਾਰ ਮਸ਼ਹੂਰ ਲੋਕ ਨਾਇਕਾਂ ਜੱਗਾ ਡਾਕੂ, ਜਿਊਣਾ ਮੌੜ ਅਤੇ ਸੁੱਚਾ ਸੂਰਮਾ ਵਿਚੋਂ ਅਬਦੁੱਲਾ ਖਾਨ ਭੱਟੀ ਉਰਫ ਦੁੱਲਾ ਭੱਟੀ ਸਭ ਤੋਂ ਪਹਿਲਾਂ ਹੋਇਆ ਸੀ। ਦੁੱਲਾ ਭੱਟੀ ਪੰਜਾਬ ਦਾ ਪਹਿਲਾ ਰੌਬਿਨ ਹੁੱਡ ਜਿਸ ਦਾ ਜਨਮ 1569 ਈ. ਦੇ ਕਰੀਬ ਅਕਬਰ ਮਹਾਨ ਦੇ ਸ਼ਾਸਨ ਕਾਲ ਦੌਰਾਨ ਹੋਇਆ ਸੀ। ਉਸ ਦੀ ਮਾਂ ਦਾ ਨਾਮ ਲੱਧੀ ਅਤੇ ਬਾਪ ਦਾ ਨਾਮ ਰਾਏ ਫਰੀਦ ਖਾਨ ਭੱਟੀ ਸੀ, ਜੋ ਮੁਸਲਿਮ ਰਾਜਪੂਤ ਸੀ। ਫਰੀਦ ਖਾਨ ਸਾਂਦਲ ਬਾਰ ਦੇ ਪਿੰਡੀ ਭੱਟੀਆਂ ਇਲਾਕੇ ਦਾ ਸਰਦਾਰ ਸੀ ਤੇ ਉਸ ਦਾ ਪ੍ਰਭਾਵ ਲਹਿੰਦੇ ਪੰਜਾਬ ਦੇ ਮੌਜੂਦਾ ਜ਼ਿਲ੍ਹੇ ਹਾਫੀਜ਼ਾਬਾਦ ਤੋਂ ਲੈ ਕੇ ਮੁਲਤਾਨ ਤੱਕ ਸੀ। ਪਿੰਡੀ ਭੱਟੀਆਂ ਦਾ ਇਲਾਕਾ ਅੱਜਕੱਲ੍ਹ ਪਾਕਿਸਤਾਨ ਦੇ ਜ਼ਿਲ੍ਹਾ ਫੈਸਲਾਬਾਦ ਦੇ ਅਧੀਨ ਪੈਂਦਾ ਹੈ। ਅਕਬਰ ਤੋਂ ਪਹਿਲਾਂ ਭਾਰਤ ਵਿਚ ਜ਼ਮੀਨਾਂ ਦਾ ਲਗਾਨ ਇਕੱਠਾ ਕਰਨ ਵੇਲੇ ਬਹੁਤ ਧਾਂਦਲੀ ਚੱਲਦੀ ਸੀ, ਜਿਸ ਕਾਰਨ ਉਸ ਨੇ ਆਪਣੇ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਦੀ ਮਦਦ ਨਾਲ ਸਾਰੇ ਰਾਜ ਵਿਚ ਜ਼ਮੀਨ ਦੀ ਮਿਣਤੀ ਕਰਵਾਈ ਤੇ ਉਸੇ ਹਿਸਾਬ ਨਾਲ ਲਗਾਨ ਨਿਸ਼ਚਿਤ ਕਰ ਦਿੱਤਾ। ਮਾਮਲਾ ਉਗਰਾਹੁਣਾ ਜ਼ਿੰਮੀਦਾਰ ਆਪਣਾ ਰੱਬੀ ਹੱਕ ਸਮਝਦੇ ਸਨ, ਜਿਸ ਕਾਰਨ ਅਕਬਰ ਵੱਲੋਂ ਸਿੱਧਾ ਮਾਮਲਾ ਉਗਰਾਹੁਣ 'ਤੇ ਉਹ ਭੜਕ ਗਏ ਤੇ ਬਗਾਵਤਾਂ ਸ਼ੁਰੂ ਕਰ ਦਿੱਤੀਆਂ। ਬਾਰਾਂ ਵਿਚ ਰਹਿਣ ਵਾਲੇ ਲੋਕ ਮੁੱਢ ਤੋਂ ਹੀ ਬਾਗੀ ਸਨ ਤੇ ਮਹਿਮੂਦ ਗਜ਼ਨਵੀ ਅਤੇ ਬਾਬਰ ਨੂੰ ਵੀ ਇਸ ਇਲਾਕੇ ਵਿਚ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਲੜਨ ਭਿੜਨ ਤੇ ਲੁੱਟਮਾਰ ਦੇ ਸ਼ੌਕੀਨ ਇਹ ਲੋਕ ਸਰਕਾਰੀ ਹਕੂਮਤ ਨੂੰ ਨਹੀਂ ਸਨ ਮੰਨਦੇ, ਇੱਥੋਂ ਤੱਕ ਕਿ ਆਪਣੇ ਇਲਾਕੇ 'ਚੋਂ ਗੁਜ਼ਰਨ ਵਾਲੇ ਕਾਫਲਿਆਂ ਤੇ ਸਰਕਾਰੀ ਖਜ਼ਾਨੇ ਨੂੰ ਵੀ ਲੁੱਟ ਲੈਂਦੇ ਸਨ। ਫਰੀਦ ਖਾਨ ਭੱਟੀ ਨੇ ਵੀ ਬਗਾਵਤ ਕਰ ਦਿੱਤੀ ਪਰ ਮੁਗਲ ਸੈਨਾਂ ਨੇ ਜਲਦੀ ਹੀ ਬਗਾਵਤਾਂ ਦਬਾ ਦਿੱਤੀਆਂ। ਫਰੀਦ ਖਾਨ ਤੇ ਉਸ ਦੇ ਬਾਪ ਸਾਂਦਲ ਖਾਨ ਭੱਟੀ ਨੂੰ ਫਾਂਸੀ ਲਗਾ ਦਿੱਤਾ ਗਿਆ ਤੇ ਜਗੀਰਾਂ ਜ਼ਬਤ ਕਰ ਲਈਆਂ ਗਈਆਂ। ਕਹਿੰਦੇ ਹਨ ਕਿ ਫਰੀਦ ਖਾਨ, ਸਾਂਦਲ ਖਾਨ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਾਸ਼ਾਂ ਤੂੜੀ ਨਾਲ ਭਰ ਕੇ ਸ਼ਾਹੀ ਕਿਲ੍ਹਾ ਲਾਹੌਰ ਦੇ ਦਰਵਾਜ਼ੇ 'ਤੇ ਲਟਕਾ ਦਿੱਤੀਆਂ ਗਈਆਂ ਸਨ।

ਦੁੱਲੇ ਦਾ ਜਨਮ ਫਰੀਦ ਦੇ ਮਰਨ ਤੋਂ ਚਾਰ ਮਹੀਨੇ ਬਾਅਦ ਹੋਇਆ ਸੀ ਤੇ ਸ਼ੁਰੂ ਵਿਚ ਉਸ ਪਤਾ ਨਹੀਂ ਸੀ ਕਿ ਉਸ ਦੇ ਬਾਪ-ਦਾਦੇ ਨਾਲ ਕੀ ਵਾਪਰਿਆ ਸੀ। ਉਹ ਬਚਪਨ ਤੋਂ ਹੀ ਬੜਾ ਦਲੇਰ ਅਤੇ ਬਾਗੀ ਕਿਸਮ ਦਾ ਸੀ ਤੇ ਤੀਰ, ਤਲਵਾਰ, ਬੰਦੂਕਾਂ ਆਦਿ ਚਲਾਉਣ ਦਾ ਸ਼ੌਕੀਨ ਸੀ। ਉਸ ਨੂੰ ਪੜ੍ਹਾਈ ਲਈ ਮਸੀਤੇ ਭੇਜਿਆ ਗਿਆ ਪਰ ਜਦੋਂ ਮੌਲਵੀ ਨੇ ਸਖਤੀ ਕੀਤੀ, ਤਾਂ ਉਸ ਨੇ ਪੜ੍ਹਨਾ ਹੀ ਛੱਡ ਦਿੱਤਾ। ਗੁਲੇਲ ਨਾਲ ਔਰਤਾਂ ਦੇ ਘੜੇ ਭੰਨ੍ਹ ਦੇਂਦਾ, ਤਾਂ ਲੱਧੀ ਉਸ ਨੂੰ ਡਾਂਟਣ ਦੀ ਬਜਾਏ ਆਪਣੇ ਸਵਰਗਵਾਸੀ ਪਤੀ ਦੀ ਇੱਕੋ ਇੱਕ ਨਿਸ਼ਾਨੀ ਸਮਝ ਕੇ ਨਵੇਂ ਘੜੇ ਲੈ ਦੇਂਦੀ। ਜਵਾਨ ਹੋਣ 'ਤੇ ਜਦੋਂ ਉਸ ਨੂੰ ਆਪਣੇ ਬਾਪ-ਦਾਦੇ ਦੀ ਹੋਣੀ ਬਾਰੇ ਪਤਾ ਲੱਗਾ, ਤਾਂ ਉਹ ਭੜਕ ਉੱਠਿਆ ਤੇ ਅਕਬਰ ਅਤੇ ਮੁਗਲ ਰਾਜ ਦੇ ਖਿਲਾਫ ਬਗਾਵਤ ਕਰ ਦਿੱਤੀ। ਉਸ ਨੇ ਸਰਕਾਰੀ ਖਜ਼ਾਨਾ ਲੁੱਟ ਕੇ ਲੋਕਾਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਖਰਚੇ 'ਤੇ ਗਰੀਬ ਘਰਾਂ ਦੀਆਂ ਅਨੇਕਾਂ ਲੜਕੀਆਂ ਦੇ ਵਿਆਹ ਕੀਤੇ। ਮੁਗਲਾਂ ਦੇ ਕਈ ਅਹਿਲਕਾਰਾਂ ਤੇ ਸੈਨਿਕਾਂ ਨੂੰ ਕਤਲ ਕਰ ਦਿੱਤਾ ਗਿਆ ਤੇ ਸਾਂਦਲ ਬਾਰ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਦੇ ਕਬਜ਼ੇ ਵਿਚੋਂ ਇੱਕ ਤਰ੍ਹਾਂ ਨਾਲ ਆਜ਼ਾਦ ਹੀ ਹੋ ਗਿਆ ਸੀ। ਲੋਕ ਕਥਾ ਹੈ ਕਿ ਉਸ ਨੇ ਹੱਜ ਕਰਨ ਜਾਂਦੀ ਅਕਬਰ ਦੀ ਇੱਕ ਬੇਗਮ ਲੁੱਟ ਲਈ ਸੀ ਜਾਂ ਬੰਦੀ ਬਣ ਲਈ ਸੀ ਪਰ ਇਸ ਸਬੰਧੀ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਉਸ ਦੇ ਕਈ ਡਾਕੇ ਬੜੇ ਮਸ਼ਹੂਰ ਹੋਏ ਸਨ। ਉਸ ਨੇ ਅਕਬਰ ਲਈ ਖਾਸ ਅਰਬੀ ਘੋੜੇ ਲੈ ਕੇ ਜਾਂਦੇ ਕਾਬਲ ਦੇ ਵਪਾਰੀ ਅਤੇ ਸ਼ਾਹ ਇਰਾਨ ਵੱਲੋਂ ਅਕਬਰ ਲਈ ਭੇਜੇ ਗਏ ਤੋਹਫੇ ਲੁੱਟ ਕੇ ਤਰਥੱਲੀ ਮਚਾ ਦਿੱਤੀ ਸੀ। ਲੁੱਟਿਆ ਸਮਾਨ ਗਰੀਬਾਂ ਵਿਚ ਵੰਡਣ ਕਾਰਨ ਲੋਕ ਉਸ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਨ ਲੱਗ ਪਏ ਸਨ। ਉਸ ਕੱਟੜਤਾ ਵਾਲੇ ਯੁੱਗ ਵਿਚ ਵੀ ਉਹ ਧਾਰਮਿਕ ਤੌਰ 'ਤੇ ਬਹੁਤ ਹੀ ਸਹਿਣਸ਼ੀਲ ਸੀ ਤੇ ਇਲਾਕੇ ਦੇ ਹਿੰਦੂਆਂ ਪ੍ਰਤੀ ਉਸ ਦਾ ਵਿਵਹਾਰ ਬਹੁਤ ਹੀ ਪਿਆਰ ਭਰਿਆ ਸੀ। ਇਸੇ ਕਾਰਨ ਉਹ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਨਾਇਕ ਹੈ। ਉਸ ਨੇ ਸੁੰਦਰੀ ਮੁੰਦਰੀ ਨਾਮਕ ਦੋ ਹਿੰਦੂ ਲੜਕੀਆਂ ਨੂੰ ਜਗੀਰਦਾਰ ਦੇ ਪੰਜੇ ਵਿਚੋਂ ਬਚਾ ਕੇ ਤੇ ਬਾਪ ਬਣ ਕੇ ਉਨ੍ਹਾਂ ਦਾ ਵਿਆਹ ਕਰਵਾਇਆ ਸੀ ਤੇ ਸਾਰਾ ਦਹੇਜ ਵੀ ਖੁਦ ਦਿੱਤਾ ਸੀ। ਉਸ ਦੇ ਇਸ ਕਾਰਨਾਮੇ ਨੇ ਉਸ ਨੂੰ ਹਮੇਸ਼ਾਂ ਲਈ ਅਮਰ ਕਰ ਦਿੱਤਾ ਹੈ। ਅੱਜ ਤੱਕ ਹਰ ਸਾਲ ਲੋਕ ਉਸ ਨੂੰ ਲੋਹੜੀ ਦੇ ਤਿਉਹਾਰ 'ਤੇ "ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ" ਗਾ ਕੇ ਯਾਦ ਕਰਦੇ ਹਨ।




ਮੁਗਲਾਂ ਦੇ ਕਈ ਅਹਿਲਕਾਰਾਂ ਤੇ ਸੈਨਿਕਾਂ ਨੂੰ ਕਤਲ ਕਰ ਦਿੱਤਾ ਗਿਆ ਤੇ ਸਾਂਦਲ ਬਾਰ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਦੇ ਕਬਜ਼ੇ ਵਿਚੋਂ ਇੱਕ ਤਰ੍ਹਾਂ ਨਾਲ ਆਜ਼ਾਦ ਹੀ ਹੋ ਗਿਆ ਸੀ। ਲੋਕ ਕਥਾ ਹੈ ਕਿ ਉਸ ਨੇ ਹੱਜ ਕਰਨ ਜਾਂਦੀ ਅਕਬਰ ਦੀ ਇੱਕ ਬੇਗਮ ਲੁੱਟ ਲਈ ਸੀ ਜਾਂ ਬੰਦੀ ਬਣ ਲਈ ਸੀ ਪਰ ਇਸ ਸਬੰਧੀ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਉਸ ਦੇ ਕਈ ਡਾਕੇ ਬੜੇ ਮਸ਼ਹੂਰ ਹੋਏ ਸਨ। ਉਸ ਨੇ ਅਕਬਰ ਲਈ ਖਾਸ ਅਰਬੀ ਘੋੜੇ ਲੈ ਕੇ ਜਾਂਦੇ ਕਾਬਲ ਦੇ ਵਪਾਰੀ ਅਤੇ ਸ਼ਾਹ ਇਰਾਨ ਵੱਲੋਂ ਅਕਬਰ ਲਈ ਭੇਜੇ ਗਏ ਤੋਹਫੇ ਲੁੱਟ ਕੇ ਤਰਥੱਲੀ ਮਚਾ ਦਿੱਤੀ ਸੀ।

ਦੁੱਲੇ ਦੀ ਲੋਕ ਰੱਬ ਵਾਂਗ ਪੂਜਾ ਕਰਨ ਲੱਗ ਪਏ। ਪਰ ਦੁੱਲੇ ਦੀ ਚੜ੍ਹਾਈ ਉਸ ਦੇ ਸਕੇ ਚਾਚੇ ਜਲਾਲੁਦੀਨ ਕੋਲੋਂ ਬਰਦਾਸ਼ਤ ਨਾ ਹੋਈ। ਉਹ ਮੁਗਲਾਂ ਦਾ ਮੁਖਬਿਰ ਬਣ ਗਿਆ ਤੇ ਖਬਰਾਂ ਸਰਕਾਰ ਤੱਕ ਪਹੁੰਚਾਉਣ ਲੱਗ ਪਿਆ। ਪਰ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਲਾਹੌਰ ਦਾ ਸੂਬੇਦਾਰ ਦੁੱਲੇ ਨੂੰ ਦਬਾ ਨਾ ਸਕਿਆ ਤੇ ਉਸ ਨੂੰ ਅਨੇਕਾਂ ਵਾਰ ਮੂੰਹ ਦੀ ਖਾਣੀ ਪਈ। ਇਸ ਤੋਂ ਖਿਝ ਕੇ ਅਕਬਰ ਨੇ ਸਾਂਦਲ ਬਾਰ ਦੀ ਬਗਾਵਤ ਦਬਾਉਣ ਲਈ ਆਪਣੇ ਦੋ ਬਹੁਤ ਹੀ ਕਾਬਲ ਜਰਨੈਲ ਮਿਰਜ਼ਾ ਅਲਾਉਦੀਨ ਸ਼ਾਹ ਅਤੇ ਮਿਰਜ਼ਾ ਜ਼ਿਆਉਦੀਨ ਖਾਨ ਨੂੰ 15000 ਫੌਜੀ ਦੇ ਕੇ ਲਾਹੌਰ ਭੇਜ ਦਿੱਤੇ। ਲਾਹੌਰ ਦੇ ਸੂਬੇਦਾਰ ਨੂੰ ਬੜੇ ਸਖਤ ਹੁਕਮ ਭੇਜੇ ਗਏ ਕਿ ਜੇ ਬਗਾਵਤ ਨਾ ਦਬਾਈ ਗਈ, ਤਾਂ ਤੇਰਾ ਸਿਰ ਵੱਢ ਦਿੱਤਾ ਜਾਵੇਗਾ। ਦਿੱਲੀ ਤੋਂ ਆਏ ਜਰਨੈਲਾਂ ਦੀ ਕਮਾਂਡ ਹੇਠ ਲਾਹੌਰ ਅਤੇ ਦਿੱਲੀ ਦੀ ਰਲੀ-ਮਿਲੀ ਫੌਜ ਹੱਥ ਧੋ ਕੇ ਦੁੱਲੇ ਦੇ ਪਿੱਛੇ ਪੈ ਗਈ। ਦੁੱਲੇ ਦਾ ਘਰ-ਘਾਟ ਤਬਾਹ ਕਰ ਦਿੱਤਾ ਗਿਆ ਤੇ ਲੱਧੀ ਸਮੇਤ ਭੱਟੀਆਂ ਦੀਆਂ ਸਾਰੀਆਂ ਔਰਤਾਂ ਬੰਦੀ ਬਣਾ ਲਈਆਂ ਗਈਆਂ। ਕਈ ਮਹੀਨੇ ਝੜਪਾਂ ਚੱਲਦੀਆਂ ਰਹੀਆਂ, ਦੁੱਲੇ ਅਤੇ ਸਾਥੀਆਂ ਨੇ ਛਾਪਾਮਾਰ ਯੁੱਧ ਨਾਲ ਫੌਜ ਦੇ ਨੱਕ ਵਿਚ ਦਮ ਕਰ ਦਿੱਤਾ। ਕਹਿੰਦੇ ਹਨ ਕਿ ਜਦੋਂ ਮੁਗਲ ਉਸ ਨੂੰ ਮੈਦਾਨ ਵਿਚ ਨਾ ਹਰਾ ਸਕੇ, ਤਾਂ ਉਨ੍ਹਾਂ ਨੇ ਛਲ ਕਪਟ ਦਾ ਸਹਾਰਾ ਲਿਆ ਤੇ ਵਿਚੋਲੇ ਪਾ ਕੇ ਸੁਲ੍ਹਾ ਦੀ ਗੱਲ ਚਲਾਉਣ ਦਾ ਢੌਂਗ ਰਚਿਆ ਗਿਆ। ਜਦੋਂ ਦੁੱਲਾ ਗੱਲਬਾਤ ਲਈ ਆਇਆ, ਤਾਂ ਉਸ ਨੂੰ ਖਾਣੇ ਵਿਚ ਨਸ਼ਾ ਮਿਲਾ ਕੇ ਬੇਹੋਸ਼ ਕਰ ਕੇ ਗ੍ਰਿਫਤਾਰ ਕਰ ਲਿਆ ਤੇ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਆਖਰ 1599 ਈ. ਨੂੰ ਸਿਰਫ 30 ਸਾਲ ਦੀ ਭਰ ਜਵਾਨੀ ਵਿਚ ਦੁੱਲੇ ਨੂੰ ਕੋਤਵਾਲੀ ਦੇ ਸਾਹਮਣੇ ਫਾਂਸੀ ਲਗਾ ਦਿੱਤਾ ਗਿਆ। ਉਸ ਦੀਆਂ ਆਖਰੀ ਰਸਮਾਂ ਮਹਾਨ ਸੂਫੀ ਸੰਤ ਸ਼ਾਹ ਹੁਸੈਨ ਨੇ ਨਿਭਾਈਆਂ ਸਨ ਤੇ ਉਸ ਦੀ ਕਬਰ ਲਾਹੌਰ ਮਿਆਣੀ ਸਾਹਿਬ ਕਬਰਿਸਤਾਨ ਵਿਚ ਬਣੀ ਹੋਈ ਹੈ। ਦੁੱਲਾ ਪੰਜਾਬ ਦੇ ਇਤਿਹਾਸ ਦਾ ਅਮਰ ਕਿਰਦਾਰ ਹੈ ਤੇ ਅਣਖ ਨਾਲ ਜਿਊਣ ਦਾ ਪ੍ਰਤੀਕ ਹੈ।

## 15 ਜਨਵਰੀ ਜਨਮਦਿਨ 'ਤੇ ਵਿਸ਼ੇਸ਼ ਲੇਖ

# ਸੁਰਾਂ ਦਾ ਸਿਰਨਾਵਾਂ ਸਰਦੂਲ ਸਿਕੰਦਰ

ਸੁਖਵਿੰਦਰ ਸਿੰਘ ਮੁੱਲਾਂਪੁਰ
+91-84274-54104
ਪੰਜਾਬ ਮੇਲ USA





ਸਰਦੂਲ ਸਿਕੰਦਰ ਦਾ ਜਨਮ 15 ਜਨਵਰੀ, 1961 ਨੂੰ ਪਿੰਡ ਖੇੜੀ ਨੌਧ ਸਿੰਘ, ਜਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਪਿਤਾ ਤਬਲਾਵਾਦਕ ਸਾਗਰ ਮਸਤਾਨਾ ਅਤੇ ਮਾਤਾ ਲੀਲਾਵਤੀ ਦੀ ਕੁਖੋਂ ਹੋਇਆ। ਇਸ ਦੇ ਪਿਤਾ ਬਹੁਤ ਵਧੀਆ ਗਾ ਲੈਂਦੇ ਸਨ ਆਪਣੀ ਗਾਇਕੀ ਦੀ ਸੇਵਾ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਕਰਦੇ ਰਹਿੰਦੇ। ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਆਪਣੇ ਪਿਤਾ ਕੋਲੋਂ ਸਿੱਖੀ ਪਰ ਇਹ ਚਰਨਜੀਤ ਅਹੂਜਾ ਨੂੰ ਆਪਣਾ ਉਸਤਾਦ ਮੰਨਦਾ ਸੀ। ਇਹ ਪਰਿਵਾਰ ਸੰਗੀਤ ਦੇ ਪਟਿਆਲਾ ਘਰਾਣੇ ਨਾਲ ਸਬੰਧਤ ਹੈ।

ਸਰਦੂਲ ਸਿਕੰਦਰ ਹੋਰੀ ਤਿੰਨ ਭਰਾ ਸਨ। ਸਭ ਤੋਂ ਵੱਡਾ ਗਮਦੂਰ, ਇਸ ਤੋਂ ਛੋਟਾ ਭਰਭੂਰ ਅਲੀ, ਸਭ ਤੋਂ ਛੋਟਾ ਸਰਦੂਲ ਸਿਕੰਦਰ ਸੀ। ਸਰਦੂਲ ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਮਤਲਬ ਬੱਬਰ ਸ਼ੇਰ ਹੁੰਦਾ ਹੈ। ਸਿਕੰਦਰ ਸ਼ਬਦ ਸਿਕੰਦਰ ਮਹਾਨ ਹੋਣ ਕਰਕੇ ਇਸ ਦੇ ਨਾਮ ਨਾਲ ਸਰੋਤਿਆਂ ਨੇ ਲਾ ਦਿੱਤਾ। ਇਹ ਤਿੰਨੇ ਭਰਾ 1976-77 ਵਿਚ ਬਹੁਤ ਵਧੀਆ ਧਾਰਮਿਕ ਪ੍ਰੋਗਰਾਮ ਕਰਦੇ ਸਨ। ਸਰਦੂਲ ਸਿਕੰਦਰ ਬਹੁਤ ਵਧੀਆ ਕੀਰਤਨ ਕਰ ਲੈਂਦਾ ਸੀ। ਪਰ ਅਫ਼ਸੋਸ ਅੱਜ ਤਿੰਨੇ ਭਰਾ ਹੀ ਇਸ ਦੁਨੀਆਂ 'ਤੇ ਨਹੀਂ ਹਨ।

ਸਰਦੂਲ ਸਿਕੰਦਰ ਦਾ ਵਿਆਹ ਬਹੁਤ ਵਧੀਆ ਗਾਇਕਾ ਅਤੇ ਫ਼ਿਲਮੀ ਕਲਾਕਾਰ ਅਮਰ ਨੂਰੀ ਨਾਲ 1993 ਵਿਚ ਹੋਇਆ। ਇਸ ਦੇ ਘਰ ਦੋ ਪੁੱਤਰਾਂ ਅਲਾਪ ਸਿਕੰਦਰ ਅਤੇ ਸਾਰੰਗ ਸਿਕੰਦਰ ਨੇ ਜਨਮ ਲਿਆ, ਦੋਵੇ ਹੀ ਸੰਗੀਤਕ ਇੰਡਸਟਰੀ ਨਾਲ ਜੁੜੇ ਹੋਏ ਹਨ। ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਦੀ ਸ਼ੁਰੂਆਤ 1980 ਵਿਚ ਰੇਡੀਓ ਅਤੇ ਟੈਲੀਵਿਜ਼ਨ ਤੋਂ ਸ਼ੁਰੂ ਕੀਤੀ। ਸਰਦੂਲ ਸਿਕੰਦਰ ਇਕ ਵਾਰ ਦਿੱਲੀ ਐੱਚ.ਐੱਮ.ਵੀ. ਕੰਪਨੀ ਵਿਚ ਕਰਤਾਰ ਰਮਲੇ ਦੇ ਗੀਤ ਵਿਚ ਤੂੰਬੀ ਵਜਾਉਣ ਗਿਆ, ਉੱਥੇ ਇਹ ਆਪਣੀ ਆਵਾਜ਼ ਵਿਚ ਗੁਣਗੁਣਾ ਰਿਹਾ ਸੀ ਅਤੇ ਇਸ ਦੀ ਆਵਾਜ਼ ਕੰਪਨੀ ਦੇ ਕੰਨੀਂ ਪੈ ਗਈ। ਕੰਪਨੀ ਨੇ ਇਸ ਨੂੰ ਰਿਕਾਰਡਿੰਗ ਲਈ ਹਾਮੀ ਭਰ ਦਿੱਤੀ। ਇਹ ਮਜ਼ਾਕੀਆ ਸੁਭਾਅ ਦਾ ਇਨਸਾਨ ਸੀ। ਇਹ ਹੋਰ ਵਿਅਕਤੀਆਂ ਦੀ ਬੋਲੀ ਆਪਣੀ ਆਵਾਜ਼ ਵਿਚ ਸਹਿਜੇ ਹੀ ਬੋਲ ਲੈਂਦਾ ਸੀ। ਲਗਭਗ 1980 ਨੂੰ ਐੱਚ.ਐੱਮ.ਵੀ. ਕੰਪਨੀ ਵਿਚ ਇਸ ਦੀ ਇਕ ਕੈਸਿਟ 'ਆ ਗਈ ਰੋਡਵੇਜ ਦੀ ਲਾਰੀ' ਆਈ। ਇਸ ਗੀਤ ਵਿਚ ਇਸ ਨੇ ਕਈ ਕਲਾਕਾਰਾਂ ਦੇ ਸਟਾਇਲ ਨੂੰ ਆਪਣੀ ਆਵਾਜ਼ ਵਿਚ ਗਾਇਆ, ਜੋ ਬੇਹੱਦ ਮਕਬੂਲ ਹੋਇਆ ਸੀ ਅਤੇ ਇਸ ਗੀਤ ਤੋਂ ਹੀ ਇਸ ਦੀ ਗਾਇਕੀ ਦਾ ਮੁੱਢ ਬੱਝਿਆ ਸੀ।

> ਜਦ ਸਾਡੀ ਪੰਜਾਬੀ ਗਾਇਕੀ ਤੇ ਪੱਛਮੀ ਸੱਭਿਆਚਾਰ ਦਾ ਅਸਰ ਹੋਣ ਲੱਗਿਆ, ਤਾਂ ਸਾਡੇ ਗਾਇਕਾਂ ਨੇ ਆਪਣੀ ਗਾਇਕੀ ਦੀ ਟਿਊਨ ਬਦਲਣੀ ਸ਼ੁਰੂ ਕਰ ਦਿੱਤੀ। ਫਿਰ ਇਸ ਨੇ ਸ਼ਮਸ਼ੇਰ ਸੰਧੂ ਦਾ ਲਿਖਿਆ ਗੀਤ ਗਾਇਆ 'ਗਾਉਣ ਵਾਲਿਆਂ ਨੂੰ ਡਿਸਕੋ ਬੁਖ਼ਾਰ ਹੋ ਗਿਆ'। ਇਹ ਗੀਤ ਬੇਹੱਦ ਮਕਬੂਲ ਹੋਇਆ।

ਜਦ ਸਾਡੀ ਪੰਜਾਬੀ ਗਾਇਕੀ ਤੇ ਪੱਛਮੀ ਸੱਭਿਆਚਾਰ ਦਾ ਅਸਰ ਹੋਣ ਲੱਗਿਆ, ਤਾਂ ਸਾਡੇ ਗਾਇਕਾਂ ਨੇ ਆਪਣੀ ਗਾਇਕੀ ਦੀ ਟਿਊਨ ਬਦਲਣੀ ਸ਼ੁਰੂ ਕਰ ਦਿੱਤੀ। ਫਿਰ ਇਸ ਨੇ ਸ਼ਮਸ਼ੇਰ ਸੰਧੂ ਦਾ ਲਿਖਿਆ ਗੀਤ ਗਾਇਆ 'ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਹੋ ਗਿਆ'। ਇਹ ਗੀਤ ਬੇਹੱਦ ਮਕਬੂਲ ਹੋਇਆ।

ਇਸ ਦੇ ਹੋਰ ਗੀਤ, 'ਸਿਖ ਲੈ ਕਲਿਹਰੀਆ ਮੋਰਾ ਤੁਰਨਾ ਤੋਰ ਪੰਜਾਬਣ ਦੀ', 'ਫੁੱਲਾਂ ਦੀਏ ਕੱਚੀਏ ਵਪਾਰਨੇ', 'ਸਾਡੇ ਆਂ ਪਰਾਂ ਤੋਂ ਸਿੱਖੀ ਉਡਣਾ', 'ਇਕ ਚਰਖਾ ਗਲੀ ਦੇ ਵਿਚ ਡਾਹ ਲਿਆ', 'ਹਾਸੇ ਨਾਲ ਸੀ ਚਲਾਵਾਂ ਫੁੱਲ ਮਾਰਿਆ', 'ਭਾਬੀਏ ਗਿੱਧੇ ਦੇ ਵਿਚ ਨੱਚ ਲੈ', 'ਤੇਰਾ ਲਿਖਦੂ ਸਫੈਦਿਆਂ 'ਤੇ ਨਾਂ' ਆਦਿ ਬਹੁਤ ਸਾਰੇ ਹਿੱਟ ਗੀਤ ਗਾਏ। ਸਰਦੂਲ ਸਿਕੰਦਰ ਨੇ ਲਗਭਗ 50 ਦੇ ਕਰੀਬ ਸੰਗੀਤ ਦੀਆਂ ਐਲਬਮਾਂ ਸਰੋਤਿਆਂ ਦੀ ਝੋਲੀ ਪਾਈਆਂ।

ਇਸ ਨੇ ਬਹੁਤ ਸਾਰੀਆਂ ਫਿਲਮਾਂ ਵਿਚ ਕੰਮ ਕੀਤਾ, ਜਿਵੇਂ ਜੱਗਾ ਡਾਕੂ, ਖੁਸ਼ੀਆਂ, ਪਿੰਡ ਦੀ ਕੁੜੀ, ਚੂੜੀਆਂ, ਪੰਚਾਇਤ, ਪੁਲਿਸ ਇੰਨ ਪੋਲੀਵੁਡ ਆਦਿ ਫਿਲਮਾਂ ਵਿਚ ਕੰਮ ਕੀਤਾ।

ਕਰੋਨਾ ਦੀ ਲਹਿਰ ਵੇਲੇ ਦਸੰਬਰ 2020 ਵਿਚ ਸਰਦੂਲ ਸਿਕੰਦਰ ਨੂੰ ਕਰੋਨਾ ਪਾਜ਼ੀਟਿਵ ਆ ਗਿਆ ਸੀ ਅਤੇ ਸਾਹ ਲੈਣ ਵਿਚ ਸਮੱਸਿਆ ਆ ਰਹੀ ਸੀ। ਇਸ ਕਰਕੇ ਡੇਢ ਮਹੀਨਾ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਦਾਖ਼ਲ ਰਿਹਾ। ਉਹ ਦਿਲ ਅਤੇ ਸ਼ੂਗਰ ਦਾ ਮਰੀਜ਼ ਵੀ ਸੀ। ਉਸ ਦੀ ਹਾਲਤ ਦਿਨੋਂ-ਦਿਨ ਵਿਗੜਦੀ ਜਾ ਹੋਣ ਕਰਕੇ 24 ਫ਼ਰਵਰੀ 2021 ਨੂੰ ਸਾਡੇ ਕੋਲੋਂ ਸਦਾ ਲਈ ਵਿੱਛੜ ਗਿਆ। 25 ਫ਼ਰਵਰੀ ਨੂੰ ਉਸ ਦੇ ਪਿੰਡ ਖੇੜੀਨੌਧ ਸਿੰਘ ਵਿਖੇ ਸਪੁਰਦ-ਏ-ਖਾਕ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸਰਦੂਲ ਸਿਕੰਦਰ ਨੂੰ ਚਾਹੁੰਣ ਵਾਲੇ ਪਹੁੰਚੇ ਹੋਏ ਸਨ। ਸੇਜਲ ਅੱਖਾਂ ਨਾਲ ਉਸ ਪਿਆਰੇ ਨੂੰ ਵਿਦਾਇਗੀ ਦਿੱਤੀ ਗਈ। ਇਸ ਦੀ ਆਵਾਜ਼ ਦੀਆਂ ਧੁਨਾਂ ਸਦਾ ਹੀ ਫਿਜ਼ਾ ਵਿਚ ਗੂੰਜਦੀਆਂ ਰਹਿਣਗੀਆਂ।

# ਸਿਆਸਤਦਾਨ ਅਤੇ ਸਾਹਿਤਕਾਰ ਗਿਆਨੀ ਗੁਰਮਖ ਸਿੰਘ ਮੁਸਾਫ਼ਰ

## ਜਨਮ ਦਿਨ 'ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਮੁੱਲਾਂਪੁਰ
+91-84274-54104
ਪੰਜਾਬ ਮੇਲ USA





ਕੁਦਰਤ ਭਾਵੇਂ ਸਮਾਜ ਦੀ ਸਿਰਜਣਾ ਕਰਦਿਆਂ ਹਰ ਪੱਖਾਂ ਤੋਂ ਹਰ ਮਨੁੱਖ ਵਿਚ ਗੁਣਾਂ ਦੀ ਬਖ਼ਸ਼ਿਸ਼ ਕਰਦੀ ਹੈ ਪਰ ਫਿਰ ਵੀ ਇਨਸਾਨ ਨੂੰ ਸਮਾਜ ਵਿਚ ਵਿਚਰਦਿਆਂ ਕਈ ਉਣਤਾਈਆਂ ਜਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਉਣਤਾਈਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਈ ਸਮਾਜ ਸੇਵੀ ਜਨਮ ਲੈਂਦੇ ਹਨ। ਇਨ੍ਹਾਂ ਸਮਾਜ ਸੇਵੀ ਵਿਅਕਤੀਆਂ ਵਿਚੋਂ ਇਕ ਨਾਮ ਹੈ ਗਿਆਨੀ ਗੁਰਮਖ ਸਿੰਘ ਮੁਸਾਫ਼ਰ, ਜਿਨ੍ਹਾਂ ਦਾ ਜਨਮ ਸ. ਸੁਜਾਨ ਸਿੰਘ ਦੇ ਘਰ ਪਿੰਡ ਅਧਵਾਲ ਜ਼ਿਲ੍ਹਾ ਕੈਂਬਲਪੁਰ ਪੋਠੋਹਾਰ ਦੇ ਇਲਾਕੇ (ਪੱਛਮੀ ਪੰਜਾਬ) ਵਿਚ 15 ਜਨਵਰੀ, 1899 ਨੂੰ ਹੋਇਆ।

ਉਨ੍ਹਾਂ ਦੇ ਪਿਤਾ ਖੇਤੀਬਾੜੀ ਕਰਦੇ ਸਨ। ਗੁਰਮਖ ਸਿੰਘ ਮੁਸਾਫ਼ਰ ਨੇ ਮੁੱਢਲੀ ਵਿਦਿਆ ਪਿੰਡ ਤੋਂ ਹੀ ਪ੍ਰਾਪਤ ਕਰਕੇ ਮਿਡਲ ਵਿਦਿਆ ਰਾਵਲਪਿੰਡੀ ਤੋਂ ਪਾਸ ਕੀਤੀ, ਉੱਥੇ ਹੀ ਜੇ.ਵੀ. ਪ੍ਰੀਖਿਆ ਪਾਸ ਕਰਕੇ 1918 ਵਿਚ ਪਹਿਲਾਂ ਜ਼ਿਲ੍ਹਾ ਬੋਰਡ ਚਕਰੀ ਦੇ ਸਕੂਲ ਵਿਚ ਅਤੇ ਪਿਛੋਂ ਪਿੰਡ ਕਾਲਰ ਤਹਿਸੀਲ ਕਹੂਟਾ ਜ਼ਿਲ੍ਹਾ ਰਾਵਲਪਿੰਡੀ ਦੇ ਹਾਈ ਸਕੂਲ ਵਿਚ ਅਧਿਆਪਕ ਲੱਗ ਗਏ। ਇੱਥੇ ਹੀ ਕੁਝ ਸਮਾਂ ਮਾਸਟਰ ਤਾਰਾ ਸਿੰਘ ਨਾਲ ਪੜ੍ਹਾਉਣ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਬਸਾਲੀ ਵਿਚ ਵਰਨੇਕੂਲਰ ਅਧਿਆਪਕ ਦੀ ਨੌਕਰੀ ਕਰਨ ਲੱਗ ਪਏ।

ਗਿਆਨੀ ਗੁਰਮਖ ਸਿੰਘ ਮੁਸਾਫ਼ਰ ਦੇ ਜੀਵਨ ਨੂੰ ਚਾਰ ਹਿੱਸਿਆਂ 'ਚ ਵੰਡਿਆ ਜਾ ਸਕਦਾ ਹੈ। ਉਹ ਇੱਕ ਉੱਘੇ ਸਾਹਿਤਕਾਰ, ਗੁਰਦੁਆਰਿਆਂ ਦੀ ਮਰਿਯਾਦਾ ਕਾਇਮ ਕਰਨ ਅਤੇ ਇਨ੍ਹਾਂ ਨੂੰ ਆਜ਼ਾਦ ਕਰਵਾਉਣ ਲਈ ਗੁਰਦੁਵਾਰਾ ਸੁਧਾਰ ਲਹਿਰ ਵਿਚ ਅੱਗੇ ਹੋ ਕੇ ਸੰਘਰਸ਼ ਕਰਨ ਵਾਲੇ, ਜੇਲ੍ਹਾਂ ਕੱਟਣ ਵਾਲੇ ਆਜ਼ਾਦੀ ਘੁਲਾਟੀਏ ਅਤੇ ਸਿਆਸਤਦਾਨ ਸਨ।

1919 ਦੇ ਜੱਲ੍ਹਿਆਂਵਾਲੇ ਬਾਗ਼ ਦੇ ਖੂਨੀ ਸਾਕੇ ਅਤੇ ਫ਼ਰਵਰੀ 1921 'ਚ ਹੋਏ ਸ੍ਰੀ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਦੀ ਗੁਰਮਖ ਸਿੰਘ ਮੁਸਾਫ਼ਰ ਦੇ ਮਨ ਨੂੰ ਅਜਿਹੀ ਠੇਸ ਲੱਗੀ ਕਿ ਉਨ੍ਹਾਂ ਨੇ ਨੌਕਰੀ ਤਿਆਗ ਦਿੱਤੀ, ਫਿਰ ਸਿੱਖਾਂ ਵਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿਚ ਕੁੱਦ ਪਏ।

ਗਿਆਨੀ ਗੁਰਮਖ ਸਿੰਘ ਮੁਸਾਫ਼ਰ ਜੀ ਨੇ 1922 ਵਿਚ ਗੁਰੂ ਕੇ ਬਾਗ਼ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ ਅਤੇ ਕੈਦ ਕੱਟੀ। ਗਿਆਨੀ ਜੀ 12 ਮਾਰਚ 1930 ਤੋਂ 5 ਮਾਰਚ 1931 ਤੱਕ ਲਗਭਗ ਇਕ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵੀ ਨਿਭਾਈ। ਗੁਰਦੁਆਰਾ ਸੁਧਾਰ ਲਹਿਰ ਲਈ ਜਿੰਨੇ ਵੀ ਮੋਰਚੇ ਲੱਗੇ, ਉਨ੍ਹਾਂ ਸਾਰਿਆਂ ਮੋਰਚਿਆਂ 'ਚ ਗਿਆਨੀ ਜੀ ਨੇ ਅੱਗੇ ਹੋ ਕੇ ਹਿੱਸਾ ਲਿਆ। ਆਜ਼ਾਦੀ ਲਹਿਰ ਦੀਆਂ ਲੜਾਈਆਂ ਵੀ ਉਨ੍ਹਾਂ ਮੂਹਰੇ ਹੋ ਕੇ ਲੜੀਆਂ। ਗਿਆਨੀ ਗੁਰਮਖ ਸਿੰਘ ਮੁਸਾਫ਼ਰ ਕਿਹਾ ਕਰਦੇ ਸਨ, ਨਾ ਤਾਂ ਮੈਨੂੰ ਜੇਲ੍ਹ ਜਾਣ ਦਾ ਦੁੱਖ ਹੈ ਅਤੇ ਨਾ ਹੀ ਜੇਲ੍ਹ ਤੋਂ ਰਿਹਾਅ ਹੋਣ ਦੀ ਖੁਸ਼ੀ ਹੈ ਕਿਉਂਕਿ ਮੈਂ ਜੇਲ੍ਹ ਵਿਚ ਫਿਰ ਵਾਪਸ ਆ ਜਾਣਾ ਹੈ।

1947 ਵਿਚ ਦੇਸ਼ ਆਜ਼ਾਦ ਹੋਣ ਤੋਂ ਬਾਅਦ ਗਿਆਨੀ ਜੀ ਦਾ ਅੰਦੋਲਨ ਜੀਵਨ ਸਮਾਪਤ ਹੁੰਦਿਆਂ ਰਾਜਨੀਤਿਕ ਜੀਵਨ ਸ਼ੁਰੂ ਹੋ ਗਿਆ। ਆਪ ਦੀਆਂ ਸੇਵਾਵਾਂ ਨੂੰ ਵੇਖਦੇ ਹੋਇਆ ਕਾਂਗਰਸ ਪਾਰਟੀ ਨੇ 1949 'ਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਚੁਣ ਲਿਆ।

ਗਿਆਨੀ ਗੁਰਮਖ ਸਿੰਘ ਮੁਸਾਫ਼ਰ 1952 ਤੋਂ 1966 ਤੱਕ ਤਿੰਨ ਵਾਰ ਕਾਂਗਰਸ ਪਾਰਟੀ ਵਲੋਂ ਲੋਕ ਸਭਾ ਮੈਂਬਰ ਚੁਣੇ ਗਏ। 1968 ਤੋਂ1976 ਤੱਕ ਦੋ ਵਾਰ ਰਾਜ ਸਭਾ ਮੈਂਬਰ ਚੁਣੇ ਗਏ। 1 ਨਵੰਬਰ 1966 ਨੂੰ ਜਦੋਂ ਪੰਜਾਬੀ ਸੂਬਾ ਹੋਂਦ ਵਿਚ ਆਇਆ ਤਾਂ ਗਿਆਨੀ ਜੀ 1 ਨਵੰਬਰ 1966 ਤੋਂ 8 ਮਾਰਚ 1967 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ।

ਗਿਆਨੀ ਜੀ ਦਾ ਸਾਹਿਤਕ ਖੇਤਰ ਵਿਚ ਬਹੁਤ ਵੱਡਾ ਨਾਮ ਹੈ, ਉਹ ਰਾਜਨੀਤੀ ਨਾਲੋਂ ਸਾਹਿਤ ਨੂੰ ਅਤੇ ਸਾਹਿਤਕਾਰਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ। ਉਨ੍ਹਾਂ ਨੇ 9 ਕਾਵਿ ਸੰਗ੍ਰਹਿ ਸਬਰ ਦੇ ਬਾਣ, ਪ੍ਰੇਮ-ਬਾਣ, ਜੀਵਨ-ਪੰਧ, ਮੁਸਾਫ਼ਰੀਆਂ, ਟੁੱਟੇ ਖੰਭ, ਕਾਵਿ-ਸਨੇਹੇ, ਸਹਿਜ ਸੇਤੀ, ਵੱਖਰਾ-ਵੱਖਰਾ, ਕਤਰਾ-ਕਤਰਾ ਅਤੇ ਦੂਰ-ਨੇੜੇ ਲਿਖੇ।

ਉਨ੍ਹਾਂ ਨੇ ਕਹਾਣੀ ਸੰਗ੍ਰਹਿ 'ਵੱਖਰੀ ਦੁਨੀਆਂ, ਆਲ੍ਹਣੇ ਦੇ ਵੱਟ, ਕੰਧਾਂ ਵੋਲ ਪਈਆਂ, ਸਤਾਈ ਜਨਵਰੀ, ਗਟਾਰ, ਸਭ ਅੱਛਾ, ਸਸਤਾ ਤਮਾਸ਼ਾ, ਅੱਲ੍ਹਾ ਵਾਲੇ ਅਤੇ ਉਰਵਾਰ ਪਾਰ ਵੀ ਲਿਖੇ। ਗਿਆਨੀ ਜੀ ਨੇ ਜ਼ਿੰਦਗੀ ਵਿਚ ਸੰਘਰਸ਼ ਕਰਦਿਆਂ ਜੋ ਤਨ, ਮਨ ਉਪਰ ਪੀੜ ਹੰਢਾਈ, ਉਸ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ। ਗਿਆਨੀ ਜੀ ਨੂੰ ਅਕਾਲ ਚਲਾਣੇ ਪਿੱਛੋਂ ਪਦਮ ਵਿਭੂਸ਼ਣ ਨਾਲ ਸਨਮਾਨਿਆ ਗਿਆ। ਗਿਆਨੀ ਜੀ ਨੇ ਤਿੰਨ ਜੀਵਨੀਆਂ ਅਤੇ ਇਕ ਸੰਖੇਪ ਜੀਵਨੀ ਲਿਖੀ।

ਆਪ ਜਲ੍ਹਿਆਂਵਾਲੇ ਬਾਗ਼ ਟਰੱਸਟ ਦੇ ਚੇਅਰਮੈਨ ਰਹੇ ਅਤੇ ਸਾਹਿਤਕ ਤੌਰ 'ਤੇ ਵੀ ਆਪਣੀ ਸ਼ੋਹਰਤ ਰੱਖਦੇ ਸਨ। 1954 ਵਿਚ ਸਟਾਕ ਹੋਮ ਸਵੀਡਨ ਦੀ ਅੰਤਰਰਾਸ਼ਟਰੀ ਲੇਖਕਾਂ ਦੀ ਕਾਨਫਰੰਸ 'ਚ ਸ਼ਾਮਲ ਹੋਏ। 1961 ਵਿਚ ਟੋਕੀਓ ਦੀ ਲੇਖਕ ਕਾਨਫਰੰਸ ਵਿਚ ਸ਼ਾਮਲ ਹੋ ਕੇ ਮਾਣ ਪ੍ਰਾਪਤ ਕੀਤਾ।

ਇਹ ਸਮਾਜ ਸੇਵੀ ਰੂਹ ਧਰਮ, ਦੇਸ਼ ਅਤੇ ਸਾਹਿਤ ਦੀ ਸੇਵਾ ਕਰਦੀ 18 ਜਨਵਰੀ, 1976 ਨੂੰ 87 ਸਾਲ ਦੀ ਉਮਰ ਵਿਚ ਨਵੀਂ ਦਿੱਲੀ ਵਿਖੇ ਵਿਛੜ ਗਈ। ਭਾਰਤ ਸਰਕਾਰ ਵਲੋਂ ਉਨ੍ਹਾਂ ਦੀ ਯਾਦ ਵਿਚ ਇਕ ਡਾਕ ਟਿਕਟ ਵੀ ਜਾਰੀ ਕੀਤੀ ਗਈ। ਅਜਿਹੇ ਇਨਸਾਨ ਨੂੰ ਸਮਾਜ ਸਦਾ ਯਾਦ ਕਰਦਾ ਰਹੇਗਾ। ਇਨ੍ਹਾਂ ਦੇ ਲਿਖੇ ਸਾਹਿਤ ਤੋਂ ਸਮਾਜ ਸਦਾ ਸੇਧ ਲੈਂਦਾ ਰਹੇਗਾ।

## 15 ਜਨਵਰੀ ਨੂੰ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਦੇ 127ਵੇਂ ਜਨਮ ਦਿਵਸ 'ਤੇ ਵਿਸ਼ੇਸ਼

# ਸਾਹਿਤ, ਧਰਮ ਅਤੇ ਰਾਜਨੀਤੀ ਦੀ ਤ੍ਰਵੈਣੀ : ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੇ ਸਾਹਿਤਕ ਖੇਤਰ ਵਿਚ ਵੀ ਵਿਲੱਖਣ ਮਾਹਰਕੇ ਮਾਰੇ ਸਨ। ਉਹ ਸਾਹਿਤ, ਧਰਮ ਤੇ ਰਾਜਨੀਤੀ ਦੀ ਤ੍ਰਵੈਣੀ ਸੀ। ਇਨ੍ਹਾਂ ਤਿੰਨਾਂ ਖੇਤਰਾਂ ਵਿਚ ਗਿਆਨੀ ਗੁਰਮੁੱਖ ਸਿੰਘ ਦੀ ਲਾਸਾਨੀ ਦੇਣ ਸੀ। ਨਿਮਰਤਾ, ਸ਼ਾਲੀਨਤਾ, ਸੁਹੱਪਣ, ਸਹਿਣਸ਼ੀਲਤਾ, ਖ਼ੁਸ਼ਮਿਜ਼ਾਜੀ ਤੇ ਸਿਆਣਪ ਉਸਦੇ ਵਿਅਕਤੀਤਵ ਦੇ ਵਿਲੱਖਣ ਗੁਣ ਸਨ। ਉਸਦੇ ਕਹਾਣੀ-ਸੰਗ੍ਰਹਿ ਉਰਵਾਰ ਪਾਰ ਨੂੰ 1978 ਵਿਚ ਸਾਹਿਤ ਅਕਾਡਮੀ ਨੇ ਪੁਰਸਕਾਰ ਦਿੱਤਾ ਸੀ। ਉਨ੍ਹਾਂ ਨੂੰ ਮਰਨ ਉਪਰੰਤ 'ਪਦਮਾ ਵਿਭੂਸ਼ਨ' ਭਾਰਤ ਦਾ ਦੂਜਾ ਸਭ ਤੋਂ ਵੱਡਾ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ। ਉਸਦੀਆਂ ਕਵਿਤਾਵਾਂ ਅਤੇ ਕਹਾਣੀਆਂ ਵਿਅੰਗਾਤਮਿਕ, ਦੇਸ਼ ਭਗਤੀ ਅਤੇ ਆਜ਼ਾਦੀ ਸੰਗਰਾਮ ਨਾਲ ਸੰਬੰਧਤ ਹੁੰਦੀਆਂ ਸਨ। ਉਹ ਸਟੇਜੀ ਕਵੀ ਸੀ, ਜਿਸ ਦੀਆਂ ਦੇਸ਼ ਭਗਤੀ ਦੀਆਂ ਕਵਿਤਾਵਾਂ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਲੈਣ ਲਈ ਅਜਿਹਾ ਪ੍ਰੇਰਿਤ ਕਰਦੀਆਂ ਸਨ ਕਿ ਸਰੋਤਿਆਂ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਸਨ। ਗਿਆਨੀ ਗੁਰਮੁਖ ਸਿੰਘ ਦੀਆਂ ਰਚਨਾਵਾਂ ਵਿਚ ਵਿਅੰਗ ਦੀ ਵੀ ਤਿੱਖੀ ਚੋਭ ਹੁੰਦੀ ਸੀ। ਉਸਦੀ ਵਾਰਤਕ ਵਿਚ ਵਿਅੰਗ ਦੇ ਤੀਰ ਇਤਨੇ ਤਿੱਖੇ ਹੁੰਦੇ ਸਨ ਕਿ ਢਿੱਡੀਂ ਪੀੜਾਂ ਪਾ ਦਿੰਦੇ ਸਨ। ਉਹ ਜ਼ਮੀਨ ਨਾਲ ਜੁੜਿਆ ਹੋਇਆ ਨਿਮਰ ਸੁਭਾਅ ਵਾਲਾ ਬਹੁ-ਪੱਖੀ ਤੇ ਬਹੁ-ਦਿਸ਼ਾਵੀ ਸਾਹਿਤਕਾਰ ਸੀ। ਉਸਨੇ ਤਿੰਨ ਦਰਜਨ ਕਵਿਤਾ, ਕਹਾਣੀ, ਅਨੁਵਾਦ, ਸਫ਼ਰਨਾਮਾ ਅਤੇ ਜੀਵਨੀਆਂ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਸਨ, ਜਿਨ੍ਹਾਂ ਵਿਚ 9 ਕਾਵਿ-ਸੰਗ੍ਰਹਿ, ਸਬਰ ਦੇ ਬਾਣ (ਭਾਗ ਪਹਿਲਾ) (1921), ਸਬਰ ਦੇ ਬਾਣ (ਭਾਗ ਦੂਜਾ) (1922), ਟੁੱਟੇ ਖੰਭ (1929), ਪ੍ਰੇਮ-ਬਾਣ (1934), ਜੀਵਨ-ਪੰਧ (1940), ਮੁਸਾਫ਼ਰੀਆਂ (1951), ਕਾਵਿ-ਸੁਨੇਹੇ (1959), ਸਹਿਜ ਸੇਤੀ (1964), ਵੱਖਰਾ ਵੱਖਰਾ-ਕਤਰਾ ਕਤਰਾ (1970), ਦੂਰ ਨੇੜੇ (ਮਰਨ ਉਪਰੰਤ) (1981), 16 ਕਹਾਣੀ-ਸੰਗ੍ਰਹਿ ਵੱਖਰੀ ਦੁਨੀਆਂ (1945), ਸਭ ਹੱਛਾ (1949) ਆਲ੍ਹਣੇ ਦੇ ਬੋਟ (1955), ਕੰਧਾਂ ਬੋਲ ਪਈਆਂ (1960), ਸਤਾਈ ਜਨਵਰੀ (1964), ਅੱਲ੍ਹਾ ਵਾਲੇ (ਸੰਪਾਦਤ ਸੁਰਜੀਤ ਸਿੰਘ ਸੇਠੀ), (1964), ਗੁਟਾਰ, ਉਰਵਾਰ ਪਾਰ (1975), ਬਾਗ਼ੀ ਦੀ ਧੀ, ਖਸਮਾਂ ਖਾਣੇ, ਜਦੋਂ ਨਿੱਕੇ ਹੁੰਦੇ ਸਾਂ, ਹਿੰਦੂ ਪਾਣੀ-ਮੁਸਲਮ ਪਾਣੀ, ਭਾਈ ਵੱਡੇ ਦਾ ਖੂਹ, ਪੋਠੋਹਾਰ ਦੀ ਮਿੱਟੀ, ਨਹੀਂ ਪੇਸ਼ ਕਰਨੀ ਜੀ, ਸਸਤਾ ਤਮਾਸ਼ਾ ਅਤੇ 4 ਜੀਵਨੀਆਂ ਵੇਖਿਆ ਸੁਣਿਆਂ ਗਾਂਧੀ, ਵੇਖਿਆ ਸੁਣਿਆਂ ਨਹਿਰੂ, ਬਾਗੀ ਜਰਨੈਲ ਜਨਰਲ ਮੋਹਨ ਸਿੰਘ, ਅਕਾਲੀ ਪ੍ਰਕਾਸ਼ ਅਤੇ ਵੀਹਵੀਂ ਸਦੀ ਦੇ ਸ਼ਹੀਦ ਸ਼ਾਮਲ ਹਨ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੇ 1961 ਵਿਚ ਜਾਪਾਨ ਦੇ ਟੋਕੀਓ ਸ਼ਹਿਰ ਵਿਚ ਵਰਲਡ ਪ੍ਰੋਗਰੈਸਿਵ ਰਾਈਟਰਜ਼ ਕਾਨਫਰੰਸ ਵਿਚ ਭਾਰਤ ਦੇ ਡੈਲੀਗੇਸ਼ਨ ਦੀ ਅਗਵਾਈ ਕੀਤੀ ਸੀ। ਇਸੇ ਤਰ੍ਹਾਂ 1965 ਵਿਚ ਇੰਡੀਅਨ ਰਾਈਟਰਜ਼ ਦੇ ਡੈਲੀਗੇਸ਼ਨ ਦੀ ਅਗਵਾਈ ਬਾਕੂ ਵਿਚ ਹੋਈ ਐਫ਼ਰੋ ਏਸ਼ੀਅਨ ਕਾਨਫਰੰਸ ਵਿਚ ਕੀਤੀ ਸੀ। 1954 ਵਿਚ ਸਟਾਕਹੋਮ ਵਿਖੇ ਹੋਈ ਇੰਟਰਨੈਸ਼ਨਲ ਪੀਸ ਕਾਨਫ਼ਰੰਸ, 1965 ਵਿਚ ਹੈਲਸਿੰਕੀ ਵਿਖੇ ਵਰਲਡ ਪੀਸ ਕਾਨਫ਼ਰੰਸ ਅਤੇ 1969 ਵਿਚ ਬਰਲਿਨ ਵਿਖੇ ਵਰਲਡ ਪੀਸ ਕਾਨਫ਼ਰੰਸ ਵਿਚ ਭਾਰਤ ਦੇ ਡੈਲੀਗੇਸ਼ਨ ਦੇ ਮੈਂਬਰ ਦੇ ਤੌਰ 'ਤੇ ਸ਼ਾਮਲ ਹੋਏ ਸਨ। ਕਵਿਤਾ ਲਿਖਣਾ ਸ਼ੁਰੂ ਕਰਨ ਤੋਂ ਬਾਅਦ ਉਨ੍ਹਾਂ ਆਪਣਾ ਤਖ਼ੱਲਸ 'ਮੁਸਾਫ਼ਿਰ' ਰੱਖਿਆ, ਜਿਹੜਾ ਤਾਅ ਉਮਰ ਉਨ੍ਹਾਂ ਦੇ ਨਾਮ ਨਾਲ ਜੁੜ ਗਿਆ। ਗਿਆਨੀ ਗੁਰਮੁੱਖ਼ ਸਿੰਘ ਮੁਸਾਫ਼ਿਰ ਨੇ ਹੀਰਾ ਸਿੰਘ ਦਰਦ ਨਾਲ ਰਲਕੇ 1924 ਵਿਚ 'ਫੁੱਲਵਾੜੀ' ਮਾਸਿਕ ਪੱਤਰ ਸ਼ੁਰੂ ਕੀਤਾ ਅਤੇ 1938 ਤੋਂ 40 ਤੱਕ ਦੋ ਸਾਲ ਅਕਾਲੀ ਪੱਤਰਕਾ ਦੇ ਮੁੱਖ ਸੰਪਾਦਕ ਰਹੇ।



ਤਸਵੀਰ : ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ

> ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੂੰ 1919 ਦੇ ਜੱਲ੍ਹਿਆਂ ਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ ਅਤੇ ਗੁਰੂ ਕੇ ਬਾਗ ਦੇ ਮੋਰਚੇ ਨੇ ਮਾਨਸਿਕ ਤੌਰ 'ਤੇ ਝੰਜੋੜਕੇ ਰੱਖ ਦਿੱਤਾ, ਜਿਸ ਕਰਕੇ ਉਸਨੇ ਭਰ ਜਵਾਨੀ ਵਿਚ ਮਹਿਜ਼ 20 ਸਾਲ ਦੀ ਉਮਰ ਗੁਰਦੁਆਰਾ ਸੁਧਾਰ ਲਹਿਰ ਅਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਮਾਸਟਰ ਤਾਰਾ ਸਿੰਘ ਨੇ ਉਸਨੂੰ ਅਕਾਲੀ ਸਿਆਸਤ ਵਿਚ ਲਿਆਂਦਾ ਸੀ, ਕਿਉਂਕਿ ਉਹ ਉਸ ਸਕੂਲ ਵਿਚ ਅਧਿਆਪਕ ਸਨ, ਜਿਥੇ ਮਾਸਟਰ ਤਾਰਾ ਸਿੰਘ ਹੈੱਡ ਮਾਸਟਰ ਸਨ। ਉਹ 1922 ਵਿਚ ਅਧਿਆਪਕ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਗੁਰਦੁਆਰਾ ਸੁਧਾਰ ਲਹਿਰ ਵਿਚ ਕੁੱਦ ਪਏ।

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੂੰ 1919 ਦੇ ਜੱਲ੍ਹਿਆਂ ਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ ਅਤੇ ਗੁਰੂ ਕੇ ਬਾਗ ਦੇ ਮੋਰਚੇ ਨੇ ਮਾਨਸਿਕ ਤੌਰ 'ਤੇ ਝੰਜੋੜਕੇ ਰੱਖ ਦਿੱਤਾ, ਜਿਸ ਕਰਕੇ ਉਸਨੇ ਭਰ ਜਵਾਨੀ ਵਿਚ ਮਹਿਜ਼ 20 ਸਾਲ ਦੀ ਉਮਰ ਗੁਰਦੁਆਰਾ ਸੁਧਾਰ ਲਹਿਰ ਅਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਮਾਸਟਰ ਤਾਰਾ ਸਿੰਘ ਨੇ ਉਸਨੂੰ ਅਕਾਲੀ ਸਿਆਸਤ ਵਿਚ ਲਿਆਂਦਾ ਸੀ, ਕਿਉਂਕਿ ਉਹ ਉਸ ਸਕੂਲ ਵਿਚ ਅਧਿਆਪਕ ਸਨ, ਜਿਥੇ ਮਾਸਟਰ ਤਾਰਾ ਸਿੰਘ ਹੈੱਡ ਮਾਸਟਰ ਸਨ। ਉਹ 1922 ਵਿਚ ਅਧਿਆਪਕ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਗੁਰਦੁਆਰਾ ਸੁਧਾਰ ਲਹਿਰ ਵਿਚ ਕੁੱਦ ਪਏ। 1922 ਵਿਚ ਹੀ ਉਹ ਪਹਿਲੀ ਵਾਰ ਗੁਰੂ ਕੇ ਬਾਗ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋਏ ਸਨ। ਇਸ ਤੋਂ ਬਾਅਦ ਤਾਂ ਉਹ 1947 ਤੱਕ ਹਰ ਮੋਰਚੇ/ਅੰਦੋਲਨ ਵਿਚ ਸ਼ਾਮਲ ਤੇ ਗ੍ਰਿਫ਼ਤਾਰ ਹੁੰਦੇ ਰਹੇ। ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੀ ਕੋਈ ਜੇਲ੍ਹ ਅਜਿਹੀ ਨਹੀਂ ਸੀ, ਜਿਥੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਗ੍ਰਿਫ਼ਤਾਰ ਹੋ ਕੇ ਗਏ ਨਾ ਹੋਣ। ਇੱਕ ਕਿਸਮ ਨਾਲ ਜੇਲ੍ਹ ਹੀ ਉਸਦਾ ਘਰ ਬਣ ਗਿਆ ਸੀ। ਉਸਨੇ ਦੇਸ਼ ਦੀ ਆਜ਼ਾਦੀ ਸੰਬੰਧੀ ਹਰ ਅੰਦੋਲਨ ਵਿਚ ਹਿੱਸਾ ਲਿਆ। ਉਨ੍ਹਾਂ ਸਿਵਲ ਨਾ ਫੁਰਮਾਨੀ, ਭਾਰਤ ਛੋੜੋ ਅਤੇ ਹੋਰ ਅੰਦੋਲਨਾਂ ਵਿਚ 1933, 25, 39, 41, 42, 45 ਵਿਚ ਜੇਲ੍ਹ ਯਾਤਰਾ ਕੀਤੀ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਇੱਕ ਅਜਿਹੇ ਸਰਵਪ੍ਰਮਾਣਿਤ ਨੇਤਾ ਸਨ, ਜਿਹੜੇ ਇੱਕੋ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਉਪ ਪ੍ਰਧਾਨ, ਸ਼੍ਰੋਮਣੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਸਕੱਤਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਜਥੇਦਾਰ ਦੇ ਅਹੁਦੇ 'ਤੇ ਕੰਮ ਕਰਦੇ ਰਹੇ। ਉਸਦੀ ਜ਼ਿਆਦਾ ਦਿਲਚਸਪੀ ਧਾਰਮਿਕ ਕੰਮਾਂ ਵਿਚ ਸੀ। ਇਸ ਲਈ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੂੰ ਮਹਿਜ਼ 31 ਸਾਲ ਦੀ ਉਮਰ ਵਿਚ 12 ਮਾਰਚ 1930 ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦਾ ਜਥੇਦਾਰ ਚੁਣਿਆਂ ਗਿਆ, ਜਿਸ ਅਹੁਦੇ 'ਤੇ ਉਹ ਇੱਕ ਸਾਲ 5 ਮਾਰਚ 1931 ਤੱਕ ਰਹੇ। ਧਾਰਮਿਕ ਖੇਤਰ ਵਿਚ ਉਸਦੇ ਕੀਤੇ ਕੰਮ ਹਮੇਸ਼ਾ ਇਤਿਹਾਸ ਵਿਚ ਯਾਦ ਕੀਤੇ ਜਾਂਦੇ ਰਹਿਣਗੇ। ਉਹ ਸਰਵੋਤਮ ਤੇ ਦੂਰਅੰਦੇਸ਼ ਜਥੇਦਾਰ ਸਨ, ਜਿਨ੍ਹਾਂ ਨੇ ਬਹੁਤ ਗੁੰਝਲਦਾਰ ਸਿੱਖ ਮਸਲੇ ਹੱਲ ਕੀਤੇ ਸਨ। ਜਦੋਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣੇ ਤਾਂ ਉਸ ਸਮੇਂ ਔਰਤਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਕੇਸਕੀ ਬੰਨ੍ਹਕੇ ਅੰਮ੍ਰਿਤ ਛਕਣਾ ਪੈਂਦਾ ਸੀ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੇ ਔਰਤਾਂ ਨੂੰ ਕੇਸਕੀ ਤੋਂ ਬਿਨਾ ਚੁੰਨੀ ਪਹਿਨਕੇ ਅੰਮ੍ਰਿਤ ਛੱਕਣ ਦੀ ਇਜਾਜ਼ਤ ਦੇ ਦਿੱਤੀ ਸੀ, ਜੋ ਅੱਜ ਤੱਕ ਲਾਗੂ ਹੈ। ਉਹ ਵਿਧਾਨ ਘੜਨੀ ਸਭਾ ਦੇ ਮੈਂਬਰ, 1952, 57 ਅਤੇ 62 ਵਿਚ ਤਿੰਨ ਵਾਰ ਅੰਮ੍ਰਿਤਸਰ ਤੋਂ ਲੋਕ ਸਭਾ ਦੇ ਮੈਂਬਰ ਰਹੇ ਸਨ। 1968 ਤੋਂ 76 ਤੱਕ ਰਾਜ ਸਭਾ ਦੇ ਮੈਂਬਰ ਰਹੇ ਸਨ। 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਉਹ ਨਵੇਂ ਪੰਜਾਬ ਦੇ ਪਹਿਲੇ ਤੇ ਪੰਜਾਬ ਦੇ ਪੰਜਵੇਂ ਮੁੱਖ ਮੰਤਰੀ ਬਣੇ ਸਨ। ਮੁੱਖ ਮੰਤਰੀ ਬਣਨ ਦੀ ਵੀ ਅਜੀਬ ਦਾਸਤਾਂ ਹੈ। ਉਸ ਸਮੇਂ ਪੰਜਾਬ ਕਾਂਗਰਸ ਦੇ ਕਈ ਦਿੱਗਜ਼ ਨੇਤਾ ਮੁੱਖ ਮੰਤਰੀ ਬਣਨ ਦੇ ਚਾਹਵਾਨ ਸਨ, ਜਿਨ੍ਹਾਂ ਵਿਚ ਕਾਮਰੇਡ ਰਾਮ ਕਿਸ਼ਨ, ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਮੋਹਰਲੀ ਕਤਾਰ ਦੇ ਨੇਤਾ ਸਨ, ਪ੍ਰੰਤੂ ਪੰਜਾਬ ਕਾਂਗਰਸ ਦੇ ਨੇਤਾਵਾਂ ਦੀ ਕਸ਼ਮਕਸ਼ ਵਿਚ ਇੰਦਰਾ ਗਾਂਧੀ ਅਜਿਹੇ ਨੇਤਾ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਸਨ, ਜਿਹੜਾ ਸਰਵੋਤਮ ਤੇ ਨਿਰਵਿਵਾਦ ਹੋਵੇ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਇਸ ਖਲਜਗਣ ਵਿਚ ਪੈਣ ਤੋਂ ਹਿਚਕਚਾਉਂਦੇ ਸਨ। ਫਿਰ ਇੰਦਰਾ ਗਾਂਧੀ ਨੇ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਨੂੰ ਮਨਾਉਣ ਲਈ ਇੰਦਰ ਕੁਮਾਰ ਗੁਜਰਾਲ ਨੂੰ ਭੇਜਿਆ ਸੀ, ਜੋ ਬਾਅਦ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਵੀ ਰਹੇ ਹਨ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ 1 ਨਵੰਬਰ, 1966 ਤੋਂ 8 ਮਾਰਚ, 1967 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਮੁੱਖ ਮੰਤਰੀ ਹੁੰਦਿਆਂ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਅੰਮ੍ਰਿਤਸਰ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ 1967 ਵਿਚ ਲੜੇ ਅਤੇ ਕਾਮਰੇਡ ਸਤਪਾਲ ਡਾਂਗ ਤੋਂ ਹਾਰ ਗਏ ਸਨ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੰਜਾਬ ਦੇ ਪਹਿਲੇ ਅਜਿਹੇ ਨਿਰਵਿਵਾਦ ਨੇਤਾ ਸਨ, ਜਿਹੜੇ 1949 ਤੋਂ 1961 ਤੱਕ 12 ਸਾਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ। ਹਮੇਸ਼ਾ ਉਨ੍ਹਾਂ ਨੂੰ ਸਰਬਸੰਮਤੀ ਨਾਲ ਚੁਣਿਆਂ ਜਾਂਦਾ ਸੀ, ਸਿਰਫ਼ ਇੱਕ ਵਾਰ ਪੰਡਤ ਮੋਹਨ ਲਾਲ ਨੂੰ ਹਰਾਕੇ ਪ੍ਰਧਾਨ ਬਣੇ ਸਨ। ਉਹ ਸਰਬ ਭਾਰਤੀ ਕਾਂਗਰਸ ਕਮੇਟੀ ਦੀ ਸਭ ਤੋਂ ਵੱਡੀ ਨੀਤੀ ਬਣਾਉਣ ਵਾਲੀ ਵਰਕਿੰਗ ਕਮੇਟੀ ਦੇ ਵੀ ਮੈਂਬਰ ਸਨ। 1922 ਤੋਂ 42 ਤੱਕ 20 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਉਹ ਹਿੰਦੂ, ਸਿੱਖ ਅਤੇ ਮੁਸਲਮਾਨ ਤਿੰਨਾਂ ਕੌਮਾਂ ਵਿਚ ਸਤਿਕਾਰੇ ਜਾਂਦੇ ਸਨ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਦਾ ਬਸਟ (ਮੂਰਤੀ) ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਸੈਂਟਰਲ ਸਟੇਟ ਲਾਇਬਰੇਰੀ ਪਟਿਆਲਾ ਵਿਚ 15 ਜਨਵਰੀ 2026 ਨੂੰ ਲਗਾਇਆ ਜਾ ਰਿਹਾ ਹੈ। ਇਹ ਬਸਟ ਉਨ੍ਹਾਂ ਦੀ ਲੜਕੀ ਜੋਗਿੰਦਰ ਸੰਤ ਮੁਸਾਫ਼ਿਰ ਨੇ ਬਣਵਾਕੇ ਦਿੱਤਾ ਹੈ।

ਗਿਆਨੀ ਗੁਰਮੁਖ ਸਿੰਘ ਮੁਸਾਫਰ ਦਾ ਜਨਮ 15 ਜਨਵਰੀ, 1899 ਨੂੰ ਪੱਛਵੀਂ ਪੰਜਾਬ ਦੇ ਕੈਂਬਲਪੁਰ ਜ਼ਿਲ੍ਹੇ ਦੇ ਅੱਧਵਾਲ ਕਸਬੇ ਵਿਚ ਸੁਜਾਨ ਸਿੰਘ ਦੇ ਘਰ ਹੋਇਆ ਸੀ। ਇਸ ਸਮੇਂ ਇਹ ਕਸਬਾ ਮਿੰਟਗੁਮਰੀ ਜ਼ਿਲ੍ਹੇ ਵਿਚ ਹੈ। ਸੁਜਾਨ ਸਿੰਘ ਸ਼ਾਹੂਕਾਰੀ ਅਤੇ ਖੇਤੀਬਾੜੀ ਦਾ ਕਾਰੋਬਾਰ ਕਰਦੇ ਸਨ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਨੇ ਆਪਣੀ ਪ੍ਰਾਇਮਰੀ ਤੱਕ ਦੀ ਮੁੱਢਲੀ ਪੜ੍ਹਾਈ ਅੱਧਵਾਲ ਕਸਬੇ ਤੋਂ ਹੀ ਪ੍ਰਾਪਤ ਕੀਤੀ ਸੀ। ਮਿਡਲ ਤੱਕ ਦੀ ਪੜ੍ਹਾਈ ਕਰਨ ਲਈ ਉਹ ਰਾਵਲਪਿੰਡੀ ਚਲੇ ਗਏ। ਉਸ ਤੋਂ ਬਾਅਦ ਉਨ੍ਹਾਂ ਜੇ.ਵੀ. ਦੀ ਪ੍ਰੀਖਿਆ ਪਾਸ ਕੀਤੀ, ਜਿਸ ਤੋਂ ਬਾਅਦ ਉਹ ਅਧਿਆਪਕ ਲੱਗ ਗਏ। 1918 ਵਿਚ ਪਹਿਲਾਂ ਉਸਨੇ ਜ਼ਿਲ੍ਹਾ ਬੋਰਡ ਚੱਕਰੀ ਦੇ ਸਕੂਲ ਵਿਚ ਅਤੇ ਫਿਰ ਰਾਵਲਪਿੰਡੀ ਜ਼ਿਲ੍ਹੇ ਦੇ ਕਹੂਟਾ ਤਹਿਸੀਲ ਦੇ ਕੱਲਰ ਕਸਬੇ ਦੇ ਖਾਲਸਾ ਹਾਈ ਸਕੂਲ ਵਿਚ ਅਧਿਆਪਕ ਦੀਆਂ ਸੇਵਾਵਾਂ ਨਿਭਾਈਆਂ। ਇਸ ਤੋਂ ਬਾਅਦ ਐੱਸ.ਵੀ. ਦੀ ਸਿੱਖਿਆ ਪਾਸ ਕਰ ਲਈ ਤੇ ਹੈੱਡ ਵਰਨੈਕੂਲਰ ਅਧਿਆਪਕ ਲੱਗ ਗਏ। ਚਾਰ ਸਾਲ ਬਤੌਰ ਅਧਿਆਪਕ ਅਤੇ ਹੈਡਮਾਸਟਰ ਦੀਆਂ ਸੇਵਾਵਾਂ ਨਿਭਾਈਆਂ। ਉਸ ਤੋਂ ਬਾਅਦ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਦੇ ਨਾਲ ਧਾਰਮਿਕ ਸੁਧਾਰ ਲਹਿਰ ਵਿਚ ਸ਼ਾਮਲ ਹੋ ਗਏ। ਉਸਦਾ ਵਿਆਹ ਰਣਜੀਤ ਕੌਰ ਨਾਲ 1912 ਵਿਚ ਹੋਇਆ। ਉਨ੍ਹਾਂ ਦੇ 7 ਲੜਕੇ ਅਤੇ ਤਿੰਨ ਲੜਕੀਆਂ ਸਨ, ਜਿਨ੍ਹਾਂ ਵਿਚੋਂ ਦੋ ਲੜਕੇ ਅਤੇ ਇੱਕ ਲੜਕੀ ਬਿਮਾਰੀ ਕਾਰਨ ਜਲਦੀ ਸਵਰਗ ਸਿਧਾਰ ਗਏ ਸਨ। ਰਣਜੀਤ ਕੌਰ ਗਿਆਨੀ ਗੁਰਮੁਖ ਸਿੰਘ ਦੀ ਗ਼ੈਰਹਾਜ਼ਰੀ ਵਿਚ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਰਹੇ। ਇਸ ਸਮੇਂ ਉਨ੍ਹਾਂ ਦੀ ਇੱਕੋ ਲੜਕੀ ਜੋਗਿੰਦਰ ਕੌਰ ਜ਼ਿੰਦਾ ਹਨ, ਜੋ ਚੰਡੀਗੜ੍ਹ ਰਹਿੰਦੇ ਹਨ।

ਗੁਰਨੈਬ ਸਿੰਘ ਸਾਜਨ
ਪਿੰਡ ਦਿਉਣ, ਜ਼ਿਲ੍ਹਾ ਬਠਿੰਡਾ (ਪੰਜਾਬ)
98889-55757
ਪੰਜਾਬ ਮੇਲ USA



# ਜਿੰਦਰਾ ਜੰਗਾਲ ਖਾ ਗਿਆ, ਕੁੰਜੀ ਲੈ ਗਿਆ ਦਿਲਾਂ ਦਾ ਜਾਨੀ

## ਪਿਛਲੇ ਪੰਜ ਸਾਲਾਂ 'ਚ 9 ਲੱਖ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ






ਪੰਜਾਬ ਦਾ ਦੁਆਬਾ ਖੇਤਰ ਸਾਲ 1949-50 ਨੇੜੇ ਬਾਹਰਲੇ ਮੁਲਕਾਂ 'ਚ ਜਾਣਾ ਸ਼ੁਰੂ ਹੋਇਆ ਸੀ, ਹੌਲੀ-ਹੌਲੀ ਇਹ ਚੰਗਿਆੜੀ ਸਾਰੇ ਪੰਜਾਬ ਵਿਚ ਫੈਲ ਗਈ। ਪਿਛਲੇ ਪੰਜ ਸਾਲ 'ਚ 9 ਲੱਖ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ ਹੈ। ਸਾਲ 2014 ਤੋਂ 2022 ਤੱਕ ਪੰਜਾਬ ਵਿਚੋਂ 28117 ਵਿਅਕਤੀਆਂ ਨੇ ਭਾਰਤ ਦੀ ਨਾਗਰਿਕਤਾ ਛੱਡ ਦਿੱਤੀ ਹੈ। ਇਹ ਦਿੱਲੀ ਤੋਂ ਬਾਅਦ ਸਭ ਤੋਂ ਵੱਡਾ ਅੰਕੜਾ ਹੈ, ਪਹਿਲਾਂ ਜਦੋਂ ਵੀ ਕੋਈ ਪੰਜਾਬੀ ਵਿਦੇਸ਼ਾਂ ਵਿਚ ਜਾਂਦਾ ਸੀ, ਤਾਂ ਕਮਾਈ ਕਰਕੇ ਵਾਪਸ ਆ ਜਾਂਦਾ ਸੀ ਪਰ ਪੰਜਾਬ ਦੀ 25 ਲੱਖ ਤੋਂ ਉੱਪਰ ਆਬਾਦੀ ਅੱਜ ਵਿਦੇਸ਼ਾਂ ਵਿਚ ਵਸੀ ਹੋਈ ਹੈ, ਜੋ ਕਦੇ ਵੀ ਵਾਪਸ ਨਹੀਂ ਆਵੇਗੀ।

ਉਹ ਹੌਲੀ-ਹੌਲੀ ਆਪਣਾ ਘਰ-ਬਾਰ, ਜ਼ਮੀਨ-ਜਾਇਦਾਦ ਵੇਚ ਕੇ ਬਾਹਰਲੇ ਮੁਲਕਾਂ ਵਿਚ ਵਸ ਚੁੱਕੀ ਹੈ ਜਾਂ ਵਸ ਜਾਵੇਗੀ। ਜਿਹੜੇ ਗੋਰਿਆਂ ਨੇ 200 ਸਾਲ ਸਾਨੂੰ ਗੁਲਾਮ ਬਣਾਈ ਰੱਖਿਆ, ਉਨ੍ਹਾਂ ਦੇ ਅੱਜ ਵੀ ਅਸੀਂ ਉਨ੍ਹਾਂ ਦੇ ਹੀ ਵਿਦੇਸ਼ਾਂ ਵਿਚ ਗੁਲਾਮ ਹਾਂ, ਯੂਰਪੀ ਦੇਸ਼ ਦੇ ਗੋਰੇ ਅੱਜ ਵੀ ਕੈਨੇਡਾ ਵਰਗੇ ਦੇਸ਼ ਉੱਪਰ ਰਾਜ ਕਰ ਰਹੇ ਹਨ, ਜਦੋਂਕਿ ਕੈਨੇਡਾ ਦੇ ਵਸਨੀਕ ਉੱਥੋਂ ਦੇ ਸਭ ਤੋਂ ਵੱਡੇ ਨਸ਼ੇੜੀ ਅਤੇ ਭੁੱਖਮਰੀ ਦਾ ਸ਼ਿਕਾਰ ਹਨ, ਗੋਰੇ ਐਨੇ ਵੀ ਕਮਲੇ ਨਹੀਂ ਕਿ ਭਾਰਤੀਆਂ ਦੇ ਜਹਾਜ਼ ਭਰ-ਭਰ ਕੇ ਆਪਣੇ ਦੇਸ਼ਾਂ ਵਿਚ ਸਾਨੂੰ ਲੈ ਜਾਣ। ਉਨ੍ਹਾਂ ਦਾ ਦਿਮਾਗ ਬੜਾ ਤੇਜ਼ ਹੈ, ਉਹ ਦਿਲ ਨਾਲ ਨਹੀਂ, ਦਿਮਾਗ ਨਾਲ ਇਹ ਖੇਡਾਂ ਖੇਡਦੇ ਨੇ, ਉਨ੍ਹਾਂ ਨੂੰ ਪਤਾ ਹੈ ਕਿ ਇੱਥੇ ਜੋ ਵੀ ਆਵੇਗਾ, ਉਹ ਸਾਨੂੰ ਕਿੰਨਾ ਫਾਇਦਾ ਦੇਵੇਗਾ।

ਵੈਸੇ ਤਾਂ ਅਸੀਂ ਸਮਝਦੇ ਹਾਂ ਕਿ ਸਾਡੇ ਦੇਸ਼ ਦਾ ਇੱਕ ਰੁਪਈਆ ਬਾਹਰਲੇ ਮੁਲਕਾਂ ਵਿਚ 60 ਰੁਪਏ ਤੋਂ 85-90 ਰੁਪਏ ਤੱਕ ਹੈ। ਪਰ ਅਸੀਂ ਇਹ ਨਹੀਂ ਸਮਝਦੇ ਕਿ ਉੱਥੇ ਜੋ ਅਸੀਂ ਕਮਾਉਂਦੇ ਹਾਂ, ਉਥੋਂ ਦੀ ਮਹਿੰਗਾਈ ਵੀ ਬਹੁਤ ਹੈ, ਖੂਹ ਦੀ ਮਿੱਟੀ ਖੂਹ ਵਿਚ ਹੀ ਸੁੱਟ ਰਹੇ ਹਾਂ, ਗੋਰਿਆਂ ਨੂੰ ਪਤਾ ਹੈ ਕਿ ਜਿਨ੍ਹਾਂ ਨੂੰ ਅਸੀਂ ਪੱਕੇ ਕਾਮੇ ਬਣਾ ਲਿਆ, ਜਿਨ੍ਹਾਂ ਨੇ ਇੱਥੇ ਘਰ-ਬਾਰ ਬਣਾ ਲਿਆ, ਉਹ ਜਦੋਂ ਵੀ ਇੱਥੋਂ ਦੇ ਵਸਨੀਕ ਹੋ ਗਏ, ਤਾਂ ਉਹ ਜਦੋਂ ਵੀ ਪੰਜਾਬ ਜਾਂ ਭਾਰਤ ਜਾਣਗੇ, ਉਹ ਆਪਣੇ ਘਰ-ਬਾਰ, ਜ਼ਮੀਨਾਂ ਵੇਚ ਕੇ ਕੈਨੇਡਾ, ਅਮਰੀਕਾ, ਆਸਟਰੇਲੀਆ, ਯੂ.ਕੇ. ਜਾਂ ਹੋਰ ਮੁਲਕਾਂ ਵਿਚ ਲੈ ਕੇ ਆਉਣਗੇ। ਇਹ ਉਨ੍ਹਾਂ ਦੇਸ਼ਾਂ ਦੀ ਇਕੋਨਮੀ ਵਿਚ ਵਾਧਾ ਹੋਵੇਗਾ।

ਹਰ ਸਾਲ 27 ਹਜ਼ਾਰ ਕਰੋੜ ਰੁਪਈਆ ਪੰਜਾਬੀਆਂ ਦਾ ਵਿਦੇਸ਼ੀ ਖਾਤਿਆਂ ਵਿਚ ਚਲਾ ਜਾਂਦਾ ਹੈ। ਭਾਰਤ ਦੇ ਵੱਖ-ਵੱਖ ਸੂਬੇ ਤਾਂ ਅਜੇ ਇੱਕ ਪਾਸੇ ਹਨ, ਇਹ ਸਭ ਪੰਜਾਬ ਦਾ ਅੰਕੜਾ ਹੈ, ਸਾਡੇ ਪੈਸੇ ਨਾਲ ਗੋਰੇ ਦੇਸ਼ ਦਿਨੋਂ-ਦਿਨ ਅਮੀਰ ਹੋਈ ਜਾ ਰਹੇ ਨੇ ਤੇ ਅਸੀਂ ਦਿਨੋਂ-ਦਿਨ ਕੰਗਾਲ, ਆਪਣੀ ਵਿਰਾਸਤ ਤੋਂ ਨਾਲੋਂ ਟੁਟ ਰਹੇ ਹਾਂ। ਦੁਆਬੇ ਨੇ ਪਹਿਲ ਕੀਤੀ। ਇਸ ਤੋਂ ਬਾਅਦ ਮਾਝਾ ਤੇ ਪਿਛਲੇ ਸਾਲਾਂ 'ਚ ਮਾਲਵਾ ਵੀ ਬਾਹਰਲੇ ਮੁਲਕਾਂ ਦੀ ਦੌੜ ਵਿਚ ਸ਼ਾਮਲ ਹੋ ਗਿਆ। ਪਹਿਲਾਂ ਦੁਆਬੇ ਤੇ ਮਾਝੇ ਵਿਚ ਪਿੰਡਾਂ ਦੀਆਂ ਵੱਡੀਆਂ ਕੋਠੀਆਂ ਦੇ ਜਿੰਦਰੇ ਜੰਗਾਲ ਖਾ ਗਏ ਸਨ, ਬਿਹਾਰੀ, ਯੂ.ਪੀ. ਦੇ ਪ੍ਰਵਾਸੀ ਲੋਕ ਇਨ੍ਹਾਂ ਕੋਠੀਆਂ ਵਿਚ ਕਾਬਜ਼ ਹੋ ਕੇ ਇੱਥੋਂ ਦੇ ਮਾਲਕ ਬਣੇ ਬੈਠੇ ਹਨ, ਫਿਰ ਮਾਝੇ ਵਿਚ ਅਤੇ ਅੱਜਕੱਲ੍ਹ ਮਾਲਵੇ ਵਿਚ ਵੀ ਇਹ ਸਥਿਤੀ ਦੇਖਣ ਨੂੰ ਮਿਲ ਰਹੀ ਹੈ।

ਗੋਰਿਆਂ ਨੇ ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਆਈਲੈਟਸ ਦਾ ਪੇਪਰ ਪਾਸ ਕਰਨ ਦੀ ਸ਼ਰਤ ਰੱਖ ਦਿੱਤੀ, ਲੜਕੀਆਂ ਪੜ੍ਹਨ ਵਿਚ ਜ਼ਿਆਦਾ ਹੁਸ਼ਿਆਰ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੇ ਆਈਲੈਟਸ ਪਾਸ ਕਰ ਲਿਆ, ਫੇਰ ਪੰਜਾਬੀਆਂ ਦੀ ਦੌੜ ਸ਼ੁਰੂ ਹੋਈ ਬਾਹਰਲੇ ਮੁਲਕਾਂ ਵੱਲ, ਪਹਿਲਾਂ ਜ਼ਮੀਨਾਂ ਜਾਇਦਾਦਾਂ ਵਾਲੇ ਤੇ ਅਮੀਰ ਲੋਕ ਹੀ ਵਿਦੇਸ਼ਾਂ ਵੱਲ ਜਾ ਸਕਦੇ ਸਨ, ਪਰ ਪਿਛਲੇ ਸਾਲਾਂ ਦੌਰਾਨ ਮੱਧ ਵਰਗੀ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜ ਰਹੇ ਹਨ, ਤਾਂ ਕਿ ਉਹ ਗੁਰਬਤ ਤੋਂ ਛੁਟਕਾਰਾ ਪਾ ਸਕਣ। ਮੱਧ ਵਰਗੀ ਪਰਿਵਾਰਾਂ ਵਿਚ ਜੇਕਰ ਲੜਕੀਆਂ ਨੇ ਆਈਲੈਟਸ ਦਾ ਕੋਰਸ ਪਾਸ ਕੀਤਾ, ਤਾਂ ਲੜਕੇ ਵਾਲੇ ਸੋਚਦੇ ਸਨ ਕਿ ਉਨ੍ਹਾਂ ਦੇ ਲੜਕੇ ਵੀ ਬਾਹਰ ਜਾ ਸਕਣਗੇ ਤਾਂ ਉਨ੍ਹਾਂ ਨੇ ਮੱਧਵਰਗੀ ਪਰਿਵਾਰਾਂ ਦੀਆਂ ਆਈਲੈਟਸ ਪਾਸ ਲੜਕੀਆਂ ਉੱਪਰ ਪੈਸਾ ਲਗਾਉਣਾ ਸ਼ੁਰੂ ਕਰ ਦਿੱਤਾ। ਮਤਲਬ ਦਾਜ ਦਾ ਰੂਪ ਹੀ ਬਦਲ ਗਿਆ।

ਪਹਿਲਾਂ ਵਾਲੇ ਸਮਿਆਂ ਵਿਚ ਜਦੋਂ ਘਰ ਵਿਚ ਧੀ ਜਨਮ ਲੈਂਦੀ ਸੀ, ਤਾਂ ਬਾਪ ਨੂੰ ਉਸ ਦੀ ਪੜ੍ਹਾਈ-ਲਿਖਾਈ, ਪਾਲਣ-ਪੋਸ਼ਣ ਤੇ ਵਿਆਹ ਸਮੇਂ ਦਾਜ ਦਾ ਫਿਕਰ ਪੈ ਜਾਂਦਾ ਸੀ, ਪਰ ਹੁਣ ਜਦੋਂ ਤੋਂ ਬਾਹਰਲੇ ਮੁਲਕਾਂ ਨੇ ਆਈਲੈਟਸ ਪਾਸ ਕਰਕੇ ਵਿਦੇਸ਼ਾਂ ਵੱਲ ਆਉਣ ਦੇ ਦਰਵਾਜ਼ੇ ਖੋਲ੍ਹੇ ਹਨ, ਉਸ ਤੋਂ ਬਾਅਦ ਲੜਕੇ ਵਾਲਿਆਂ ਨੇ ਲੜਕੀ ਵਾਲਿਆਂ ਨੂੰ ਆਪਣਾ ਲੜਕਾ ਵਿਦੇਸ਼ ਭੇਜਣ ਲਈ ਦਾਜ ਦੇ ਰੂਪ ਵਿਚ ਲੜਕੀ ਦੀ ਪੜ੍ਹਾਈ ਦੌਰਾਨ ਫੀਸਾਂ ਤੋਂ ਲੈ ਕੇ ਉੱਥੇ ਪਹੁੰਚਣ ਤੱਕ ਖਰਚੇ ਕਰਨੇ ਸ਼ੁਰੂ ਕੀਤੇ। ਇਸ ਸਭ ਦਾ ਫਾਇਦਾ ਕੁਝ ਲੜਕੀਆਂ ਨੇ ਗਲਤ ਢੰਗ ਨਾਲ ਵੀ ਖੱਟਿਆ ਕਿ ਉਨ੍ਹਾਂ ਨੇ ਲੜਕੇ ਵਾਲਿਆਂ ਦੇ ਪਰਿਵਾਰ ਤੋਂ ਪੈਸਾ ਲਗਾਕੇ ਉੱਥੇ ਜਾ ਕੇ ਆਪਣੇ ਫੋਨ ਵੀ ਬੰਦ ਕਰ ਲਏ ਅਤੇ ਉਨ੍ਹਾਂ ਨੂੰ ਜਵਾਬ ਵੀ ਦੇ ਦਿੱਤਾ ਕਿ ਅਸੀਂ ਨੀ ਤੁਹਾਡੇ ਲੜਕੇ ਨੂੰ ਐਥੇ ਬੁਲਾਉਂਦੀਆਂ, ਐਸੇ ਕੇਸ ਵੀ ਬਹੁਤ ਸਾਹਮਣੇ ਆਏ।

ਇਹ ਸਭ ਉਸ ਕੁਦਰਤ ਦਾ ਵਿਧੀ ਵਿਧਾਨ ਹੈ, ਜਦੋਂ ਧੀ ਵਾਲਿਆਂ ਤੋਂ ਦਾਜ ਲਿਆ ਜਾਂਦਾ ਸੀ, ਫਿਰ ਲੜਕੀਆਂ ਨੂੰ ਦਾਜ ਦੀ ਬਲੀ ਵੀ ਚੜ੍ਹਨਾ ਪੈਂਦਾ ਸੀ। ਪਰ ਹੁਣ ਵਿਦੇਸ਼ਾਂ ਦੇ ਡਾਲਰਾਂ ਦੀ ਚਕਾਚੌਂਧ ਵਿਚ ਲੜਕੇ ਵਾਲਿਆਂ ਨੂੰ ਦਾਜ ਦੇ ਰੂਪ ਵਿਚ ਇਹ ਸਭ ਹੰਢਾਉਣਾ ਪੈਂਦਾ ਹੈ। ਫੇਰ ਲੜਕੇ ਦੇ ਬਾਪੂ ਦੀਆਂ ਨੀਂਦਾਂ ਉੱਡੀਆਂ ਰਹੀਆਂ, ਇਸ ਤੋਂ ਬਾਅਦ ਮੱਧਵਰਗੀ ਤੋਂ ਇਲਾਵਾ ਹਰ ਵਰਗ ਦੇ ਲੋਕ ਵਿਦੇਸ਼ਾਂ ਦੀ ਦੌੜ ਵਿਚ ਸ਼ਾਮਲ ਹੋ ਗਏ। ਗੋਰਿਆਂ ਨੇ ਭਾਰਤੀਆਂ 'ਚੋਂ ਖ਼ਾਸ ਕਰ ਪੰਜਾਬੀਆਂ ਦੇ ਜਹਾਜ਼ਾਂ ਦੇ ਜਹਾਜ਼ ਭਰ ਕੇ ਆਪਣੇ ਮੁਲਕਾਂ ਵਿਚ ਬੁਲਾ ਲਏ, ਜਿਨ੍ਹਾਂ ਵਿਚ ਲੜਕੇ ਲੜਕੀਆਂ ਦੇ ਮਾਂ-ਬਾਪ, ਭੈਣ-ਭਰਾ, ਰਿਸ਼ਤੇਦਾਰ ਵੀ ਸ਼ਾਮਲ ਹਨ, ਅਸੀਂ ਸਮਝਦੇ ਹਾਂ ਕਿ ਅਸੀਂ ਆਈਲੈਟਸ ਦਾ ਕੋਰਸ ਕਰਕੇ ਗਏ ਹਾਂ ਬਾਹਰਲੇ ਮੁਲਕਾਂ ਵਿਚ, ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਹ ਸਭ ਸਿਰਫ ਤੁਹਾਨੂੰ ਉਨ੍ਹਾਂ ਦੀ ਭਾਸ਼ਾ ਸਮਝਣ ਲਈ ਹੈ, ਕੋਈ ਕੋਰਸ ਵਗੈਰਾ ਨਹੀਂ ਹੈ।

ਚਾਹੀਦਾ ਤਾਂ ਇਹ ਸੀ ਕਿ ਜੇਕਰ ਵਿਦੇਸ਼ਾਂ ਵਿਚ ਜਾਣਾ ਹੈ, ਤਾਂ ਇੱਥੋਂ ਹੱਥ ਦਾ ਕੰਮ ਜਾਂ ਕੋਰਸ ਵਗੈਰਾ ਕਰਕੇ ਜਾਂਦੇ, ਤਾਂ ਉੱਥੇ ਤੁਹਾਡੀ ਕਦਰ ਪੈਂਦੀ, ਪਰ ਤੁਸੀਂ ਤਾਂ ਬਾਰਵੀਂ ਜਮਾਤ ਪਾਸ ਕਰਕੇ ਹੀ ਆਈਲੈਟਸ ਕਰਕੇ ਵਿਦੇਸ਼ਾਂ ਦੇ ਗੁਲਾਮ ਹੋ ਗਏ। ਐਨੀ ਛੋਟੀ ਉਮਰ ਵਿਚ ਨੌਜਵਾਨ ਭਟਕ ਵੀ ਜਾਂਦੇ ਹਨ। ਜਿਹੜੇ ਬੱਚੇ ਨੂੰ ਅਸੀਂ ਆਪਣੇ ਘਰ ਤੋਂ ਸ਼ਹਿਰ 'ਚ ਮਸਾਂ ਅਗਲੀ ਪੜ੍ਹਾਈ ਲਈ ਭੇਜਦੇ ਹਾਂ ਤੇ ਉਸ ਬੱਚੇ ਨੂੰ ਬੇਗਾਨੇ ਮੁਲਕ ਵਿਚ ਬਿਨਾਂ ਸੋਚੇ ਸਮਝੇ ਜਹਾਜ਼ ਚੜ੍ਹਾ ਦਿੰਦੇ ਹਾਂ, ਇਹ ਕੋਈ ਬਹੁਤੀ ਸਿਆਣਪ ਵਾਲੀ ਗੱਲ ਨਹੀਂ ਹੈ, ਇਸ ਖੇਡ ਵਿਚ ਇਨ੍ਹਾਂ ਸਤਰਾਂ ਦਾ ਲੇਖਕ ਵੀ ਸ਼ਾਮਲ ਹੈ। ਉੱਥੇ ਜਾ ਕੇ ਉਨ੍ਹਾਂ ਬੱਚਿਆਂ ਦਾ ਜੋ ਹਸ਼ਰ ਹੁੰਦਾ ਹੈ, ਉਹ ਕਹਿਣੇ ਤੋਂ ਬਾਹਰ ਦੀ ਗੱਲ ਹੈ, ਅਸੀਂ ਤਾਂ ਸਿਰਫ ਡਾਲਰਾਂ 'ਚ ਖੇਡਣਾ ਚਾਹੁੰਦੇ ਹਾਂ, ਡਾਲਰ ਕਮਾਉਣ ਵਾਲੇ ਉਸ ਲੜਕਾ ਜਾਂ ਲੜਕੀ ਉੱਪਰ ਕੀ ਬੀਤਦੀ ਹੋਵੇਗੀ ਕੀ ਉਹ ਪੂਰੀ ਨੀਂਦ ਸੌਂ ਵੀ ਸਕਦਾ ਹੈ, ਚੰਗਾ ਖਾ ਵੀ ਸਕਦਾ ਹੈ, ਆਪਣੇ ਸੁਪਨੇ ਚਾਅ ਮਲਾਰ ਸੱਧਰਾਂ ਦਾ ਗਲਾ ਘੁੱਟ ਕੇ ਉਹ ਆਪਣੇ ਮਾਂ-ਬਾਪ ਦੇ ਸੁਪਨੇ ਪੂਰੇ ਕਰਨ ਲਈ ਵਿਦੇਸ਼ਾਂ ਵਿਚ ਦਿਨ-ਰਾਤ ਕੰਮ ਕਰਕੇ ਆਪਣੀ ਸਿਹਤ ਵੱਲ ਵੀ ਧਿਆਨ ਨਹੀਂ ਰੱਖ ਪਾਉਂਦਾ। ਇਹ ਸਭ ਨੂੰ ਹੀ ਪਤਾ ਹੈ, ਪਰ ਅਸੀਂ ਤਾਂ ਡਾਲਰਾਂ ਤੇ ਪਾਊਂਡਾਂ ਦੀ ਚਕਾਚੌਂਧ ਵਿਚ ਆਪਣੇ ਬੱਚਿਆਂ ਦੀ ਉਸ ਦੇਸ਼ ਵਿਚ ਬਲੀ ਦਿੱਤੀ ਹੈ। ਉਨ੍ਹਾਂ ਦੇ ਚਾਅ ਸੁਪਨੇ ਸੱਧਰਾਂ ਕੁਰਬਾਨ ਕੀਤੀਆਂ ਨੇ।

ਜੇਕਰ ਸਾਡੇ ਨੌਜਵਾਨ ਲੜਕੇ ਲੜਕੀਆਂ ਬਾਰ੍ਹਵੀਂ ਜਮਾਤ ਤੋਂ ਬਾਅਦ ਆਪਣੇ ਹੀ ਦੇਸ਼ ਵਿਚ ਇੰਜੀਨੀਅਰ, ਡਾਕਟਰ ਵਿਗਿਆਨੀ, ਅਰਥ ਸ਼ਾਸਤਰੀ, ਪ੍ਰੋਫੈਸਰ, ਪਾਇਲਟ ਬਣਦੇ ਤਾਂ ਸਾਡੇ ਦੇਸ਼ ਨੂੰ ਦੁਬਾਰਾ ਸੋਨੇ ਦੀ ਚਿੜੀ ਬਣਨ ਤੋਂ ਕੋਈ ਨਹੀਂ ਰੋਕ ਸਕਦਾ ਸੀ। ਪਰ ਅਸੀਂ ਤਾਂ ਉਨ੍ਹਾਂ ਬੱਚਿਆਂ ਦਾ ਭਵਿੱਖ ਦਾਅ 'ਤੇ ਲਾ ਕੇ ਡਾਲਰਾਂ ਤੇ ਪੌਂਡਾਂ ਦੀ ਚਕਾਚੌਂਧ ਵਿਚ ਆਪਣੇ ਪੂਰੇ ਪੂਰ ਨੂੰ ਬਾਹਰਲੇ ਮੁਲਕਾਂ ਦਾ ਗੁਲਾਮ ਬਣਾ ਦਿੱਤਾ ਹੈ। ਹੁਣ ਇਹ ਸਿਲਸਿਲਾ ਇੱਥੇ ਹੀ ਰੁੱਕਣ ਵਾਲਾ ਨਹੀਂ ਹੈ। ਉਨ੍ਹਾਂ ਦੇਸ਼ਾਂ ਦੇ ਇੱਕ ਦੂਜੇ ਤੋਂ ਕਾਨੂੰਨ ਕੋਈ ਬਹੁਤੇ ਵੱਖਰੇ ਨਹੀਂ ਹਨ, ਸਗੋਂ ਮਿਲਦੇ-ਜੁਲਦੇ ਹੀ ਹਨ। ਜੇ ਕੋਈ ਇੱਕ ਕਾਨੂੰਨ ਪਾਸ ਕਰਦਾ ਹੈ, ਤਾਂ ਦੂਜਾ ਵੀ ਉਸ ਕਾਨੂੰਨ ਨੂੰ ਲਾਗੂ ਕਰਨ ਲੱਗਦਾ ਹੈ। ਸਾਨੂੰ ਲੱਗਦਾ ਕਿ ਬਾਹਰਲੇ ਮੁਲਕਾਂ ਦੇ ਕਾਨੂੰਨ ਵੱਖਰੇ-ਵੱਖਰੇ ਹਨ ਉਨ੍ਹਾਂ ਨੂੰ ਇੱਕ ਦੂਜੇ ਬਾਰੇ ਕੁਝ ਵੀ ਨਹੀਂ ਪਤਾ ਪਰ ਉੱਥੋਂ ਦੇ ਹੁਕਮਰਾਨ ਇਹ ਸਭ ਕੁਝ ਭਲੀ-ਭਾਂਤ ਜਾਣਦੇ ਹਨ ਕਿ ਉਡਦੇ ਪੰਛੀ ਨੂੰ ਪਿੰਜਰੇ ਵਿਚ ਕਿਵੇਂ ਪਾਉਣਾ ਹੈ। ਆਪਣੇ ਮੁਲਕ ਨੂੰ ਅਮੀਰ ਅਤੇ ਤਰੱਕੀ ਵਾਲਾ ਕਿਵੇਂ ਬਣਾਉਣਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਜੋਗਿੰਦਰ ਸਿੰਘ ਪਵਾਰ ਨੇ ਪ੍ਰਵਾਸ ਦੇ ਰੁਝਾਨ ਨੂੰ ਰੋਕਣ ਲਈ ਰੁਜ਼ਗਾਰ ਗਾਰੰਟੀ ਘੜਨ ਦੀ ਨਸੀਹਤ ਦਿੱਤੀ ਸੀ, ਪੰਜਾਬ 'ਚ ਇੱਕ ਵਾਰ ਸਕਿੱਲਡ ਸੈਂਟਰ ਤੇ ਆਈ.ਟੀ.ਆਈਜ਼ ਸਥਾਪਿਤ ਹੋਈਆਂ ਹਨ ਪਰ ਇਨ੍ਹਾਂ 'ਚੋਂ ਨਿਕਲੇ ਨੌਜਵਾਨਾਂ ਨੂੰ ਅੱਗੇ ਕੋਈ ਸੁਰੱਖਿਅਤ ਰਸਤਾ ਨਹੀਂ ਦਿਸਿਆ ਇਹ ਇੱਕ ਵੱਡਾ ਕਾਰਨ ਹੈ ਪ੍ਰਵਾਸ ਦਾ। ਪੰਜਾਬ ਦੀ ਬੇਰੁਜ਼ਗਾਰੀ ਦਰ 2019 'ਚ 8.2 ਫੀਸਦੀ ਰਹੀ ਸੀ। ਕੈਨੇਡਾ ਦੀ ਵਸੋਂ ਦਾ 1.3 ਪ੍ਰਤੀਸ਼ਤ ਹਿੱਸਾ ਪੰਜਾਬੀ ਹਨ, 2014 ਤੋਂ 2021 ਤੱਕ 54.36 ਲੱਖ ਪਾਸਪੋਰਟ ਬਣੇ, ਪੰਜਾਬ ਵਿਚ 14 ਪਾਸਪੋਰਟ ਕੇਂਦਰ 7 ਤੋਂ 11 ਦਿਨਾਂ ਦੇ ਅੰਦਰ-ਅੰਦਰ ਪਾਸਪੋਰਟ ਬਣਾਉਂਦੇ ਹਨ। 2018 ਵਿਚ 6031, 2019 'ਚ 73574, 2020 'ਚ 3312 ਅਤੇ ਕੋਰੋਨਾ ਕਾਲ ਤੇ ਕੁੱਝ ਮੱਧਮ ਪਏ, ਸਿਰਫ ਕੈਨੇਡਾ ਦਾ ਰੁਝਾਨ 2014-16 'ਚ ਜ਼ਿਆਦਾ ਵਧਿਆ ਸੀ, ਉਸ ਸਮੇਂ 75 ਹਜ਼ਾਰ ਪੰਜਾਬੀ ਕੈਨੇਡਾ ਗਏ ਸਨ। ਉਸ ਤੋਂ ਬਾਅਦ ਕੈਨੇਡਾ ਨੇ 200 ਕਾਲਜ ਵਿਦੇਸ਼ੀਆਂ ਲਈ ਖੋਲ੍ਹੇ ਸਨ, ਜਿਸ ਦਾ ਟੀਚਾ 49,400 ਸੀ। 2018 ਵਿਚ 25 ਹਜ਼ਾਰ ਵਿਦਿਆਰਥੀ ਆਸਟ੍ਰੇਲੀਆ ਗਏ ਹਨ, ਇਸ ਤੋਂ ਇਲਾਵਾ ਉੱਥੋਂ ਦੇ ਕਾਲਜ ਮਨਮਰਜ਼ੀ ਕਰਕੇ ਨੌਜਵਾਨਾਂ ਦਾ ਸ਼ੋਸ਼ਣ ਵੀ ਕਰਦੇ ਹੋਣਗੇ।

ਸਭ ਤੋਂ ਮਾੜਾ ਹੈ ਗੈਰ ਕਾਨੂੰਨੀ ਪ੍ਰਵਾਸ ਕਰਨਾ। ਪੰਜਾਬੀ ਇੱਕ ਸਮੇਂ ਤਾਂ ਗੈਰ ਕਾਨੂੰਨੀ ਪ੍ਰਵਾਸ ਨੂੰ ਆਪਣੀ ਪਸੰਦ ਸਮਝਦੇ ਸਨ। ਪਨਾਮਾ ਦੇ ਜੰਗਲਾਂ 'ਚ ਮੌਤਾਂ ਅਤੇ ਕਿਸ਼ਤੀਆਂ ਦਾ ਡੁੱਬਣਾ ਵੀ ਗੈਰ ਕਾਨੂੰਨੀ ਪ੍ਰਵਾਸ ਦੀ ਗਤੀ ਨੂੰ ਮੱਧਮ ਨਾ ਕਰ ਸਕਿਆ। ਇਸ ਸਾਰੇ ਘਟਨਾਕ੍ਰਮ ਤੋਂ ਸਾਡੇ ਸਿਸਟਮ ਦਾ ਪਤਾ ਚੱਲਦਾ ਹੈ ਕਿ ਕਿੰਨਾ ਜ਼ੋਖਮ ਉਠਾ ਕੇ ਸਾਡੇ ਨੌਜਵਾਨ ਗੈਰ-ਕਾਨੂੰਨੀ ਪ੍ਰਵਾਸ ਨੂੰ ਤਰਜੀਹ ਦੇ ਰਹੇ ਹਨ। ਡੋਨਾਲਡ ਟਰੰਪ ਦੇ ਗੈਰ ਕਾਨੂੰਨੀ ਪ੍ਰਵਾਸ ਘੱਟ ਕਰਨ ਦੇ ਚੋਣ ਵਾਅਦੇ ਨਾਲ ਅਮਰੀਕਾ 'ਚ ਪ੍ਰਵਾਸ ਦੀ ਗਤੀ ਮੱਧਮ ਹੋਈ ਹੈ। ਅਮਰੀਕਾ 'ਚ ਸਰਹੱਦ ਪਾਰ ਕਰਨ ਵਾਲਿਆਂ ਨੂੰ ਹਿਰਾਸਤ ਵਿਚ ਲਿਆ ਜਾਂਦਾ ਹੈ ਤੇ ਉਨ੍ਹਾਂ ਦੀ ਗਿਣਤੀ ਪਿਛਲੇ 50 ਸਾਲਾਂ ਦੇ ਇਤਿਹਾਸ ਦੇ ਹੇਠਲੇ ਪੱਧਰ 'ਤੇ ਆ ਗਈ ਹੈ।


ਸਤੰਬਰ 2025 'ਚ ਅਮਰੀਕਾ ਮੈਕਸੀਕੋ ਸਰਹੱਦ 'ਤੇ 11647 ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਜਦੋਂ ਕਿ ਸਤੰਬਰ 2024 'ਚ ਇਹ ਗਿਣਤੀ ਲੱਖ ਤੋਂ ਉੱਪਰ ਹੋ ਗਈ, 2023 ਸਤੰਬਰ ਵਿਚ 69700 ਸੀ, ਇਸ ਤੋਂ ਜ਼ਾਹਿਰ ਹੈ ਕਿ ਟਰੰਪ ਦਾ ਚੋਣ ਵਾਅਦੇ ਵਾਲਾ ਪੱਤਾ ਕੰਮ ਕਰ ਗਿਆ। 2025 ਵਿਚ ਅਮਰੀਕਾ ਨੇ 3528 ਭਾਰਤੀ ਡਿਪੋਰਟ ਕੀਤੇ, 2024 'ਚ ਇਹ ਗਿਣਤੀ 1368 ਸੀ, ਜਦਕਿ 2023 'ਚ ਇਹ ਗਿਣਤੀ 617 ਸੀ। ਮਨੁੱਖੀ ਸਮਗਲਿੰਗ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਸ ਤੋਂ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੁੰਦੇ ਹਨ। ਅਮਰੀਕਾ ਤੇ ਸਾਊਦੀ ਅਰਬ 'ਚ 27 ਅਤੇ 25 ਲੱਖ ਪ੍ਰਵਾਸੀ ਭਾਰਤੀ ਹਨ।


ਪਿਛਲੇ ਸਾਲਾਂ ਦੌਰਾਨ ਸਾਡੇ ਪੰਜਾਬ ਦੇ ਕਈ ਗੁਰੂ ਘਰਾਂ ਵਿਚ ਜਹਾਜ਼ ਵੀ ਚੜ੍ਹਦੇ ਰਹੇ ਹਨ ਤੇ ਉੱਥੇ ਵਿਦੇਸ਼ ਜਾਣ ਦੀਆਂ ਅਰਦਾਸਾਂ ਵੀ ਹੁੰਦੀਆਂ ਸਨ ਤੇ ਉਹ ਅਰਦਾਸਾਂ ਪੂਰੀਆਂ ਵੀ ਹੋ ਗਈਆਂ ਤੇ ਹੁਣ ਜਦੋਂ ਤੋਂ ਕੈਨੇਡਾ ਵਰਗੇ ਦੇਸ਼ਾਂ ਨੇ ਕਾਨੂੰਨ ਸਖ਼ਤ ਕੀਤੇ ਹਨ, ਉਦੋਂ ਤੋਂ ਇਨ੍ਹਾਂ ਗੁਰੂ ਘਰਾਂ ਵਿਚ ਜਹਾਜ਼ ਚੜ੍ਹਨੋਂ ਵੀ ਬੰਦ ਹੋ ਗਏ ਹਨ ਅਤੇ ਉੱਥੇ ਸੰਗਤਾਂ ਦੀ ਗਿਣਤੀ ਵੀ ਘਟੀ ਹੈ।

ਪੰਜਾਬ ਵਿਚ ਬਜ਼ੁਰਗਾਂ ਨੂੰ ਦਵਾ ਦਾਰੂ ਦੇਣ ਵਾਲਾ ਵੀ ਕੋਈ ਨਹੀਂ ਰਿਹਾ। ਉਨ੍ਹਾਂ ਦੇ ਬੱਚੇ ਤਾਂ ਬਾਹਰਲੇ ਮੁਲਕਾਂ ਵੱਲ ਉਡਾਰੀ ਮਾਰ ਚੁੱਕੇ ਨੇ ਤੇ ਉਨ੍ਹਾਂ ਨੂੰ ਵੀ ਕਹਿ ਰਹੇ ਨੇ ਕਿ ਤੁਸੀਂ ਵੀ ਆ ਜਾਓ, ਜੇਕਰ ਸਵਰਗ ਦੇਖਣਾ ਹੈ ਪਰ ਅਸੀਂ ਨੀ ਹੁਣ ਮੁੜਦੇ ਆਪਣੇ ਘਰਾਂ ਵੱਲ, ਸਾਨੂੰ ਐਥੇ ਵਸਣਾ ਮਨਜ਼ੂਰ ਹੈ।

# 'ਸਿੱਕਮ ਦਾ ਇੱਕ ਬਰਸਾਤੀ ਦਿਨ' ਪੁਸਤਕ ਭਾਰਤ ਦਾ ਬਹੁ-ਸੱਭਿਆਚਾਰਕ ਸਰੂਪ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਨਿਰੰਜਣ ਸਿੰਘ ਸੈਲਾਨੀ ਜ਼ਮੀਨੀ ਹਕੀਕਤਾਂ ਦਾ ਵਰਣਨ ਕਰਨ ਵਾਲਾ ਲੇਖਕ ਹੈ। ਉਸ ਦੀਆਂ ਹੁਣ ਤੱਕ 32 ਪੁਸਤਕਾਂ, ਜਿਨ੍ਹਾਂ ਵਿਚ 12 ਮੌਲਿਕ, 20 ਅਨੁਵਾਦਿਤ/ਸਾਂਝੇ ਸੰਗ੍ਰਹਿ ਪੰਜਾਬੀ ਤੇ ਹਿੰਦੀ ਦੇ ਸ਼ਾਮਲ ਹਨ। ਚਰਚਾ ਅਧੀਨ ਉਸਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦਿਤ ਲੇਖ/ਕਹਾਣੀ ਸੰਗ੍ਰਹਿ 'ਸਿੱਕਮ ਦਾ ਇੱਕ ਬਰਸਾਤੀ ਦਿਨ' ਭਾਰਤ ਦੇ ਬਹੁ-ਰੰਗੀ, ਬਹੁ-ਭਾਸ਼ਾਈ ਬਹੁ-ਸੱਭਿਆਚਾਰਕ ਰੂਪਾਂ ਦਾ ਪ੍ਰਗਟਾਵਾ ਕਰਦਾ ਹੈ। ਇਸ ਲੇਖ/ਕਹਾਣੀ ਸੰਗ੍ਰਹਿ ਵਿਚ ਹਿੰਦੀ ਦੀ ਲੇਖਕ ਨੀਲਮ ਕੁਲਸ਼ਰੇਸ਼ਥਾ ਦੀਆਂ 12 ਕਹਾਣੀਆਂ/ਲੇਖਾਂ ਦਾ ਪੰਜਾਬੀ ਰੂਪ ਆਮ ਬੋਲਚਾਲ ਵਾਲੀ ਮਲਵਈ ਭਾਸ਼ਾ ਵਿਚ ਕੀਤਾ ਗਿਆ ਹੈ। ਇਹ ਕਹਾਣੀਆਂ/ਲੇਖ ਮੁੱਖ ਤੌਰ 'ਤੇ ਭਾਰਤ ਦੇ ਬਹੁ-ਪੱਖੀ ਸੱਭਿਆਚਾਰ ਦੇ ਦ੍ਰਿਸ਼ਟਾਂਤਿਕ ਰੂਪ ਵਿਚ ਦਰਸ਼ਨ ਕਰਵਾਉਂਦੇ ਹਨ। ਭਾਵੇਂ ਇਹ ਕਹਾਣੀਆਂ/ਲੇਖ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਕੀਤੇ ਹੋਏ ਹਨ, ਪ੍ਰੰਤੂ ਮੌਲਿਕ ਲੱਗਦੇ ਹਨ। ਅਨੁਵਾਦਕ ਨੇ ਪੁਸਤਕ ਪ੍ਰਕਾਸ਼ਤ ਕਰਨ ਸਮੇਂ ਇਸਨੂੰ ਕਹਾਣੀ/ਲੇਖ ਸੰਗ੍ਰਹਿ ਨਹੀਂ ਲਿਖਿਆ। ਸਿਰਫ਼ 'ਸਿੱਕਮ ਦਾ ਇੱਕ ਬਰਸਾਤੀ ਦਿਨ' ਸਿਰਲੇਖ ਲਿਖਿਆ ਹੈ, ਪ੍ਰੰਤੂ ਪੁਸਤਕ ਦੇ ਅੰਦਰ 4 ਨੰਬਰ ਪੰਨੇ 'ਤੇ ਬਰੈਕਟ ਵਿਚ ਕਹਾਣੀ ਸੰਗ੍ਰਹਿ ਲਿਖ ਦਿੱਤਾ ਹੈ। ਸਾਰੀ ਪੁਸਤਕ ਪੜ੍ਹਨ ਤੋਂ ਬਾਅਦ ਇਹ ਮਹਿਸੂਸ ਹੁੰਦਾ ਹੈ ਕਿ ਇਹ ਦਸ ਲੇਖ ਹਿੰਦੀ ਲੇਖਿਕਾ ਨੀਲਮ ਕੁਲਸ਼ਰੇਸ਼ਥਾ ਦਾ ਸਫ਼ਰਨਾਮਾ ਹੈ, ਕਿਉਂਕਿ ਸਾਰੀ ਪੁਸਤਕ ਵਿਚ ਵੱਖ-ਵੱਖ ਥਾਵਾਂ ਦੀ ਯਾਤਰਾ ਦਾ ਜ਼ਿਕਰ ਆਉਂਦਾ ਹੈ। ਪਹਿਲੇ ਤਿੰਨ ਲੇਖ ਰੇਲ ਯਾਤਰਾ ਨਾਲ ਸੰਬੰਧਤ ਹਨ। ਪਹਿਲਾ ਲੇਖ/ਕਹਾਣੀ 'ਬੇਮਿਸਾਲ ਭਾਰਤ' ਰੇਲ ਗੱਡੀਆਂ, ਬੱਸਾਂ, ਹੋਰ ਆਵਾਜਾਈ ਦੇ ਸਾਧਨਾਂ ਵਿਚ ਸਫਰ ਕਰਨ ਸਮੇਂ ਲੋਕਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਦੀ ਤਸਵੀਰ ਵਿਖਾਈ ਗਈ ਹੈ। ਇੱਥੋਂ ਤੱਕ ਕਿ ਆਮ ਲੋਕਾਂ ਅਤੇ ਆਧੁਨਿਕਤਾ ਦੇ ਨਾਮ 'ਤੇ ਮਟਰਗਸ਼ਤੀਆਂ ਕਰਨ ਵਾਲੇ ਮੁੰਡੇ/ਕੁੜੀਆਂ ਦੀ ਬੋਲ-ਚਾਲ ਅਤੇ ਖਾਸ ਤੌਰ 'ਤੇ ਕੁੜੀਆਂ ਦੇ ਪਬਲਿਕ ਦੇ ਸਾਹਮਣੇ ਸਿਗਰਟਾਂ ਪੀਣ ਬਾਰੇ ਵੀ ਦੱਸਿਆ ਗਿਆ ਹੈ। ਇਹ ਵੀ ਦਰਸਾਇਆ ਗਿਆ ਹੈ ਕਿ ਭਾਰਤ ਵਿਚ ਲੋਕ ਕਿਵੇਂ ਇੱਕ ਦੂਜੇ ਦੇ ਹਿਤਾਂ ਦਾ ਧਿਆਨ ਰੱਖਦੇ ਹਨ। ਦੂਜੀ ਕਹਾਣੀ/ਲੇਖ 'ਛਿੱਟਿਆਂ ਦਾ ਅਕਸ' ਵਿਚ ਲੋਕਾਂ ਵੱਲੋਂ ਕਿਸੇ ਦੂਜੇ ਦੇ ਦੁੱਖ ਨੂੰ ਮਹਿਸੂਸ ਨਾ ਕਰਨ ਦੀ ਤ੍ਰਾਸਦੀ ਬਾਰੇ ਦੱਸਿਆ ਗਿਆ ਹੈ। ਭਾਵ ਲੋਕਾਂ ਨੂੰ ਆਪੋ ਆਪਣੀ ਪਈ ਹੋਈ ਹੈ, 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ'। ਤੀਜੀ ਕਹਾਣੀ/ਲੇਖ 'ਆਮ ਔਰਤ ਦੀ ਆਮ ਡੱਬੇ ਵਿਚ ਯਾਤਰਾ' ਰੇਲ ਗੱਡੀਆਂ ਵਿਚ ਸੀਟਾਂ ਲੈਣ ਲਈ ਭ੍ਰਿਸ਼ਟਾਚਾਰ ਦੇ ਬੋਲਬਾਲੇ ਦੀ ਜਾਣਕਾਰੀ ਦਿੱਤੀ ਗਈ ਹੈ। ਮਸ਼ਟੰਡੇ ਰੇਲਵੇ ਦੇ ਮੁਲਾਜ਼ਮਾਂ ਅਤੇ ਪੁਲਿਸ ਦੀ ਮਿਲੀ ਭੁਗਤ ਨਾਲ ਗ਼ੈਰਕਾਨੂੰਨੀ ਢੰਗ ਨਾਲ ਪੈਸੇ ਉਗਰਾਹੁੰਦੇ ਹਨ। ਨੌਜਵਾਨ ਕੋਈ ਕੰਮ ਕਰਨ ਨੂੰ ਤਿਆਰ ਹੀ ਨਹੀਂ। ਲੋਕ ਚੁੱਪ ਕਰਕੇ ਸਾਰਾ ਕੁੱਝ ਬਰਦਾਸ਼ਤ ਕਰਦੇ ਰਹਿੰਦੇ ਹਨ। ਚੌਥੀ ਕਹਾਣੀ/ਲੇਖ 'ਰੈਸਕਿਊ' ਵਿਚ ਦਰਸਾਇਆ ਹੈ ਕਿ 'ਓਕਈ' ਡੈਮ ਵਿਚੋਂ ਪਾਣੀ ਛੱਡਣ ਨਾਲ ਤਾਪੀ ਨਦੀ ਵਿਚ ਹੜ੍ਹ ਆ ਗਿਆ, ਜਿਸਦੇ ਸਿੱਟੇ ਵਜੋਂ ਸੂਰਤ ਸ਼ਹਿਰ ਪਾਣੀ ਵਿਚ ਡੁੱਬ ਗਿਆ, ਅਨੇਕਾਂ ਲੋਕ ਤੇ ਪਸ਼ੂ ਮਾਰੇ ਗਏ। ਆਮ ਲੋਕਾਂ ਦਾ ਕਿਸੇ ਨੂੰ ਫ਼ਿਕਰ ਨਹੀਂ, ਕੁਝ ਖਾਸ ਬੰਦਿਆਂ ਦੇ ਬਚਾਓ ਲਈ ਸਿਫ਼ਾਰਸ਼ਾਂ ਨਾਲ ਪ੍ਰਬੰਧ ਕੀਤਾ ਜਾਂਦਾ ਹੈ। ਇਹ ਭਾਰਤੀਆਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਪੰਜਵੀਂ ਕਹਾਣੀ/ਲੇਖ 'ਸਿੱਕਮ ਦਾ ਇੱਕ ਬਰਸਾਤੀ ਦਿਨ' ਕਹਾਣੀ/ਲੇਖ ਵਿਚ ਸਿੱਕਮ ਦੇ ਸੁੰਦਰ ਦ੍ਰਿਸ਼ਾਂ, ਸੈਰ ਸਪਾਟਾ ਵਾਲੇ ਥਾਵਾਂ, ਸੱਭਿਆਚਾਰ, ਲੋਕਾਂ ਦੇ ਰਹਿਣ-ਸਹਿਣ, ਵਿਓਪਾਰ ਤੇ ਗ਼ਰੀਬੀ ਬਾਰੇ ਦਰਸਾਇਆ ਗਿਆ ਹੈ। ਉਹ ਲੋਕ ਭਾਰਤ ਵਿਚ ਸ਼ਾਮਲ ਹੋਣ ਨੂੰ ਬਿਹਤਰੀਨ ਮੰਨਦੇ ਹਨ, ਉਸਤੋਂ ਬਾਅਦ ਸਿੱਕਮ ਦਾ ਵਿਕਾਸ ਹੋਇਆ ਹੈ। ਛੇਵੀਂ ਕਹਾਣੀ/ਲੇਖ 'ਕਸ਼ਿਸ਼ ਦਾ ਕਮਾਲ' ਬਹੁਤ ਹੀ ਦਿਲਚਸਪ ਬਿਰਤਾਂਤ ਹੈ, ਜਿਸ ਵਿਚ ਭਾਰਤੀ ਲੜਕੇ/ਲੜਕੀਆਂ ਵਿਚ ਵਿਆਹ ਨਾ ਕਰਵਾਉਣ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਪ੍ਰੰਤੂ ਦੋਹਾਂ ਵਿਚ ਰੁਮਾਂਟਿਕ ਭਾਵਨਾਵਾਂ ਮੌਜੂਦ ਹੁੰਦੀਆਂ ਹਨ, ਜਿਹੜੀਆਂ ਉਨ੍ਹਾਂ ਨੂੰ ਨਾ ਚਾਹੁੰਦਿਆਂ ਵੀ ਇੱਕ ਦੂਜੇ ਦੀ ਖਿੱਚ ਲਈ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਇਸ ਕਹਾਣੀ ਵਿਚ ਇਹ ਵੀ ਦਰਸਾਇਆ ਗਿਆ ਹੈ, ਭਾਰਤੀ ਮਰਦ ਤੇ ਇਸਤਰੀਆਂ ਆਪਣੀ ਜ਼ਿੰਦਗੀ ਦਾ ਖੁੱਲ੍ਹਕੇ ਆਨੰਦ ਵੀ ਲੈ ਨਹੀਂ ਸਕਦੇ, ਜਦੋਂ ਕਿ ਗੋਰੇ ਲੋਕ ਹਰ ਉਮਰ ਵਿਚ ਜ਼ਿੰਦਗੀ ਮਾਣਦੇ ਹਨ। ਭਾਰਤੀ ਇਸਤਰੀਆਂ ਆਪਣੇ ਪਤੀਆਂ ਤੇ ਇਹੋ ਨਿਗਾਹ ਰੱਖਦੀਆਂ ਹਨ ਕਿ ਉਹ ਕਿਸੇ ਦੂਜੀ ਔਰਤ ਦੇ ਚੱਕਰ ਵਿਚ ਨਾ ਫਸੇ। ਵੱਡੀਆਂ ਕੰਪਨੀਆਂ ਆਪਣੇ ਵਿਓਪਾਰ ਨੂੰ ਪ੍ਰਫ਼ੁਲਤ ਕਰਨ ਲਈ ਹਰ ਹੀਲਾ ਵਰਤਦੇ ਹੋਏ ਕਾਨਫ਼ਰੰਸਾਂ ਦੇ ਬਹਾਨੇ ਆਪਣੇ ਕਰਮਚਾਰੀਆਂ ਨੂੰ ਵੱਡੇ ਹੋਟਲਾਂ ਵਿਚ ਕਾਨਫ਼ਰੰਸਾਂ ਆਯੋਜਿਤ ਕਰਕੇ ਸੈਰ ਸਪਾਟਾ ਦੀਆਂ ਸਹੂਲਤਾਂ ਦੇ ਕੇ ਉਤਸ਼ਾਹਤ ਕਰਦੇ ਹਨ, ਤਾਂ ਜੋ ਉਨ੍ਹਾਂ ਦਾ ਵਿਓਪਾਰ ਵੱਧ ਸਕੇ। ਸੱਤਵੀਂ ਕਹਾਣੀ/ਲੇਖ 'ਸਫ਼ੈਦ ਪੱਥਰਾਂ 'ਚ ਅਟਕੀ ਜਾਨ... ਰਣ ਦਾ ਵੱਛੜਾ-ਦਾਦਾ' ਵਿਚ ਗੁਜਰਾਤ ਦੇ ਮਾਰੂਥਲ ਪਥਰੀਲੇ ਇਲਾਕੇ ਦੀ ਦਾਸਤਾਂ ਹੈ ਤੇ 'ਵੱਛੜਾ ਦਾਦਾ' ਮੰਦਰ ਦੀ ਮਿੱਥ ਦੀ ਕਹਾਣੀ ਹੈ, ਅਰਥਾਤ ਧਾਰਮਿਕ ਆਸਥਾ ਭਾਰਤੀਆਂ ਵਿਚ ਜ਼ਿਆਦਾ ਹੈ ਕਿ ਉਥੋਂ ਸੁੱਖਾਂ ਪੂਰੀਆਂ ਹੁੰਦੀਆਂ ਹਨ। ਉਥੋਂ ਦੇ ਗ਼ਰੀਬ ਲੋਕਾਂ ਦੀ ਤ੍ਰਾਸਦੀ ਵੀ ਦਰਸਾਈ ਗਈ ਹੈ। ਅੱਠਵੀਂ ਕਹਾਣੀ/ਲੇਖ 'ਜੰਨਤ ਦੀ ਮੁਸਕਾਨ ਸਿਰਫ਼ ਸੱਤ ਲੱਖ ਰੁਪਏ' ਵਿਚ ਜੰਮੂ ਕਸ਼ਮੀਰ ਦੀ ਅਸਥਿਰਤਾ ਬਾਰੇ ਹੈ, ਜਿਥੇ ਪੰਡਤਾਂ ਦੇ ਕਤਲ ਆਮ ਹੁੰਦੇ ਰਹਿੰਦੇ ਹਨ। ਸਥਾਨਕ ਲੋਕ ਅੱਤਵਾਦੀਆਂ ਅਤੇ ਸਰਕਾਰੀ ਤੰਤਰ ਦੀਆਂ ਜ਼ਿਆਦਤੀਆਂ ਦੇ ਤੰਗ ਕੀਤੇ ਹੋਏ ਦਰਸਾਏ ਹਨ। ਔਰਤਾਂ ਹਰ ਵਰਗ ਦੀਆਂ ਗੁਲਾਮ ਹਨ, ਸਕੂਲ ਬੰਦ ਕਰ ਦਿੱਤੇ ਜਾਂਦੇ ਸਨ/ਡਰਦੇ ਅਧਿਆਪਕ ਛੱਡ ਜਾਂਦੇ/ਮਾਰ ਦਿੱਤੇ ਜਾਂਦੇ ਹਨ। ਅਮੀਰ ਲੋਕ ਆਪਣੇ ਬੱਚਿਆਂ ਨੂੰ ਜੰਮੂ ਕਸ਼ਮੀਰ ਤੋਂ ਬਾਹਰ ਦਾਖ਼ਲ ਕਰਵਾਕੇ ਪੜ੍ਹਾਈ ਕਰਵਾਉਂਦੇ ਹਨ। ਨੌਵਾਂ 'ਪੂਨਾ-ਪਲਟ' ਵਿਚ ਲੇਖਕ ਇੱਕ ਖਾਂਦੇ-ਪੀਂਦੇ ਪਰਿਵਾਰ ਦੇ ਇੱਕ ਵਿਅਕਤੀ ਨੂੰ ਪੂਨਾ-ਪਲਟ ਕਹਿੰਦਾ ਹੈ, ਜਿਹੜਾ ਐਕਟਰ ਬਣਨ ਦੇ ਜਨੂੰਨ ਕਰਕੇ ਸਾਰੀ ਉਮਰ ਐਕਟਰ ਬਣਨ ਦੀ ਕੋਸ਼ਿਸ਼ ਵਿਚ ਅਸਫਲ ਹੁੰਦਾ ਹੈ। ਪਰਿਵਾਰ ਦੀਆਂ ਦੋ ਭੈਣਾਂ ਦਾ ਇਕਲੌਤਾ ਭਰਾ ਵਿਆਹ ਵੀ ਐਕਟਰ ਬਣਨ ਤੋਂ ਬਾਅਦ ਕਰਵਾਉਣ ਦੇ ਸੁਪਨਿਆਂ ਵਿਚ ਹੀ ਖੋਇਆ ਰਹਿੰਦਾ ਹੈ। ਅਖ਼ੀਰ ਭਗਵੇਂ ਕੱਪੜੇ ਪਾ ਕੇ ਪਾਠ ਪੂਜਾ ਦੇ ਚੱਕਰ ਵਿਚ ਫਸ ਜਾਂਦਾ ਹੈ। ਮਾਤਾ-ਪਿਤਾ ਦੀ ਸਾਰੀ ਜਾਇਦਾਦ ਇਸੇ ਚੱਕਰ ਵਿਚ ਗੁਆ ਦਿੰਦਾ ਹੈ। ਫਿਲਮਾਂ ਅਤੇ ਬਿਗ ਬਾਸ ਵਰਗੇ ਸ਼ੋਅ ਨੂੰ ਸ਼ੋਸ਼ੇ ਕਿਹਾ ਜਾਂਦਾ ਹੈ। ਨੌਜਵਾਨ ਇਨ੍ਹਾਂ ਸ਼ੋਅ ਪਿੱਛੇ ਪਾਗਲ ਹੋਏ ਰਹਿੰਦੇ ਹਨ। ਔਰਤਾਂ ਗਹਿਣੇ ਅਤੇ ਕੱਪੜਿਆਂ ਵਿਚ ਹੀ ਉਲਝੀਆਂ ਰਹਿੰਦੀਆਂ ਹਨ। ਇਹ ਰੋਜ਼ਗਾਰ ਮਨੁੱਖਾਂ ਨੂੰ ਖਾਣ ਵਾਲਾ ਬਣ ਗਿਆ ਹੈ, ਭਾਵ ਨੌਜਵਾਨ ਐਕਟਰ ਬਣਨ ਦੇ ਚੱਕਰ ਵਿਚ ਹੀ ਵਕਤ ਗੁਆ ਦਿੰਦੇ ਹਨ। ਦਸਵਾਂ 'ਨਾਕਾਬੰਦੀ' ਲੇਖ/ਕਹਾਣੀ ਵਿਚ ਵਿਆਹੁਦਾ ਜ਼ਿੰਦਗੀ ਦੇ ਦੁੱਖਾਂ ਅਤੇ ਸੁੱਖਾਂ ਦਾ ਵਰਣਨ ਹੈ, ਜਿਸ ਵਿਚ ਦਰਸਾਇਆ ਗਿਆ ਹੈ, ਮਰਦ ਅਤੇ ਔਰਤ ਦੋਵੇਂ ਇੱਕ ਦੂਜੇ ਦੀ ਨਾਕਾਬੰਦੀ ਕਰਦੇ ਹਨ। ਔਰਤਾਂ ਨੂੰ ਜਦੋਂ ਵੀ ਸਮਾਂ ਮਿਲਦਾ ਹੈ, ਉਹ ਆਪਣੇ ਮਰਦਾਂ ਦੀ ਬਦਖੋਈ ਚੁਗਲੀਆਂ ਕਰਦੀਆਂ ਹੋਈਆਂ ਮਨਪ੍ਰਚਾਵਾ ਕਰਦੀਆਂ ਰਹਿੰਦੀਆਂ ਹਨ। ਵਿਆਹ ਬੰਧਨ ਨੂੰ ਆਪਣੀ ਮਜਬੂਰੀ ਦੱਸਦੀਆਂ ਹਨ। ਉਹ ਆਪਣੇ ਮਰਦਾਂ ਨੂੰ ਦੂਜੀਆਂ ਔਰਤਾਂ ਦੇ ਆਸ਼ਕ ਸਮਝਦੀਆਂ ਰਹਿੰਦੀਆਂ ਹਨ।

ਅਨੁਵਾਦਕ ਨੇ ਪੁਸਤਕ ਪ੍ਰਕਾਸ਼ਤ ਕਰਨ ਸਮੇਂ ਇਸਨੂੰ ਕਹਾਣੀ/ਲੇਖ ਸੰਗ੍ਰਹਿ ਨਹੀਂ ਲਿਖਿਆ। ਸਿਰਫ਼ 'ਸਿੱਕਮ ਦਾ ਇੱਕ ਬਰਸਾਤੀ ਦਿਨ' ਸਿਰਲੇਖ ਲਿਖਿਆ ਹੈ, ਪ੍ਰੰਤੂ ਪੁਸਤਕ ਦੇ ਅੰਦਰ 4 ਨੰਬਰ ਪੰਨੇ 'ਤੇ ਬਰੈਕਟ ਵਿਚ ਕਹਾਣੀ ਸੰਗ੍ਰਹਿ ਲਿਖ ਦਿੱਤਾ ਹੈ। ਸਾਰੀ ਪੁਸਤਕ ਪੜ੍ਹਨ ਤੋਂ ਬਾਅਦ ਇਹ ਮਹਿਸੂਸ ਹੁੰਦਾ ਹੈ ਕਿ ਇਹ ਦਸ ਲੇਖ ਹਿੰਦੀ ਲੇਖਿਕਾ ਨੀਲਮ ਕੁਲਸ਼ਰੇਸ਼ਥਾ ਦਾ ਸਫ਼ਰਨਾਮਾ ਹੈ, ਕਿਉਂਕਿ ਸਾਰੀ ਪੁਸਤਕ ਵਿਚ ਵੱਖ-ਵੱਖ ਥਾਵਾਂ ਦੀ ਯਾਤਰਾ ਦਾ ਜ਼ਿਕਰ ਆਉਂਦਾ ਹੈ। ਪਹਿਲੇ ਤਿੰਨ ਲੇਖ ਰੇਲ ਯਾਤਰਾ ਨਾਲ ਸੰਬੰਧਤ ਹਨ। ਪਹਿਲਾ ਲੇਖ/ਕਹਾਣੀ 'ਬੇਮਿਸਾਲ ਭਾਰਤ' ਰੇਲ ਗੱਡੀਆਂ, ਬੱਸਾਂ, ਹੋਰ ਆਵਾਜਾਈ ਦੇ ਸਾਧਨਾਂ ਵਿਚ ਸਫਰ ਕਰਨ ਸਮੇਂ ਲੋਕਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਦੀ ਤਸਵੀਰ ਵਿਖਾਈ ਗਈ ਹੈ।

124 ਪੰਨਿਆਂ 250 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਸ਼ਬਦਾਂਜ਼ਲੀ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।
ਸੰਪਰਕ ਨਿਰੰਜਣ ਸਿੰਘ ਸੈਲਾਨੀ : 9876228703

# ਹਿਜ਼ਰਤਨਾਮਾ - ਬਾਪੂ ਬੀਰ ਸਿੰਘ

ਦੇਸ਼ ਆਜ਼ਾਦ ਹੋਏ ਨੂੰ 78 ਸਾਲ ਹੋ ਗਏ ਹਨ। ਮੇਰੇ ਦਾਦੇ ਸ਼ਰੀਕੇ 'ਚੋਂ ਭਰਾ ਲੱਗਦੇ ਬਾਪੂ ਬੀਰ ਸਿੰਘ ਨੂੰ ਮਿਲਕੇ ਉਨ੍ਹਾਂ ਦਿਨਾਂ (ਹੱਲ੍ਹਿਆਂ) ਦਾ ਹਾਲ ਜਾਣਨ ਦੀ ਇੱਛਾ ਜ਼ਾਹਰ ਕੀਤੀ, ਤਾਂ ਇਹ ਸਭ ਦੱਸਦਿਆਂ ਬਾਪੂ ਦਾ ਗੱਚ ਭਰ ਆਇਆ। ਉਮਰ ਦੇ ਤੀਜੇ ਪੜਾਅ 'ਤੇ ਪਹੁੰਚ ਕੇ ਵੀ ਉਹ ਸੁਣਨ, ਦੇਖਣ ਤੇ ਸਰੀਰਕ ਪੱਖੋਂ ਪੂਰੀ ਤਰਾਂ ਤੰਦਰੁਸਤ ਹੈ। 90ਵਿਆਂ ਨੂੰ ਢੁੱਕਿਆ ਬਾਪੂ ਬੀਰ ਸਿੰਘ ਓਦੋਂ 17 ਕੁ ਸਾਲਾਂ ਦਾ ਸੀ। ਨਿਸ਼ੋਹ ਜਿਹਾ ਗੱਭਰੂ ਸ਼ਾਮ ਸਮੇਂ ਹਾਣੀਆਂ ਦੀਆਂ ਢਾਣੀਆਂ 'ਚ ਬੈਠਣ ਤੋਂ ਇਲਾਵਾ ਆਪਣੇ ਪਿਤਾ ਜਗਤ ਸਿੰਘ ਨਾਲ ਖੇਤੀਬਾੜੀ 'ਚ ਹੱਥ ਵਟਾਉਣ ਤੋਂ ਲੈ ਕੇ ਮਾਲ-ਡੰਗਰ ਸਾਂਭਣ ਲੱਗ ਗਿਆ ਸੀ। ਪਾਕਿਸਤਾਨ ਦੇ ਜ਼ਿਲ੍ਹਾ ਸ਼ਿਆਲਕੋਟ ਦੀ ਤਹਿਸੀਲ ਡਸ਼ਕਾ 'ਚ ਪੈਂਦੇ ਧਿਆਨੀ ਕੋਟ 'ਚ ਜ਼ਿੰਦਗੀ ਦੀ ਗੱਡੀ ਵਧੀਆ ਚੱਲ ਰਹੀ ਸੀ। ਪਿੰਡ ਦੇ ਗੁਰਦੁਆਰੇ ਕੋਲ ਖੂਹ ਸੀ ਬਾਪੂ ਦਾ। ਤੀਲ੍ਹਾ-ਤੀਲ੍ਹਾ ਜੋੜ 'ਕੱਠੇ ਕੀਤੇ 4 ਛਿਲੜਾਂ ਨਾਲ ਓਦੋਂ ਕੋਠੇ ਛੱਤ ਕੇ ਹਟੇ ਸਨ।

ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ ਭਾਵ ਭਾਰਤ ਦੀ ਆਜ਼ਾਦੀ ਦੀ ਗੱਲ ਬਾਰੇ ਤਾਂ ਸਭ ਨੂੰ ਪਤਾ ਸੀ ਪਰ ਭਾਰਤ-ਪਾਕਿਸਤਾਨ ਦੀ ਵੰਡ ਕਾਰਨ ਆਪਣੀ ਜਨਮ-ਭੋਇੰ ਛੱਡਣ ਦਾ ਖਿਆਲ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ। ਖੈਰ, ਹਾਲਾਤ ਵਿਗੜਦੇ-ਵਿਗੜਦੇ ਇਸ ਕਦਰ ਵਿਗੜ ਗਏ ਕਿ ਹਿੰਦੂਆਂ ਤੇ ਸਿੱਖਾਂ ਨੂੰ ਪਾਕਿਸਤਾਨ ਛੱਡ ਕੇ ਚਲੇ ਜਾਣ ਦੀ ਸਰਕਾਰੀ ਤੌਰ 'ਤੇ ਮੁਨਿਆਦੀ ਕਰਵਾ ਦਿੱਤੀ ਗਈ। ਚਾਰੇ ਪਾਸੇ ਵੱਢ-ਟੁੱਕ ਸ਼ੁਰੂ ਹੋ ਗਈ। ਇਸ ਮੁਸ਼ਕਿਲ ਦੀ ਘੜੀ 'ਚ ਧਿਆਨੀ ਕੋਟ ਪਿੰਡ ਵਿਚਲੇ ਵੀਰ ਸਿੰਘ ਦੇ ਜਿਗਰੀ ਯਾਰ ਜਾਂ ਰੋਟੀ ਪਾਣੀ ਦੀ ਸਾਂਝ ਵਾਲਾ ਕੋਈ ਵੀ ਪਰਿਵਾਰ ਉਨ੍ਹਾਂ ਦੀ ਮਦਦ ਲਈ ਅੱਗੇ ਨਾ ਆਇਆ, ਉਲਟਾ ਉਹ ਸਾਰੇ ਜਾਨ ਦੇ ਵੈਰੀ ਬਣ ਗਏ। ਗਹਿਣਾ-ਗੱਟਾ ਤੇ ਕੁਝ ਕੁ ਕੱਪੜੇ ਲੈ ਕੇ ਅਤੇ ਮਾਲ ਡੰਗਰ ਛੱਡ ਦੇ ਉਹ ਸਾਰੇ ਇਕੱਠੇ ਹੋ ਕੇ ਨੇੜਲੇ ਸ਼ਹਿਰ ਵੱਲ ਚੱਲ ਪਏ। ਸੋਚਿਆ ਸੀ ਕਿ 2-3 ਦਿਨਾਂ 'ਚ ਮਹੌਲ ਠੀਕ ਹੋ ਜਾਵੇਗਾ ਤੇ ਉਹ ਵਾਪਸ ਆ ਜਾਣਗੇ ਪਰ ਉਦੋਂ ਕਿਸੇ ਨੂੰ ਪਤਾ ਨਹੀਂ ਸੀ ਕਿ ਇਹ ਧਰਤੀ, ਪਿੰਡ ਦੀਆਂ ਗਲੀਆਂ, ਆਪਣਾ ਘਰ ਤੇ ਖੇਤਾਂ ਨੂੰ ਫੇਰ ਕਦੇ ਦੇਖਣਾ ਨਸੀਬ ਨਹੀਂ ਹੋਣਾ।



ਲੋਕਾਂ ਦੇ ਸਿਰਾਂ 'ਤੇ ਖੂਨ ਸਵਾਰ ਸੀ। ਉਹ ਚਾਰੇ ਪਾਸੇ ਬਰਛੇ, ਗੰਡਾਸੇ, ਕਿਰਪਾਨਾਂ ਚੁੱਕੀ ਫਿਰਦੇ ਸਨ। ਮਨੁੱਖ ਦੀ ਜਾਨ ਕੌਡੀਆਂ ਤੋਂ ਵੀ ਸਸਤੀ ਹੋ ਗਈ ਸੀ। ਬੰਦਾ ਤਾਂ ਕੋਈ ਰਹਿ ਹੀ ਨਹੀਂ ਸੀ ਗਿਆ, ਬਸ ਇਨਸਾਨੀ ਜਾਮੇ 'ਚ ਸ਼ੈਤਾਨ ਹੀ ਘੁੰਮ ਰਹੇ ਸਨ। ਕਿੱਲਿਆਂ ਨਾਲ ਬੰਨ੍ਹੇ ਬੇਜ਼ੁਬਾਨ ਪਸ਼ੂਆਂ ਨੂੰ ਅੱਗਾਂ ਲਾ ਦਿੱਤੀਆਂ, ਜਿਹੜਾ ਹਿੰਦੂ-ਸਿੱਖ ਦਿਸਿਆ ਵੱਢ ਸੁੱਟਿਆ, ਘਰ-ਬਾਰ ਲੁੱਟੇ ਗਏ, ਅੱਲ੍ਹੜਾਂ ਨੋਚ ਲਈਆਂ ਤੇ ਜਿਹੜੀਆਂ ਬਚ ਗਈਆਂ, ਉਹ ਇੱਜ਼ਤ ਬਚਾਉਣ ਖਾਤਰ ਉਨ੍ਹਾਂ ਦੇ ਘਰਦਿਆਂ ਨੇ ਆਪ ਮਾਰ ਦਿੱਤੀਆਂ। ਖੂਹਾਂ ਦੇ ਖੂਹ ਲਾਸ਼ਾਂ ਨਾਲ ਭਰ ਗਏ, ਭਰੀਆਂ ਹੋਈਆਂ ਰੇਲ ਗੱਡੀਆਂ ਸਾੜ ਦਿੱਤੀਆਂ ਗਈਆਂ ਤੇ ਲਾਸ਼ਾਂ ਦਰਿਆ 'ਚ ਰੋੜ ਦਿੱਤੀਆਂ ਜਾਂਦੀਆਂ।

ਬੱਚੇ, ਬਜ਼ੁਰਗ, ਔਰਤਾਂ ਸਭ ਹੱਲ੍ਹਿਆਂ ਦੀ ਭੇਟ ਚੜ੍ਹ ਗਏ। ਛੋਟੇ-ਛੋਟੇ ਬੱਚੇ ਮਰ ਚੁੱਕੀਆਂ ਮਾਵਾਂ ਦਾ ਦੁੱਧ ਚੁੰਘ ਰਹੇ ਸਨ। ਮਣਾਂ-ਮੂੰਹੀ ਲਾਸ਼ਾਂ ਨਹਿਰ 'ਚ ਤੈਰ ਰਹੀਆਂ ਸਨ ਤੇ ਨਹਿਰਾਂ ਦਾ ਪਾਣੀ ਖੂਨ ਨਾਲ ਲਾਲ ਸੁਰਖ ਹੋ ਗਿਆ ਸੀ। ਖੂਨ ਦੀਆਂ ਨਦੀਆਂ ਵਹਾਉਣ ਵਾਲਾ ਮੁਹਾਵਰਾ ਸ਼ਾਇਦ ਇਥੋਂ ਹੀ ਸ਼ੁਰੂ ਹੋਇਆ ਹੋਣੈਂ, ਕਿਉਂਕਿ ਅਜਿਹਾ ਖੂਨੀ ਮੰਜ਼ਰ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਪਿੰਡਾਂ ਦੇ ਪਿੰਡ ਖਤਮ ਹੋ ਗਏ ਤੇ ਪੁਸ਼ਤਾਂ ਦਾ ਨਾਸ਼ ਹੋ ਗਿਆ। ਮਾਰਨ ਵਾਲਾ ਹਜੂਮ ਚਾਰੇ ਪਾਸੇ ਤੇ ਬਚਾਉਣ ਵਾਲੇ ਆਟੇ 'ਚ ਲੂਣ ਬਰਾਬਰ। ਕਿਸੇ ਨੂੰ ਕਾਨੂੰਨ ਜਾਂ ਪੁਲਿਸ ਦਾ ਕੋਈ ਡਰ-ਭੈਅ ਨਹੀਂ ਸੀ, ਏਦਾਂ ਲੱਗਦਾ ਸੀ, ਜਿਵੇਂ ਰੱਬ ਵੀ ਆਪਣੇ ਕੰਮ ਤੋਂ ਕੁਝ ਦਿਨਾਂ ਦੀ ਛੁੱਟੀ ਲੈ ਗਿਆ ਹੋਵੇ।

ਇਹ ਸਭ ਦੱਸਦਿਆਂ ਬੀਰ ਸਿੰਘ ਦਾ ਬਿਰਧ ਸਰੀਰ ਕੰਬਣ ਲੱਗ ਪਿਆ ਸੀ ਤੇ ਉਹ ਕੁਝ ਪਲਾਂ ਲਈ ਬੋਲਣ ਤੋਂ ਰੁੱਕ ਗਿਆ ਸੀ। ਇਹ ਸਭ ਮੇਰੀਆਂ ਅੱਖਾਂ ਅੱਗੇ ਕਿਸੇ ਫਿਲਮ ਦੇ ਦ੍ਰਿਸ਼ ਵਾਂਗ ਘੁੰਮ ਰਿਹਾ ਸੀ। ਪਾਣੀ ਦਾ ਗਿਲਾਸ ਪੀਣ ਤੋਂ ਬਾਅਦ ਬੀਰ ਸਿੰਘ ਨੇ ਅੱਖੀਂ ਢਿੱਠਾ ਹਾਲ ਸੁਣਾਉਂਦਿਆਂ ਦੱਸਿਆ ਕਿ ਕਿਵੇਂ ਉਸਦਾ ਪਰਿਵਾਰ ਜਿਸ 'ਚ 2 ਭੈਣਾਂ, 1 ਭਰਾ, ਮਾਂ-ਬਾਪ, ਮੇਰੇ ਦਾਦਾ-ਦਾਦੀ, ਦਾਦੇ ਦੀਆਂ 2 ਭੈਣਾਂ ਤੇ ਹੋਰ ਪਿੰਡ ਵਾਸੀ ਕਈ ਦਿਨ ਭੁੱਖੇ ਪਿਆਸੇ ਰਹਿ ਕੇ ਬਚਦੇ ਬਚਾਉਂਦੇ ਕਿਸੇ ਤਰੀਕੇ ਡਸ਼ਕੇ ਕੈਂਪ ਵਿਖੇ ਪਹੁੰਚੇ। 9-10 ਦਿਨ ਕੈਂਪ 'ਚ ਹੀ ਰਹੇ। ਡਾ. ਰੂੜ ਸਿੰਘ ਵੱਡਾ ਹਸਪਤਾਲ ਸੀ, ਜਿਥੇ ਕੈਂਪ ਲੱਗਿਆ ਹੋਇਆ ਸੀ। ਹਜ਼ਾਰਾਂ ਹੀ ਲੋਕ ਸਨ ਕੈਂਪ 'ਚ-ਬੱਚੇ, ਬਜ਼ੁਰਗ, ਮਰਦ ਤੇ ਔਰਤਾਂ। ਡਸ਼ਕੇ ਕੈਂਪ ਨੇੜਲੇ ਮਜ਼ਬੀ ਈਸਾਈ ਮੁਸਲਮਾਨ ਭਾਈਚਾਰੇ ਦੇ ਲੋਕ ਪਿੰਡਾਂ 'ਚੋਂ ਕਣਕ 'ਕੱਠੀ ਕਰਕੇ ਆਪ ਆਟਾ ਪੀਸ ਕੇ ਕੈਂਪ 'ਚ ਦੇ ਜਾਂਦੇ ਸਨ ਅਤੇ ਫੌਜ ਵਾਲੇ ਜਹਾਜ਼ਾਂ ਰਾਹੀ ਖਾਣੇ ਦੇ ਪੈਕਟ ਸੁੱਟ ਜਾਂਦੇ ਸਨ। ਦਸਵੇਂ ਦਿਨ ਪਸ਼ਰੂਰ ਤੋਂ ਰੇਲਗੱਡੀ ਰਾਹੀ ਡੇਰਾ ਬਾਬਾ ਨਾਨਕ ਪਹੁੰਚ ਕੇ ਜਾਨ ਤੇ ਇੱਜ਼ਤ ਬਚ ਜਾਣ 'ਤੇ ਰੱਬ ਦਾ ਸ਼ੁਕਰਾਨਾ ਕੀਤਾ। ਅੰਮ੍ਰਿਤਸਰ ਤੇ ਡੇਰਾ ਬਾਬਾ ਨਾਨਕ 'ਚ ਰਫਿਊਜ਼ੀਆਂ ਲਈ ਲੰਗਰ ਲੱਗੇ ਹਏ ਸਨ। ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਲਈ ਰਫਿਊਜ਼ੀ ਸ਼ਬਦ ਅੱਜ ਵੀ ਵਰਤਿਆ ਜਾਂਦਾ ਹੈ, ਜਿਹੜਾ ਉਨ੍ਹਾਂ ਦੇ ਜ਼ਖ਼ਮਾਂ ਨੂੰ ਕੁਰੇਦਦਾ ਰਹਿੰਦਾ ਹੈ। ਕੁਝ ਦਿਨ ਕੈਂਪ 'ਚ ਰਹਿਣ ਤੋਂ ਬਾਅਦ ਉਹ ਸਾਰੇ ਵੱਖ ਹੋ ਗਏ। ਇਥੋਂ ਤੱਕ ਬਾਪੂ ਬੀਰ ਸਿੰਘ ਤੇ ਮੇਰੇ ਦਾਦੇ ਦਾ ਪਰਿਵਾਰ ਇਕੱਠਾ ਹੀ ਸੀ। ਮੇਰੇ ਦਾਦਾ-ਦਾਦੀ ਹੁਣ ਇਸ ਦੁਨੀਆਂ 'ਚ ਨਹੀਂ ਹਨ, ਇਸ ਲਈ ਇਥੋਂ ਉਨ੍ਹਾਂ ਨੇ ਕਿੱਧਰ ਨੂੰ ਚਾਲੇ ਪਾਏ, ਇਸ ਬਾਬਤ ਕੋਈ ਜਾਣਕਾਰੀ ਨਹੀਂ ਹੈ ਪਰ ਬੀਰ ਸਿੰਘ ਹੋਰੀਂ ਗੁਰਦਾਸਪੁਰ ਚਲੇ ਗਏ। ਫੇਰ ਭੁਲੱਥਾਂ ਨੇੜੇ ਕੁਝ ਦਿਨ ਰਹਿਣ ਤੋਂ ਬਾਅਦ ਖੱਸਣ ਪਿੰਡ ਦੇ ਉਜੜੇ ਹੋਏ ਖਾਲੀ ਮਕਾਨਾਂ 'ਤ ਰਹਿੰਦੇ ਰਹੇ। ਘਰ ਤਾਂ ਪਰਿਵਾਰਾਂ ਦੇ ਰਹਿੰਦਿਆਂ ਹੀ ਹੁੰਦੇ ਹਨ, ਖਾਲੀ ਉਜੜੀਆਂ ਹੋਈਆਂ ਕੰਧਾਂ ਤੇ ਛੱਤਾਂ ਮਕਾਨਾਂ ਦੀਆਂ ਹੀ ਹੋਇਆ ਕਰਦੀਆਂ ਹਨ। ਧਿਆਨੀ ਕੋਟ ਦੇ ਜ਼ਿਮੀਂਦਾਰਾਂ ਦੇ ਸਰਦੇ ਪੁੱਜਦੇ ਘਰ ਦੇ ਜਵਾਨ ਪੁੱਤ ਬੀਰ ਸਿੰਘ ਨੇ ਇੱਧਰ ਆ ਕੇ ਭਾਖੜਾ ਨਹਿਰ 'ਤੇ ਉਦੋਂ 2 ਰੁਪਏ ਦੇ ਹਿਸਾਬ ਨਾਲ ਦਿਹਾੜੀਆਂ ਵੀ ਕੀਤੀਆਂ।

ਅਮਰਬੀਰ ਸਿੰਘ ਚੀਮਾ
ਮਕਾਨ ਨੰ: 51, ਪੁਲਿਸ ਲਾਈਨ ਰੋਡ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211



ਪੰਜਾਬ ਮੇਲUSA

ਕੁਝ ਮਹੀਨਿਆਂ ਉਪਰੰਤ ਜ਼ਮੀਨ ਦਾ ਸਾਰਾ ਰਿਕਾਰਡ ਜਲੰਧਰ ਪਹੁੰਚ ਗਿਆ। ਉਥੇ ਪਾਕਿਸਤਾਨ 'ਚ ਛੱਡੀਆਂ ਜ਼ਮੀਨਾਂ ਦੇ ਸਰਕਾਰੀ ਭਾਅ ਬਦਲੇ ਇਧਰ ਜ਼ਮੀਨਾਂ ਅਲਾਟ ਹੋਣ ਲੱਗੀਆਂ, ਭਾਵ ਤਬਾਦਲੇ ਹੋਣ ਲੱਗੇ। ਉਧਰਲੀ ਜ਼ਮੀਨ ਉਪਜਾਊ ਤੇ ਮਹਿੰਗੀ ਸੀ, ਇਸ ਲਈ ਉਸ ਬਦਲੇ ਇਧਰ ਜ਼ਿਆਦਾ ਪਰ ਬੰਜ਼ਰ ਜ਼ਮੀਨ ਅਲਾਟ ਹੋਈ। ਇੱਧਰ ਭਾਰਤ ਵਾਲੇ ਪਾਸੇ ਪੰਜਾਬ ਦੇ ਸ਼ਹਿਰ ਸਰਹਿੰਦ, ਪਟਿਆਲੇ ਤੇ ਰਾਜਪੁਰੇ ਦੇ ਵਿਚਕਾਰ ਪੈਂਦੇ ਪਿੰਡ ਛਲੇੜੀ ਖੁਰਦ ਉਰਫ ਹਸਨਪੁਰ 'ਚ ਬਾਪੂ ਬੀਰ ਸਿੰਘ ਆਪਣੇ ਪਰਿਵਾਰ ਨਾਲ ਰੰਗੀ ਵੱਸਦਾ ਹੈ। ਸਾਡੇ ਬਜ਼ੁਰਗਾਂ ਨੂੰ ਵੀ ਛਲੇੜੀ ਖੁਰਦ ਵਿਖੇ ਹੀ ਜ਼ਮੀਨ ਅਲਾਟ ਹੋਈ ਸੀ, ਜਿਹੜਾ ਹੁਣ ਸਾਡਾ ਜੱਦੀ ਪਿੰਡ ਹੈ। ਬੰਜ਼ਰ ਜ਼ਮੀਨ ਨੂੰ ਬਜ਼ੁਰਗਾਂ ਨੇ ਆਪਣੀ ਹੱਡ-ਭੰਨਵੀਂ ਮਿਹਨਤ ਨਾਲ ਆਬਾਦ ਕੀਤਾ। ਮੇਰੇ ਪਿਤਾ ਪਰਮਜੀਤ ਸਿੰਘ ਚੀਮਾ ਦਾ ਜਨਮ ਤਾਂ ਹੱਲ੍ਹਿਆਂ ਤੋਂ ਬਾਅਦ ਪਿੰਡ ਧਾਰੀਵਾਲ ਬੇਟ ਜ਼ਿਲ੍ਹਾ ਕਪੂਰਥਲਾ ਵਿਚ ਹੋਇਆ ਸੀ। ਬਾਪੂ ਦੱਸਦਾ ਹੈ ਕਿ ਛਲੇੜੀ ਵੀ ਮੁਸਲਮਾਨਾਂ ਦਾ ਘੁੱਗ ਵੱਸਦਾ ਪਿੰਡ ਸੀ। ਹੱਲ੍ਹਿਆਂ 'ਚ ਇਥੇ ਵੀ ਸਾਰੇ ਪਿੰਡ ਨੂੰ ਅੱਗ ਲਾ ਦਿੱਤੀ ਸੀ ਤੇ ਘਰ ਉਜਾੜ ਬੀਆਬਾਨ ਪਏ ਸਨ ਪਰ ਸਿਆਲਕੋਟੀਆਂ ਜਾਂ ਰਫਿਊਜ਼ੀਆਂ ਨੇ ਆਪਣੀ ਮਿਹਨਤ ਨਾਲ ਇੱਕ ਤਰ੍ਹਾਂ ਜੰਗਲ 'ਚ ਮੰਗਲ ਵਾਲੀ ਕਹਾਵਤ ਸੱਚ ਕਰ ਦਿਖਾਈ। ਬਾਪੂ ਨੂੰ ਉਸ ਦੇ ਧਿਆਨੀਕੋਟ ਵਿਚਲੇ ਘਰ, ਉਥੋਂ ਦੇ ਖੇਤ ਖਲਿਆਣ, ਮਿੱਟੀ, ਪਿੰਡ, ਗਲੀਆਂ ਵੇਖਣ ਦੀ ਇੱਛਾ ਬਾਰੇ ਪੁੱਛਣ 'ਤੇ ਉਹ ਹੌਕਾ ਲੈ ਕੇ ਕਹਿੰਦੈ ਕਿ ਆਪਣੀ ਜਨਮ ਭੋਇੰ ਦੇਖਣ ਨੂੰ ਕੀਹਦਾ ਚਿੱਤ ਨਹੀਂ ਕਰਦਾ, ਪਰ ਬੁਢਾਪੇ 'ਚ ਉਹ ਅਨਪੜ੍ਹ ਇਕੱਲਾ ਕਿਵੇਂ ਉਥੇ ਜਾ ਸਕਦਾ ਹੈ। ਉਸਦੇ ਦਿਲ 'ਚ ਆਪਣਾ ਪਿੰਡ ਦੇਖਣ ਦੀ ਟੀਸ 7 ਦਹਾਕਿਆਂ ਬਾਅਦ ਵੀ ਮੱਠੀ ਨਹੀਂ ਪਈ। ਉਸ ਸਮੇਂ ਦੇ ਸਵਾਰਥੀ ਨੇਤਾਵਾਂ ਤੇ ਅੰਗਰੇਜ਼ਾਂ ਨੇ ਮੁਲਖ ਦੇ 2 ਟੁਕੜੇ ਤਾਂ ਕਰ ਦਿੱਤੇ ਪਰ ਉਹ ਬੀਰ ਸਿੰਘ ਵਰਗੇ ਹਜ਼ਾਰਾਂ ਹੋਰ ਬਜੁਰਗਾਂ ਦੇ ਦਿਲਾਂ 'ਤੇ ਸਰਹੱਦਾਂ ਦੀ ਲੀਕ ਨਾ ਵਾਹ ਸਕੇ। ਪ੍ਰਮਾਤਮਾ ਅੱਗੇ ਦੁਆ ਹੈ ਕਿ ਬੀਰ ਸਿੰਘ ਦੇ ਜਿਊਂਦੇ ਜੀਅ ਕੋਈ ਏਦਾਂ ਦਾ ਸਬੱਬ ਬਣੇ ਕਿ ਉਹ ਇੱਕ ਵਾਰ ਆਪਣੀ ਜਨਮ ਭੋਇੰ ਦੀ ਮਿੱਟੀ ਨੂੰ ਚੁੰਮ ਕੇ ਆਪਣੇ ਮੱਥੇ ਨਾਲ ਜਰੂਰ ਲਾ ਸਕੇ......ਬਸ।

## "ਪੋਹ ਰਿੰਨ੍ਹੇ ਮਾਘ ਖਾਧੇ"

ਪੋਹ ਰਿੰਨ੍ਹਿਆਂ ਤੇ ਖਾਧਾ ਮਾਘ
ਸਰ੍ਹੋਂ ਦਾ ਅਸੀਂ ਬਣਾਇਆ ਸਾਗ
ਬੇਬੇ ਗੰਦਲਾਂ ਤੋੜ ਕੇ ਲਿਆਈ
ਵਾਥੂ ਪਾਲਕ ਮੇਥੇ ਆਦਿ
ਦੁੱਧ ਰਿੜਕ ਕੇ ਮੱਖਣ ਕੱਢਿਆ
ਲੱਸੀ ਦਾ ਵੀ ਅਲੱਗ ਸੁਆਦ
ਮੱਕੀ ਦੀ ਰੋਟੀ ਨਾਲ ਖਾਧਾ
ਖੀਰੇ ਮੂਲੀਆਂ ਨਾਲ਼ ਸਲਾਦ
ਕਰਮਾਂ ਵਾਲੀ ਲੋਹੜੀ ਆਈ
ਮਾਘ ਮੱਜਨ ਦਾ ਹੋਇਆ ਆਗਾਜ਼
ਕੇਸੀ ਇਸ਼ਨਾਨ ਅੱਜ ਸਭ ਨੇ ਕੀਤਾ
ਚੱਲਿਆ ਧੁਰ ਤੋਂ ਇਹ ਰਿਵਾਜ਼
ਵਾਲ਼ ਸੋਨੇ ਦੇ ਕਰਨੇ ਕਹਿੰਦੇ
ਨਹਾਉਣ ਜਾਂਦੇ ਨੇ ਕਈ ਪ੍ਰਯਾਗ
ਮੁਕਤਸਰ ਮਾਘੀ ਮੇਲਾ ਲਗਦਾ
ਚਾਲੀ ਮੁਕਤਿਆਂ ਦੀ ਇਹ ਯਾਦ
ਦਸ਼ਮੇਸ਼ ਪਿਤਾ ਨੇ ਟੁੱਟੀ ਗੰਢੀ
ਪਾੜ ਬੇਦਾਵਾ ਰੱਖ ਲਈ ਲਾਜ
ਗੁਰੂ ਘਰੇ ਸੰਗਰਾਂਦ ਮਨਾਈ
ਰਾਗੀ ਸਿੰਘ ਆਲਾਪੇ ਰਾਗ
ਬਾਰਾਂ ਮਾਹਾਂ ਦਾ ਪਾਠ ਹੈ ਹੋਇਆ
ਜਿਨ੍ਹਾਂ ਸੁਣਿਆ ਵੱਡੇ ਭਾਗ
ਗਿੱਲ ਮਲਕੀਤ ਉੱਦਮ ਕਰ ਤੂੰ ਵੀ
ਅੰਮ੍ਰਿਤ ਵੇਲੇ ਸੁੱਤਾ ਜਾਗ।

-ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943



ਪੰਜਾਬ ਮੇਲUSA

## ਸਿੱਖ ਵੱਖਰਾ ਦਿੱਸਣਾ ਚਾਹੀਦਾ

ਮਹਿਕ, ਰੰਗ ਲਈ ਬਾਗ 'ਚ ਵੱਖਰਾ ਲੱਗੇ ਫੁੱਲ ਗੁਲਾਬ ਦਾ।
ਗੁਰੂ ਦਾ ਪਿਆਰਾ ਸਿੱਖ ਤਾਂ ਪੂਰਾ ਵੱਖਰਾ ਦਿੱਸਣਾ ਚਾਹੀਦਾ।

ਸਬਰ ਸਿੱਖ ਦੀ ਤਾਕਤ, ਸਹਿਜ 'ਚ ਰੰਗ ਰਹਿਣਾ।
ਸੰਜਮ ਦਾ ਹੈ ਤੇਜ਼, ਗੁਰ ਸ਼ਬਦ ਉਸ ਦਾ ਗਹਿਣਾ।

ਫਿਰ ਕੀ ਹੈ ਮਸਲਾ ਭਟਕਣ ਕਿਉਂ ਹੈ, ਹੈ ਰੌਲਾ ਕਿਉਂ ?
ਆਪੋ ਆਪਣੇ ਬੁੰਗਿਆਂ ਦਾ ਇਹ ਘੋਲ ਮਚੋਲਾ ਕਿਉਂ ?

ਸਾਰੇ ਹੀ ਕਹਿੰਦੇ ਪੰਥ ਲਈ ਪਰ ਸੁਰ ਨਹੀਂ ਮਿਲਦੇ।
ਰਾਖੀ ਕਰਨ ਵਾਲਿਆਂ ਤੋਂ ਹੀ ਡਰ ਬਣੇ ਰਹਿੰਦੇ।

ਅਨਮੋਲ ਸ਼ਹੀਦੀਆਂ ਦੇ ਵਾਰਿਸ ਅੱਜ ਬੋਲ ਬਹਾਦਰ।
ਕਿਵੇਂ ਕਰੇ ਕੋਈ ਆਸ ਜਿਨ੍ਹਾਂ ਦੀ ਆਪ ਹੀ ਮੈਲੀ ਚਾਦਰ।

ਸ਼ਬਦ ਛੱਡ ਲੱਭਣ ਗੁਰੂ ਅੱਜ ਸੂਰਤ, ਮੂਰਤ ਦੇ ਅੰਦਰ।
ਕਿਰਤ ਕਮਾਈ ਨਹੀਂ, ਸੁਪਨ ਵਿਚ ਬਸ ਕੌਤਕ ਦੇ ਮੰਜਰ।

ਮਨ ਦੀ ਸਿੱਧੀ ਨਹੀਂ ਮੰਨਤ ਬਣ ਗਈ ਕਿਉਂ ਸਿੱਖੀ ?
ਕਿੱਥੇ ਗਏ ਪਿਆਰੇ ਜਿਨ ਧਾਰੀ ਇਹ ਖੰਨਿਉਂ ਤਿੱਖੀ ?

ਸਿਰ ਉੱਚਾ ਕਰ ਰਹੇ ਸਾਰੇ, ਸਿਰ ਤਲੀ 'ਤੇ ਕਿਸ ਦਾ ਹੈ ?
ਸਾਰੇ ਬਣ ਹਣ ਗਏ ਮਾਲਿਕ, ਗੁਰੂ ਨਾਨਕ ਕਿਸ ਦਾ ਹੈ ?

ਉਹੀ ਰੰਗ, ਉਹੀ ਰਸ ਹੈ ਜੋ ਸਭ ਵਿਚ ਦਿੱਸੇ ਝੱਲਕਦਾ।
ਗੁਰੂ ਦਾ ਪਿਆਰਾ ਸਿੱਖ ਤਾਂ ਪੂਰਾ ਵੱਖਰਾ ਦਿੱਸਣਾ ਚਾਹੀਦਾ।

ਡਾ. ਸਤਿੰਦਰ ਪਾਲ ਸਿੰਘ
ਈ 1716, ਰਾਜਾਜੀਪੁਰਮ
ਲਖਨਉ -226017
ਈ ਮੇਲ - akaalpurkh.7@gmail.com



ਪੰਜਾਬ ਮੇਲUSA



## ਧੀ ਤੇ ਮਾਪੇ

**ਧੀ**
ਕੈਨੇਡਾ ਦੇ ਦੂਰ ਨੇ ਪੈਂਡੇ, ਵਤਨਾਂ ਤੋਂ ਦੂਰ ਨੇ ਪੈਂਡੇ
ਸੌਖਾ ਹੁਣ ਮਿਲਣਾ ਨਹੀਂ, ਪਰਤਣ ਨੂੰ ਲੱਗਣੇ ਕਈ ਸਾਲ
ਬਾਬਲਾ, ਮੰਦਾ 'ਕੱਲੀ ਦਾ ਮੇਰਾ ਹਾਲ, ਅੰਮੀਏ ਮੰਦਾ ਇਥੇ 'ਕੱਲੀ ਦਾ ਏ ਹਾਲ
**ਮਾਪੇ**
ਧੀਏ ਤੂੰ ਹੱਸਦੀ ਰਹਿ ਨੀ, ਰੰਗੀਂ ਸਦਾ ਵੱਸਦੀ ਰਹਿ ਨੀ,
ਪੱਗ ਦੀ ਲਾਜ ਤੂੰ ਰੱਖੀਂ, ਬਣੀ ਸਦਾ ਰਹੀਂ ਸਾਡੀ ਢਾਲ
ਸਾਡਾ ਵੀ ਇਹੋ ਇਥੇ ਹਾਲ, ਧੀ ਰਾਣੀਏ, ਸਾਡਾ ਵੀ ਇਹੋ ਇਥੇ ਹਾਲ
**ਧੀ**
ਕਿੱਦਾਂ ਮੇਰੇ ਗੁੱਡੀਆਂ-ਪਟੋਲੇ, ਕਿੱਦਾਂ ਨੇ ਸੰਗੀ ਗਰਾਂ ਦੇ
ਹਰ ਸ਼ੌਕ ਪੁਗਾ ਦਊਂਗੀ ਮੈਂ, ਬਾਬਲ ਤੇ ਮੇਰੀ ਮਾਂ ਦੇ
ਚੰਗੇ ਦਿਨ ਪਰਤਨਗੇ, ਵਕਤ ਦੀ ਪੁੱਠੀ ਹਾਲੇ ਚਾਲ
ਬਾਬਲਾ, ਮੰਦਾ 'ਕੱਲੀ ਦਾ ਮੇਰਾ ਹਾਲ, ਅੰਮੀਏ, ਮੰਦਾ ਇਥੇ 'ਕੱਲੀ ਦਾ ਏ ਹਾਲ
**ਮਾਪੇ**
ਕਮਰਾ ਵੱਢ ਖਾਣ ਨੂੰ ਆਉਂਦਾ, ਜਿਥੇ ਤੂੰ ਪੜ੍ਹਦੀ ਹੁੰਦੀ ਸੀ
ਨਿੱਤ ਦਿਨ ਤੂੰ ਝੂਠੀ-ਮੂਠੀ, ਸਾਡੇ ਨਾਲ ਲੜਦੀ ਹੁੰਦੀ ਸੀ
ਵੱਸ ਜੇ ਸਾਡਾ ਚੱਲਦਾ ਹੁੰਦਾ, ਟੱਪਦੇ ਸਮੁੰਦਰ ਮਾਰ ਛਾਲ
ਧੀ ਰਾਣੀਏ, ਸਾਡਾ ਵੀ ਇਹੋ ਇਥੇ ਹਾਲ, ਸਾਡਾ ਵੀ ਇਹੋ ਇਥੇ ਹਾਲ
**ਧੀ**
ਫਿਕਰ ਤੁਸੀਂ ਕਰੋ ਨਾ ਭੋਰਾ, ਇੱਕ ਦਿਨ ਚੁੱਕ ਦਊਂ ਗਰੀਬੀ
ਰੰਗ ਹਾਲੇ ਨਿੱਤ ਬਦਲਦੇ, ਸਭ ਰਿਸ਼ਤੇਦਾਰ ਕਰੀਬੀ
ਪੜ੍ਹਨੈ ਤੇ ਕੰਮ ਵੀ ਕਰਨੈ, ਬਰਫਾਂ 'ਚ ਰਹਿੰਦੇ ਹੱਥ ਲਾਲ
ਬਾਬਲਾ, ਮੰਦਾ 'ਕੱਲੀ ਦਾ ਮੇਰਾ ਹਾਲ, ਅੰਮੀਏ, ਮੰਦਾ ਇਥੇ 'ਕੱਲੀ ਦਾ ਏ ਹਾਲ
**ਮਾਪੇ**
ਮਾਂ ਤੇ ਦਾਦੀ ਰਲ ਦੋਵੇਂ, ਕੋਟੀ ਤੇਰੀ ਬੁਣਦੀਆਂ ਰਹਿੰਦੀਆਂ
ਤਰੀਕ ਤੇਰੀ ਪੀ.ਆਰ. ਦੀ, ਕਲੰਡਰ 'ਤੇ ਖੁਣਦੀਆਂ ਰਹਿੰਦੀਆਂ
ਹਰ ਦਿਨ ਉਡੀਕਣ ਤੈਨੂੰ, ਭਰੀਆਂ ਹੋਈਆਂ ਅੱਖੀਆਂ ਦੇ ਨਾਲ
ਧੀ ਰਾਣੀਏ, ਸਾਡਾ ਵੀ ਇਹੋ ਇਥੇ ਹਾਲ, ਸਾਡਾ ਵੀ ਇਹੋ ਇਥੇ ਹਾਲ



-ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA

## ਦਿਨ ਲੋਹੜੀ ਦਾ

ਫਿਰ ਆਇਆ ਦਿਨ ਲੋਹੜੀ ਦਾ।
ਸ਼ਗਨ ਹੈ ਗੁੜ ਦੀ ਰੋੜੀ ਦਾ।

'ਕੱਠੇ ਹੋ ਕੇ ਬੈਠਾਂਗੇ, ਧੂਣੀ ਦੀ ਅੱਗ ਸੇਕਾਂਗੇ।
ਨਿੱਘ ਸਾਨੂੰ ਵੀ ਲੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਬੱਚੇ ਟੋਲੀਆਂ ਵਿਚ ਆਏ, ਪਾਥੀਆਂ ਮੰਗ ਕੇ ਲੈ ਆਏ।
ਥੋੜ੍ਹਾ-ਥੋੜ੍ਹਾ ਜੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਸਾਲ ਹੈ ਮੇਲਾ ਹੈ ਪਹਿਲਾ, ਗੱਜਕ ਦਾ ਭਰਿਆ ਥੈਲਾ।
ਮੂੰਗਫਲੀਆਂ ਨੂੰ ਤੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਨੱਚੀਏ ਤੇ ਭੰਗੜੇ ਪਾਈਏ, ਰਲ਼ 'ਰੂਹੀ' ਨਾਲ਼ ਸਭ ਗਾਈਏ।
'ਕੱਲਿਆਂ ਕਿਸੇ ਨਹੀਂ ਛੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਸਾਡੇ ਮੇਲੇ ਤੇ ਤਿਉਹਾਰ, ਖੇੜਿਆਂ ਦੀ ਮਹਿਕੇ ਗੁਲਜ਼ਾਰ।
ਸੁੱਤਿਆਂ ਨੂੰ ਝੰਜੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਆਓ ਸਾਰੇ ਪ੍ਰਣ ਕਰੀਏ, ਦੁਖ-ਸੋਗ ਸਭ ਦੇ ਹਰੀਏ।
ਖਾਲੀ ਕੋਈ ਨਹੀਂ ਮੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।



-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015
ਪੰਜਾਬ ਮੇਲ USA

## ਲੋਹੜੀ ਆਈ

ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।
ਸਰਦੀ ਨੇ ਸੀ ਜੋ ਸਿਤਮ ਢਾਹਿਆ
ਮੌਸਮ ਨੇ ਲੈ ਲੈਣੀ ਅੰਗੜਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।

ਬੱਚੇ, ਬੁੱਢੇ ਅਤੇ ਜਵਾਨ
ਲੋਹੜੀ ਮੰਗਣ ਘਰ ਘਰ ਜਾਣ
ਬੋਲੀਆਂ ਪਾ ਪਾ ਰੌਣਕ ਲਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।

ਮੂੰਗਫ਼ਲੀ ਗੱਚਕ ਅਤੇ ਰਿਓੜੀ
ਸ਼ਾਲਾ! ਜੀਵੇ ਹਰ ਇਕ ਜੋੜੀ
ਹਰ ਘਰ ਦੇ ਵਿੱਚ ਬਰਕਤ ਪਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।

ਧੀਆਂ ਪੁੱਤਰਾਂ ਦੇ ਵਿੱਚ ਫਰਕ ਨਾ ਕੋਈ
ਇਹ ਗੱਲ ਸਮਝੇ ਕੁੱਲ ਲੋਕਾਈ
ਧਰਮਿੰਦਰ ਨੇ ਹੈ ਆਸ ਲਗਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।



ਧਰਮਿੰਦਰ ਸਿੰਘ,
ਮੰਨਵੀ (ਮਲੇਰਕੋਟਲਾ)
ਮੋਬ : 95928-02122
ਪੰਜਾਬ ਮੇਲ USA

## ਜ਼ਿੰਦਾ ਲਾਸ਼ਾਂ

ਅਕਸਰ ਦਿਖਾਈ ਦਿੰਦੇ ਨੇ,
ਚਿਹਰੇ ਕੁੱਝ ਉਦਾਸ ਜਿਹੇ,
ਗੁਆਚੇ ਹੋਏ ਇਸ ਦੁਨੀਆਂ ਵਿਚ,
ਹਰ ਤਰਫੋਂ ਹੋਏ ਹਤਾਸ਼ ਜਿਹੇ।

ਚੱਲ ਰਹੇ ਨੇ ਇਸ ਤਰ੍ਹਾਂ,
ਜਿਵੇਂ ਕੋਈ ਵੀ ਮੰਜ਼ਿਲ ਨਾ ਹੋਵੇ,
ਦਿਸ਼ਾ ਹੀਣ ਅਣਜਾਣੇ ਪਾਂਧੀ,
ਇੱਕ ਤੁਰਦੀ ਫਿਰਦੀ ਲਾਸ਼ ਜਿਹੇ।

ਨਜ਼ਰਾਂ ਨੇ ਸੱਧਰਾਂ ਤੋਂ ਖਾਲੀ,
ਜੇਬਾਂ ਨੇ ਛੇਕਾਂ ਦੀਆਂ ਭਰੀਆਂ,
ਲੜਖੜਾਂਦੀਆਂ ਲੱਤਾਂ ਕਮਜ਼ੋਰ,
ਹੱਥ ਮਲਦੇ ਪਸ਼ਚਾਤਾਪ ਜਿਹੇ।

ਪਿਆਰ ਦੀ ਬਾਜ਼ੀ ਹਾਰੇ ਹੋਏ,
ਆਪਣਿਆਂ ਤੋਂ ਦੁਰਕਾਰੇ ਹੋਏ,
ਗਹਿਮਾ ਗਹਿਮੀ ਦੁਨੀਆਂ ਵਿਚ,
ਸੁੰਨਸਾਨ ਉੱਜੜੇ ਜੰਗਲਾਤ ਜਿਹੇ।

ਤਲਬ ਹੈ ਜ਼ਿੰਦਗੀ ਲੱਭਣ ਦੀ,
ਕਿਸੇ ਪਾਸੇ, ਕੰਢੇ ਲੱਗਣ ਦੀ,
ਸੁੱਕਦੇ ਭਰ ਦਰਿਆਵਾਂ ਵਿਚ,
ਤਿਣਕੇ ਦੀ ਤਲਾਸ਼ ਜਿਹੇ।

ਖਲਾਅ ਵਿਚ ਨਜ਼ਰ ਟਿਕੀ ਹੋਈ,
ਜ਼ਮੀਰ ਮੂਲੋਂ ਹੀ ਮਰੀ ਹੋਈ,
ਬੇਰੋਕ ਹੀ ਕੋਸੇ ਹੰਝੂਆਂ ਦੀ,
ਬੇ ਮੌਸਮੀ ਬਰਸਾਤ ਜਿਹੇ।

ਸੁੰਨੀਆਂ ਥਾਵਾਂ ਦੇ ਵਾਸੀ,
ਸ਼ਿੰਗਾਰ ਨੇ ਕਈ ਚੌਰਾਹਿਆਂ ਦੇ,
ਕੋਝੀਆਂ ਨਜ਼ਰਾਂ ਤੋਂ ਬਚਦੇ,
ਤਰਸਦੀ ਹੋਈ ਮੁਲਾਕਾਤ ਜਿਹੇ।

ਧਰਤੀ 'ਤੇ ਨਰਕ ਹੰਢਾਉਂਦੇ ਹੋਏ,
ਹਵਾਈ ਮਹਿਲ ਬਣਾਉਂਦੇ ਹੋਏ,
ਦੜ ਵੱਟ ਜ਼ਮਾਨਾ ਕੱਟਦੇ ਹੋਏ,
ਭਲੇ ਦਿਨਾਂ ਦੀ ਆਸ ਜਿਹੇ।

ਅਕਸਰ ਦਿਖਾਈ ਦਿੰਦੇ ਨੇ,
ਚਿਹਰੇ ਕੁੱਝ ਉਦਾਸ ਜਿਹੇ,
ਗੁਆਚੇ ਹੋਏ ਇਸ ਦੁਨੀਆਂ ਵਿਚ,
ਹਰ ਤਰਫੋਂ ਹੋਏ ਹਤਾਸ਼ ਜਿਹੇ।



-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.
ਪੰਜਾਬ ਮੇਲ USA

## ਲੋਹੜੀਆਂ

ਥੱਕੇ ਨ ਤੁਸੀਂ ਓਏ ਪੰਜਾਬੀਓ,
ਪੁੱਤਾਂ ਦੀਆਂ ਪਾ ਕੇ ਲੋਹੜੀਆਂ।
ਕੁੱਖਾਂ ਵਿਚ ਮਾਰ ਮਾਰ ਧੀਆਂ,
ਦੇਖੋ ਹੁਣ ਕੀਤੀਆਂ ਨੇ ਥੋੜ੍ਹੀਆਂ।
ਕਿਸੇ ਵੰਡੇ ਗੁੜ੍ਹ ਕਿਤੇ ਲੱਡੂ,
ਕਿਧਰੇ ਮੂੰਗਫ਼ਲੀ ਰਿਉੜੀਆਂ।
ਵੰਡੀਆਂ ਸੀ ਬਰਫ਼ੀਆਂ ਕਿਤੇ,
ਰੱਬ ਬਣਾਈਆਂ ਜਿੱਥੇ ਜੋੜੀਆਂ।

ਮੱਥੇ ਫੱਟਾ ਕੁੜੀ ਮਾਰਾਂ ਵਾਲ਼ਾ,
ਲੱਗਾ ਹੈ ਸਾਰਾ ਜੱਗ ਜਾਣਦਾ।
ਨਸ਼ਿਆਂ ਅੱਜ ਪੱਟ 'ਤੇ ਪੁੱਤ,
ਘਾਣ ਹੋਇਆ ਪਿਆ ਤਾਣ ਦਾ।
ਬੁੱਧ ਸੁੱਧ ਜੀਉਣ ਦੀ ਨੇ ਭੁੱਲੇ,
ਨ ਰਿਹਾ ਹੈ ਸਮੇਂ ਦੇ ਹਾਣ ਦਾ।
ਨਤੀਜੇ ਅਸਾਂਵੇਪਨ ਦਾ ਇਹ,
ਜੁਰਮ ਨੂੰ ਲੱਗੇ ਤਿੱਖੇ ਸਾਣ ਦਾ।

ਬਹੁਤ ਕੁੱਝ ਭੁਗਤ ਲਿਆ ਹੈ,
ਚੱਲੋ ਅਤੀਤ ਨੂੰ ਮੁੜ ਆਈਏ।
ਸਿੱਖਿਆ ਲੈ ਬਾਬੇ ਨਾਨਕ ਤੋਂ,
ਜੱਗ ਜਣਨੀ ਨੂੰ ਵਡਿਆਈਏ।
ਜੰਮਦੀ ਜੋ ਗੁਰ-ਪੀਰ ਸੂਰਮੇ,
ਉਹ ਜੰਮੇ ਤਾਂ ਖੁਸ਼ੀ ਮਨਾਈਏ।
ਪੁੱਤਾਂ ਵਾਂਗੂੰ ਕਰੀਏ ਪਿਆਰ,
ਰਲਮਿਲ ਲੋਹੜੀਆਂ ਪਾਈਏ।

ਪੁੱਤਰ ਪੜ੍ਹੇ ਤਾਂ ਪੜ੍ਹੇ ਇਕੱਲਾ,
ਧੀ ਪੜ੍ਹਾਈਏ ਪੂਰਾ ਪਰਿਵਾਰ।
ਕੁਨਬਾ ਸਾਰਾ ਪਾਰ ਉਤਾਰੇ,
ਸੁਖੀ ਵਸੇ ਫਿਰ ਕੁੱਲ ਸੰਸਾਰ।
ਪਾਲਣ ਪੋਸ਼ਣ ਹੋਏ ਬਰਾਬਰ,
ਕੋਈ ਫਰਕ ਨ ਹੋਏ ਵਿਚਕਾਰ।
ਜੋੜ ਮੋਢੇ ਨਾਲ਼ ਮੋਢਾ ਵਿਚਰੇ,
ਇੰਝ ਭਰ ਦੇਵੇ ਧਨ ਦੇ ਭੰਡਾਰ।



-ਸੇਵਾ ਸਿੰਘ ਨੂਰਪੁਰੀ
ਪੰਜਾਬ ਮੇਲ USA

## ਸਾਹਿਬ-ਏ-ਕਮਾਲ

ਧੰਨ ਮੇਰੇ ਸਤਿਗੁਰੂ ਪਾਤਸ਼ਾਹ ਦਾ ਰੂਪ ਸੁਹਾਵਾ
ਧੰਨ ਚੋਜੀ ਪ੍ਰੀਤਮ ਜੀ ਧੰਨ ਸਾਹਿਬ ਏ ਕਮਾਲ।
ਧੰਨ ਧੰਨ ਬਾਦਸ਼ਾਹ ਦਰਵੇਸ਼ ਜੀ ਦੀ ਸਾਜੀ ਬਾਣੀ
ਵੈਰੀਆਂ ਦੀ ਅਲਖ ਮੁਕਾਈ ਧੰਨ ਤੇਗ ਦਾ ਜਲਾਲ॥
ਧੰਨ ਗੁਰੂ ਗੋਬਿੰਦ ਸਿੰਘ ਜੀ ਕਾਮਿਲਿ-ਲ-ਅਖ਼ਲਾਕ
ਤੁਰਕ ਰਾਜ ਦੀ ਜੜ੍ਹ ਪੁੱਟੀ ਕੀਤਾ ਸੁਪਰਦੇ ਖ਼ਾਕ।
ਧੰਨ ਧੰਨ ਅਕਾਲ ਰੂਪ ਪੁਰਖ ਨੂਰ-ਏ-ਇਲਾਹੀ
ਧੰਨ ਕਾਲ ਦਾ ਗਿਆਤਾ ਧੰਨ ਧੰਨ ਸੰਤ-ਸਿਪਾਹੀ॥
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਪ੍ਰਗਟਿਓ ਮਰਦ ਅਗੰਬੜਾ ਵਰਿਆਮ ਅਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥
ਧੰਨ ਧੰਨ ਸ਼ਸਤ੍ਰਨ ਦੀ ਮਹਿਮਾ ਧੰਨ ਪੰਥ ਨਿਆਰਾ
ਬਾਣੀ ਬਾਣੇ ਦੇ ਧਾਰਨੀ ਅਲੌਕਿਕ ਰੂਪ ਨਿਆਰਾ॥
ਧੰਨ ਇਲਾਹੀ ਦਰਵੇਸ਼ ਧੰਨ ਨੀਲੇ ਘੋੜੇ ਦਾ ਸ਼ਾਹਸਵਾਰ
ਧੰਨ ਰਹਿਬਰ-ਏ-ਬਹਿਮੰਡ ਧੰਨ ਧੰਨ ਚੰਡੀ ਦੀ ਵਾਰ।
ਧੰਨ ਕਲਗੀਆਂ ਵਾਲਾ ਧੰਨ ਬਾਜ਼ਾਂ ਵਾਲੇ ਦਾ ਬੋਲਾਂ
ਧੰਨ ਭਗੌਤੀ ਧੰਨ ਕਾਲਕਾ ਸਨਮੁੱਖ ਨਾ ਕੋਈ ਰੌਲਾ॥
ਧੰਨ ਮੁਰਸ਼ਦ ਅਸੀਮ ਬਲਵਾਨ ਦਿਲਾਂ ਦੀਆਂ ਜਾਣਦਾ
ਚਹੁ ਤਖ਼ਤ ਦੇ ਰਾਜਨ ਸੀਸ ਪੁਰ ਕਾਲ ਛੱਤਰ ਤਾਣਦਾ।
ਧੰਨ ਖ਼ੁਦਾ ਬਖ਼ਸ਼ਣਹਾਰ ਪੰਡਿਤਾਂ ਦਾ ਦੁੱਖ ਨਾ ਸਹਾਰਿਆ
ਧੰਨ ਮਹਾਂਬਲੀ ਸੂਰਾ ਪੰਥ ਸਾਜ ਪਰਿਵਾਰ ਵਾਰਿਆਂ॥
ਜਰ, ਜ਼ੋਰੂ ਤੇ ਜ਼ਮੀਨ ਖਾਤਿਰ ਨਾ ਦਾਤੇ ਲੜੀਆਂ ਲੜ੍ਹਾਈਆਂ
ਧੰਨ ਪੈਗੰਬਰ ਮਜ਼ਲੂਮਾਂ ਦੀ ਰੱਖਿਆ ਕੀਤੀਆਂ ਚੜ੍ਹਾਈਆਂ।
ਧੰਨ ਮਹਾਨ ਸੈਨਾਨੀ ਕਕਾਰ ਬਖ਼ਸ਼ ਖ਼ਾਲਸਾ ਸਜਾਇਆ
ਰੱਚ ਜ਼ਫ਼ਰਨਾਮਾ ਔਰਗਜ਼ੇਬ ਜਹੁਨੰਮ ਪਹੁੰਚਾਇਆ॥
ਧੰਨ ਦੁਸ਼ਟ ਦਮਨ ਧੰਨ ਨੀਤੀਵਾਨ ਸ਼ਕਤੀਮਾਨ
ਧੰਨ ਉੱਚ ਕੋਟੀ ਲੇਖਣੀ ਰਚਿਆ ਸ੍ਰੀ ਜਾਪੁ ਸਾਹਿਬ ਮਹਾਨ।
ਧੰਨ ਸਾਹਿਬ-ਏ-ਇਲਮ ਦਾਰਸ਼ਨਿਕ ਯੋਧੇ ਮਹਾਨ
ਧੰਨ ਸਾਹਿਬ-ਏ-ਇਨਾਇਤ ਧੰਨ ਧੰਨ ਸਾਹਿਬ-ਏ-ਨਿਸ਼ਾਨ॥
ਧੰਨ ਸਾਹਿਬ-ਏ-ਹਿਕਮਤ ਧੰਨ ਸਾਹਿਬ ਤੇਰੀ ਸਚਿਆਈ
ਧੰਨ ਸਾਹਿਬ-ਏ-ਵਫ਼ਾ ਧੰਨ ਸਾਹਿਬ ਤੇਰੀ ਵਡਿਆਈ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਧੰਨ ਤੇਰੀ ਰਹਿਮਤਾਈ
ਨਿਮਾਣੇ ਸੁਰਿੰਦਰ ਅੱਖਰ ਸਜੋਂ ਕਵਿਤਾ ਵਿਚ ਮਹਿਮਾ ਗਾਈ॥



ਡਾ. ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲ USA

PUNJAB MAIL USA

TV Channel, Newspaper, Radio




24 Hours 7 Days

All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

+1-916-320-9444



FOR SALE & PURCHASE OF ANY KIND OF PROPERTY



RE/MAX

RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa

REALTOR CA DRE licence # 01490567

916-320-9444